ਐਮ. ਏ. (ਪੰਜਾਬੀ) ਭਾਗ ਪਹਿਲਾ ਕੋਰ ਕੋਰਸ : ਪਹਿਲਾ
(ਸਮੈਸਟਰ ਪਹਿਲਾ) (ਪੰਜਾਬੀ ਸਾਹਿਤ ਦਾ ਇਤਿਹਾਸ)

ਯੂਨਿਟ ਨੰ: 2

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਸਭ ਹੱਕ ਰਾਖਵੇਂ ਹਨ)

*ਭਾਗ–'ਅ'*


ਪਾਠ ਨੰ :

ਅ–1 2.1 : ਮੱਧਕਾਲੀਨ ਪੰਜਾਬੀ ਸਾਹਿਤ : ਸਭਿਆਚਾਰਕ ਤੇ ਰਾਜਸੀ ਪਰਿਪੇਖ

2.2 : (ੳ) ਮੱਧਕਾਲੀਨ ਪੰਜਾਬੀ ਸਾਹਿਤ ਦੇ ਸਾਂਝੇ ਲੱਛਣ ਅਤੇ ਝੁਕਾਅ

(ਅ) ਮੱਧਕਾਲੀਨ ਸਾਹਿਤ ਦਾ ਸਮੁੱਚਾ ਯੋਗਦਾਨ

ਅ–2 2.3 : ਗੁਰਮਤਿ–ਕਾਵਿ

2.4 : ਪੰਜਾਬੀ ਸੂਫ਼ੀ–ਕਾਵਿ

2.5 : ਕਿੱਸਾ–ਕਾਵਿ

2.6 : ਬੀਰ–ਕਾਵਿ ਅਤੇ ਵਾਰਤਕ

2.7 : ਭਗਤੀ–ਕਾਵਿ ਤੇ ਹੋਰ ਸਾਹਿਤ

2.8 : ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ, ਸਭਿਆਚਾਰਕ ਅਤੇ ਇਤਿਹਾਸਕ ਪਰਿਪੇਖ

2.9 : ਸੰਖੇਪ ਪ੍ਰਸ਼ਨ–ਉੱਤਰ


ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ www.dccpbi.com ਤੋਂ ਡਾਊਨਲੋਡ ਕਰਨ।

ਪਾਠ ਨੰ: 2.1 – ਪ੍ਰੋ. ਬ੍ਰਹਮਜਗਦੀਸ਼ ਸਿੰਘ

# ਮੱਧਕਾਲੀਨ ਪੰਜਾਬੀ ਸਾਹਿੱਤ
# (ਸਭਿਆਚਾਰਕ ਤੇ ਰਾਜਸੀ ਪਰਿਪੇਖ)

## 2.1.1 ਭੂਮਿਕਾ

ਮੱਧਕਾਲੀਨ ਪੰਜਾਬੀ ਸਾਹਿਤ, ਪੰਜਾਬੀ ਸਾਹਿਤ ਦੇ ਸੁਨਹਿਰੀ ਕਾਲ ਵਜੋਂ ਜਾਣਿਆ ਜਾਂਦਾ ਹੈ।ਇਸ ਕਾਲ ਵਿਚ ਨਾ ਕੇਵਲ ਆਦਿਕਾਲ ਵਿਚ ਰਚੀਆਂ ਜਾਣੀਆਂ ਸ਼ੁਰੂ ਹੋਈਆਂ ਪ੍ਰਵਿਰਤੀਆਂ ਨੇ ਆਪਣੀਆਂ ਰਚਨਾਤਮਕ ਸੰਭਾਵਨਾਵਾਂ ਵਿਚ ਢੇਰ ਵਾਧਾ ਕੀਤਾ ਬਲਕਿ ਗੁਰਮਤਿ ਕਾਵਿ, ਕਿੱਸਾ ਕਾਵਿ, ਬੀਰ ਕਾਵਿ ਅਤੇ ਵਾਰਤਕ ਵਰਗੇ ਅਨੇਕ ਨਵੇਂ ਰੂਪਕਾਰਾਂ ਦਾ ਜਨਮ ਹੋਇਆ। ਇਸ ਕਾਲ ਨੂੰ ਮੁਗਲ ਕਾਲ ਦੇ ਰੂਪ ਵਿਚ ਵੀ ਯਾਦ ਕੀਤਾ ਜਾਂਦਾ ਹੈ ਕਿਉਂਕਿ ਇਸ ਕਾਲ ਵਿਚ ਵਧੇਰੇ ਸਮਾਂ ਪੰਜਾਬ ਅਤੇ ਸਮੁੱਚਾ ਭਾਰਤ ਮੁਗ਼ਲਾਂ ਦੇ ਅਧੀਨ ਰਹੇ। ਮੁਗ਼ਲ ਬਾਦਸ਼ਾਹ ਲਗਪਗ ਢਾਈ ਸੌ ਵਰ੍ਹੇ ਭਾਰਤ ਉਪਰ ਹਕੂਮਤ ਕਰਦੇ ਰਹੇ। ਮੁਗਲਾਂ ਦਾ ਪ੍ਰਬੰਧ ਕਾਫ਼ੀ ਮਜ਼ਬੂਤ ਅਤੇਸਥਾਈ ਸੀ, ਇਸ ਕਾਰਨ ਦੋ ਸਦੀਆਂ ਪੰਜਾਬ ਵਿਚ ਰਾਜਸੀ ਤੌਰ ਤੇ ਅਮਨ-ਅਮਾਨ ਰਿਹਾ ਕਿਉਂਕਿ ਇਸ ਦੌਰਾਨ ਬਾਹਰ ਤੋਂ ਕੋਈ ਹਮਲਾਵਰ ਪੰਜਾਬ ਵਿਚ ਨਾ ਆ ਸਕਿਆ। ਰਾਜਸੀ ਸਥਿਰਤਾ ਦੇ ਕਾਰਨ ਨਾ ਕੇਵਲ ਪੰਜਾਬ ਵਿਚ ਬਹੁਤ ਸਾਰਾ ਸਾਹਿਤ ਰਚਿਆ ਹੀ ਗਿਆ ਬਲਕਿ ਇਸ ਸਾਹਿਤ ਦੀ ਸੰਭਾਲ ਅਤੇ ਸੁਰੱਖਿਆ ਦੇ ਵੀ ਪੁਖ਼ਤਾ ਇੰਤਜਾਮ ਰਹੇ। ਗੁਰਮਤਿ ਕਾਵਿ ਧਾਰਾ ਦੇ ਮਹਾਨ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਸੰਪਾਦਨ ਵੀ ਇਸਕਾਲ ਵਿਚ 1601-1604 ਈ. ਤਕ ਹੋਇਆ। ਸਿੱਖ ਗੁਰੂ ਸਾਹਿਬਾਨ ਨੇ ਪੰਜਾਬ ਵਿਚ ਸਭਿਆਚਾਰਕ ਰੂਪਾਂਤਰਣ ਦੀ ਪ੍ਰਕਿਰਿਆ ਵਿਚ ਵਡਮੁੱਲਾ ਯੋਗਦਾਨ ਪਾਇਆ ਅਤੇ 'ਖਾਲਸੇ' ਦੇ ਰੂਪ ਵਿਚ ਇਕ ਨਵੇਂ ਮਨੁੱਖ ਦੀ ਸਿਰਜਣਾ ਕੀਤੀ। ਇਉਂ ਮੱਧਕਾਲੀਨ ਪੰਜਾਬ, ਸਾਹਿਤ ਅਤੇ ਸਭਿਆਚਾਰ ਦੇ ਖੇਤਰ ਵਿਚ ਨਵੀਆਂ ਸਿਖਰਾਂ ਨੂੰ ਛੋਂਹਦਾ ਹੈ।

## 2.1.2 ਪ੍ਰਯੋਜਨ

ਇਸ ਪਾਠ ਦਾ ਪ੍ਰਯੋਜਨ ਮੱਧਕਾਲੀਨ ਪੰਜਾਬ ਦੇ ਸਭਿਆਚਾਰਕ ਅਤੇ ਰਾਜਸੀ ਪਰਿਪੇਖ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਬਾਬਰ ਨੇ 1526 ਈ. ਵਿਚ ਇਬਰਾਹੀਮ ਲੋਧੀ ਦੀਆਂ ਫੌਜਾਂ ਨੂੰ ਹਰਾ ਕੇ ਭਾਰਤ ਉਪਰ ਮੁਗ਼ਲ ਸਲਤਨਤ ਦੀ ਸਥਾਪਨਾ ਕਰ ਲਈ ਸੀ। 1707 ਈ. ਵਿਚ ਔਰੰਗਜ਼ੇਬ ਦੀ ਮੌਤ ਤੋਂ ਪਿਛੋਂ ਮੁਗ਼ਲ ਰਾਜ ਦਾ ਪਤਨ ਸ਼ੁਰੂ ਹੋ ਗਿਆ। ਪੰਜਾਬ ਵਿਚ ਗੁਰੂ ਗੋਬਿੰਦ ਸਿੰਘ ਨੇ ਮੁਗ਼ਲ ਸਾਮਰਾਜ ਨੂੰ ਸਮਾਪਤ ਕਰਨ ਵਿਚ ਵੱਡਾ ਯੋਗਦਾਨ ਪਾਇਆ। ਭਾਰਤ ਦੇ ਹੋਰ ਭਾਗਾਂ ਵਿਚ ਵੀ ਮੁਗਲਾਂ ਦੇ ਵਿਰੁੱਧ ਇਕ ਵਿਆਪਕ ਰੋਸ ਫੈਲ ਗਿਆ ਸੀ। ਜਿਸ ਦੇ ਸਿੱਟੇ ਵਜੋਂ 1750 ਈ. ਤੱਕ ਪਹੁੰਚਦੇ-ਪਹੁੰਚਦੇ ਮੁਗ਼ਲ ਰਾਜ ਖੇਰੂੰ-ਖੇਰੂੰ ਹੋ ਗਿਆ। ਪੰਜਾਬ ਵਿਚ ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਿਤ ਹੋ ਗਿਆ ਅਤੇ ਦੇਸ਼ ਦੇ ਬਾਕੀ ਹਿੱਸਿਆਂ ਵਿਚ ਮਰਹੱਟਿਆਂ ਅਤੇ ਅੰਗਰੇਜ਼ਾਂ ਦਾ ਦਬਦਬਾ ਵਧਣ ਲੱਗਾ। ਆਖਰ ਅੰਗਰੇਜ਼ਾਂ ਨੇ ਆਪਣੀ ਦੂਰਅੰਦੇਸ਼ੀ ਨਾਲ ਸਮੁੱਚੇ ਭਾਰਤਵਰਸ਼ ਉਪਰ ਕਬਜ਼ਾ ਕਰ ਲਿਆ ਅਤੇ ਇਉਂ ਭਾਰਤ ਵਿਚੋਂ ਮੱਧਕਾਲ ਦਾ ਅੰਤ ਹੋ ਗਿਆ। ਇਸ ਪਾਠ ਦਾ ਪ੍ਰਯੋਜਨ ਵਿਦਿਆਰਥੀਆਂ ਨੂੰ ਮੱਧਕਾਲ ਦੇ ਰਾਜਸੀ ਅਤੇ ਸਭਿਆਚਾਰਕ ਪ੍ਰਸੰਗਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ ਕਿਉਂਕਿ ਸਾਹਿੱਤ ਅਤੇ ਸਭਿਆਚਾਰ ਇਕ-ਦੂਜੇ ਨੂੰ ਨਿਰੰਤਰ ਪ੍ਰਭਾਵਿਤ ਅਤੇ ਰੂਪਾਂਤਰਿਤ ਕਰਦੇ ਰਹਿੰਦੇ ਹਨ।

## 2.1.3 ਰਾਜਨੀਤਕ ਪਰਿਪੇਖ

ਮੁਹੰਮਦ ਗੌਰੀ ਨੇ 1192 ਈ. ਵਿਚ ਪ੍ਰਿਥਵੀਰਾਜ ਨੂੰ ਹਰਾ ਕੇ ਭਾਰਤ ਉਪਰ ਤੁਰਕਾਂ ਦਾ ਰਾਜ ਸਥਾਪਿਤ ਕਰ ਲਿਆ। ਇਸ ਤੋਂ ਬਾਅਦ ਲਗਪਗ ਦੋ ਸੌ ਵਰ੍ਹੇ ਕੁਤਬੁੱਦੀਨ ਐਬਕ, ਇਲਤੁਤਮਿਸ਼, ਰਜ਼ੀਆ ਸੁਲਤਾਨ ਅਤੇ ਬਲਬਨ ਵਰਗੇ ਬਾਦਸ਼ਾਹ ਦਿੱਲੀ ਸਲਤਨਤ ਦਾ ਰਾਜ-ਪ੍ਰਬੰਧ ਸੰਭਾਲਦੇ ਰਹੇ। ਬਲਬਨ ਤੋਂ ਬਾਅਦ ਤੁਗ਼ਲਕ ਖਾਨਦਾਨ ਦਾ ਰਾਜ ਰਿਹਾ ਪਰੰਤੂ 1398 ਈ. ਵਿਚ ਤੈਮੂਰ ਦੇ ਹਮਲੇ ਨਾਲ ਤੁਗ਼ਲਕ ਸਾਮਰਾਜ ਦਾ ਅੰਤ ਹੋ ਗਿਆ ਅਤੇ ਇਸ ਉਪਰੰਤ ਲੋਧੀ ਪਠਾਣਾਂ ਨੇ ਆਪਣੀ ਹਕੂਮਤ ਕਾਇਮ ਕਰ ਲਈ। ਇਹ ਰਾਜ ਪੰਦਰਵੀਂ ਸਦੀ ਦੇ ਅੰਤ ਤੱਕ ਚਲਦਾ ਰਿਹਾ। ਸੋਲ੍ਹਵੀਂ ਸਦੀ ਦੇ ਆਰੰਭ ਵਿਚ ਮੁਗ਼ਲ ਬਾਦਸ਼ਾਹ ਬਾਬਰ ਨੇ, ਜੋ ਸਮਰਕੰਦ ਦਾ ਰਾਜਾ ਸੀ। ਭਾਰਤ ਉਪਰ ਹਮਲੇ ਸ਼ੁਰੂ ਕਰ ਦਿੱਤੇ। ਮੰਗੋਲਾਂ ਦੇ ਉੱਤਰਾਧਿਕਾਰੀ ਹੋਣ ਕਰਕੇ ਇਨ੍ਹਾਂ ਨੂੰ ਮੁਗ਼ਲ ਕਿਹਾ ਜਾਂਦਾ ਸੀ। ਉਂਜ ਬਾਬਰ ਆਪਣੇ ਆਪ ਨੂੰ 'ਚੁਗੱਤਾ' ਅਖਵਾ ਕੇ ਖੁਸ਼ ਸੀ। ਚੁਗੱਤਾ, ਚੰਗੇਜ਼ ਖਾਨ ਦੇ ਪੁੱਤਰ ਦਾ ਨਾਮ ਸੀ ਅਤੇ ਬਾਬਰ ਇਸ ਚੁਗੱਤੇ ਦੇ ਵੰਸ਼ ਵਿਚੋਂ ਸੀ। ਬਾਬਰ ਨੇ ਛੋਟੀ ਉਮਰ ਵਿਚ ਹੀ ਫਰਗਾਨਾ ਪ੍ਰਦੇਸ਼ ਦੀ ਵਾਗਡੋਰ ਸੰਭਾਲ ਲਈ ਸੀ ਅਤੇ ਉਹ ਹਿੰਦੁਸਤਾਨ ਨੂੰ ਜਿੱਤਣ ਦੇ ਸੁਪਨੇ ਲੈਂਦਾ ਰਹਿੰਦਾ ਸੀ। 1519 ਈ. ਵਿਚ ਉਸਨੇ ਹਿੰਦੁਸਤਾਨ ਉਪਰ ਪਹਿਲਾ ਹਮਲਾ ਕੀਤਾ ਪਰ ਉਸ ਸਮੇਂ ਬਾਬਰ ਨੂੰ ਸਫ਼ਲਤਾ ਨਾ ਮਿਲੀ, 1520 ਵਿਚ ਉਸ ਨੇ ਇਕ ਵਾਰ ਫੇਰ ਹਮਲਾ ਕੀਤਾ ਅਤੇ ਸਿਆਲਕੋਟ ਨੂੰ ਜਿੱਤ ਲਿਆ। ਆਖਰ 1526 ਈ. ਵਿਚ ਇਬਰਾਹੀਮ ਲੋਧੀ ਨੂੰ ਹਰਾ ਕੇ ਉਸਨੇ ਭਾਰਤ ਉਪਰ ਆਪਣੀ ਹਕੂਮਤ ਕਾਇਮ ਕਰ ਲਈ। ਬਾਬਰ ਇਕ ਨਿਪੁੰਨ ਸੈਨਾਪਤੀ ਸੀ। ਉਹ ਕਦੇ ਵੀ ਨਿਰਾਸ਼ ਨਹੀਂ ਸੀ ਹੁੰਦਾ। ਉਸ ਨੇ ਭਾਰਤ ਵਿਚ ਬਹੁਤ ਸਾਰੇ ਬਾਗ਼-ਬਗ਼ੀਚੇ ਅਤੇ ਭਵਨ ਬਣਵਾਏ। ਉਹ ਇਕ ਚੰਗਾ ਲੇਖਕ ਵੀ ਸੀ। ਤੁਰਕੀ ਭਾਸ਼ਾ ਵਿਚ ਉਸਨੇ ਆਪਣੇ ਸੰਸਮਰਣ ਲਿਖੇ। ਉਹ ਨਕਸ਼ਬੰਦੀ ਸਿਲਸਿਲੇ ਦੇ ਸੂਫ਼ੀ ਦਰਵੇਸ਼ ਖ਼ੁਆਜਾ ਉਬੇਦੁਲਾ ਅਹਿਰਾਰ ਦਾ ਭਗਤ ਸੀ ਅਤੇ ਉਸ ਦੀਆਂ ਲਿਖਤਾਂ ਨੂੰ ਬੜੇ ਚਾਅ ਨਾਲ ਪੜ੍ਹਦਾ ਸੀ। ਬਾਬਰ ਪਹਿਲਵਾਨੀ ਅਤੇ ਤੈਰਾਕੀ ਦਾ ਵੀ ਬਹੁਤ ਸੌਕੀਨ ਸੀ। ਆਪਣੀ ਹਿੰਮਤ, ਬਹਾਦਰੀ ਅਤੇ ਹੌਸਲੇ ਦੇ ਸਦਕਾ ਉਸਨੇ ਹਿੰਦੁਸਤਾਨ ਵਿਚ ਇਕ ਮਜ਼ਬੂਤ ਮੁਗ਼ਲ ਰਾਜ ਦੀ ਸਥਾਪਨਾ ਕਰ ਲਈ।

### 2.1.3.1 ਮੁਗ਼ਲ ਰਾਜ ਦਾ ਵਿਕਾਸ

ਬਾਬਰ ਤੋਂ ਉਪਰੰਤ ਉਸ ਦਾ ਪੁੱਤਰ ਹਮਾਯੂੰ ਗੱਦੀ ਉਪਰ ਬੈਠਾ ਸੀ। ਉਹ ਵੀ ਵਿਦਵਾਨਾਂ ਅਤੇ ਸੂਫ਼ੀ ਦਰਵੇਸ਼ਾਂ ਦੀ ਸੰਗਤ ਵਿਚ ਉਠਣਾ-ਬੈਠਣਾ ਪਸੰਦ ਕਰਦਾ ਸੀ। ਹਮਾਯੂੰ ਦੇ ਭਰਾਵਾਂ ਨੇ ਉਸ ਨੂੰ ਚੈਨ ਨਾਲ ਰਾਜ ਨਾ ਕਰਨ ਦਿੱਤਾ ਅਤੇ ਬਗ਼ਾਵਤਾਂ ਕਰਦੇ ਰਹੇ। ਲਗਪਗ ਦੋ ਵਰ੍ਹੇ ਉਹ ਗੁਜਰਾਤ ਦੀ ਮੁਹਿੰਮ ਵਿਚ ਰੁੱਝਾ ਰਿਹਾ ਅਤੇ ਇਸ ਦੌਰਾਨ ਸ਼ੇਰ ਸ਼ਾਹ ਸੂਰੀ ਨੇ ਆਪਣੀ ਸਥਿਤੀ ਕਾਫ਼ੀ ਮਜ਼ਬੂਤ ਕਰ ਲਈ। 1540 ਈ. ਵਿਚ ਕਨੌਜ ਦੇ ਸਥਾਨ ਤੇ ਹਮਾਯੂੰ ਅਤੇ ਸ਼ੇਰ ਸ਼ਾਹ ਸੂਰੀ ਦੀਆਂ ਫੌਜਾਂ ਦਰਮਿਆਨ ਯੁੱਧ ਹੋਇਆ। ਇਸ ਯੁੱਧ ਵਿਚ ਹਮਾਯੂੰ ਨੂੰ ਹਾਰ ਹੋਈ ਅਤੇ ਉਹ ਸਿੰਧ ਵੱਲ ਨੱਠ ਗਿਆ। ਪੰਦਰਾਂ ਕੁ ਵਰ੍ਹੇ ਪਿਛੋਂ ਹਮਾਯੂੰ ਨੇ ਸ਼ੇਰ ਸ਼ਾਹ ਸੂਰੀ ਦੇ ਵਾਰਿਸਾਂ ਨੂੰ ਹਰਾ ਕੇ ਦਿੱਲੀ ਦੇ ਤਖ਼ਤ ਉਪਰ ਕਬਜ਼ਾ ਕਰ ਲਿਆ ਪਰ ਛੇ ਕੁ ਮਹੀਨੇ ਬਾਅਦ ਹੀ ਉਸਦੀ ਮੌਤ ਹੋ ਗਈ।

### 2.1.3.2 ਅਕਬਰ ਦਾ ਸਾਮਰਾਜ

ਅਕਬਰ ਨੂੰ ਦਿੱਲੀ ਦੇ ਤਖ਼ਤ ਉਤੇ ਬੈਠਣ ਤੋਂ ਪਹਿਲਾਂ ਹੇਮੂ ਨਾਲ ਯੁੱਧ ਲੜਨਾ ਪਿਆ। 5 ਨਵੰਬਰ 1556 ਈ. ਨੂੰ ਹੋਏ ਇਸ ਯੁੱਧ ਵਿਚ ਹੇਮੂ ਮਾਰਿਆ ਗਿਆ ਅਤੇ ਅਕਬਰ ਦਿੱਲੀ ਦੇ ਤਖ਼ਤ ਉਪਰ ਬੈਠ ਗਿਆ। ਅਕਬਰ ਇਕ ਸੁਲਾਕੁਲ ਬਾਦਸ਼ਾਹ ਸੀ ਅਤੇ ਉਹ ਵਿਦਵਾਨਾਂ, ਲੇਖਕਾਂ ਅਤੇ ਸਾਧੂ-ਸੰਤਾਂ ਦੀ ਸੰਗਤ ਕਰਕੇ ਬਹੁਤ ਖੁਸ਼ ਹੁੰਦਾ ਸੀ। ਜਨਵਰੀ 1562 ਈ. ਵਿਚ ਉਸਨੇ ਖ਼ੁਆਜਾ ਮੁਈਨੁਦੀਨ ਚਿਸ਼ਤੀ

ਦੀ ਅਜਮੇਰ ਵਿਚ ਸਥਿਤ ਦਰਗਾਹ ਦੀ ਜ਼ਿਆਰਤ ਕੀਤੀ। ਉਸ ਨੇ ਅੰਬਰ ਦੇ ਰਾਜੇ ਭਰਮਲ ਕਸ਼ਵਾਹਾ ਦੀ ਬੇਟੀ ਨਾਲ ਸ਼ਾਦੀ ਕਰਕੇ ਰਾਜਪੂਤਾਂ ਨੂੰ ਆਪਣੇ ਨਾਲ ਜੋੜ ਲਿਆ। ਇਸੇ ਰਾਣੀ ਦੀ ਕੁੱਖੋਂ 1569 ਈ. ਵਿਚ ਸਲੀਮ (ਜਹਾਂਗੀਰ) ਦਾ ਜਨਮ ਹੋਇਆ। ਅਕਬਰ ਆਪਣੇ ਇਸ ਪੁੱਤਰ ਦਾ ਜਨਮ ਸੂਫ਼ੀ ਫ਼ਕੀਰਾਂ ਦੀਆਂ ਦੁਆਵਾਂ ਦਾ ਪ੍ਰਤਾਪ ਮੰਨਦਾ ਸੀ। ਇਸ ਕਾਰਨ ਉਹ ਕਾਫ਼ੀ ਸਮਾਂ ਰੱਬ ਦੀ ਬੰਦਗੀ ਵਿਚ ਗੁਜ਼ਾਰਦਾ ਸੀ। ਆਪਣੇ ਜੀਵਨ ਦੇ ਆਖਰੀ ਵਰ੍ਹਿਆਂ ਵਿਚ ਉਸ ਨੇ ਇਕ ਨਵਾਂ ਧਰਮ 'ਦੀਨੇ ਇਲਾਹੀ' ਚਲਾਉਣ ਦੀ ਕੋਸ਼ਿਸ਼ ਵੀ ਕੀਤੀ। ਜਿਸ ਵਿਚ ਇਸਲਾਮ, ਹਿੰਦੂ ਸਤਿ ਅਤੇ ਈਸਾਈ ਧਰਮ ਦੇ ਚੋਣਵੇ ਅਤੇ ਸਰਬ-ਸਾਂਝੇ ਸਿੱਧਾਂਤ ਸ਼ਾਮਲ ਕੀਤੇ ਗਏ। ਅਕਬਰ ਚਾਹੁੰਦਾ ਸੀ ਕਿ ਉਸ ਦੇ ਰਾਜ ਵਿਚ ਹਰ ਵਿਅਕਤੀ ਨੂੰ ਧਾਰਮਿਕ ਆਜ਼ਾਦੀ ਪ੍ਰਾਪਤ ਹੋਵੇ। ਸਿੱਖ ਇਤਿਹਾਸ ਅਨੁਸਾਰ ਉਹ ਇਕ ਵਾਰ ਗੁਰੂ ਅਮਰਦਾਸ ਜੀ ਪਾਸ ਗੋਇੰਦਵਾਲ ਵੀ ਹਾਜ਼ਰ ਹੋਇਆ ਸੀ ਅਤੇ ਗੁਰੂ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ ਦੇ ਨਾਮ ਇਕ ਜਾਗੀਰ ਵੀ ਲਗਵਾ ਗਿਆ ਸੀ।

### 2.1.3.3 ਜਹਾਂਗੀਰ ਦਾ ਰਾਜ ਪ੍ਰਬੰਧ

ਜਹਾਂਗੀਰ ਦੇ ਦਿੱਲੀ ਦੇ ਤਖ਼ਤ ਉਪਰ ਬੈਠਣ ਨਾਲ ਮੁਗ਼ਲ ਹਕੂਮਤ ਵਿਚ ਮੂਲਵਾਦੀ ਭਾਰੂ ਹੋ ਜਾਂਦੇ ਹਨ। ਬਾਬਰ, ਹਮਾਯੂੰ ਅਤੇ ਅਕਬਰ ਦੀਆਂ ਸੂਫ਼ੀਵਾਦੀ ਅਤੇ ਸਰਬ-ਸਾਂਝੀਆਂ ਨੀਤੀਆਂ ਦਾ ਅੰਤ ਹੋ ਜਾਂਦਾ ਹੈ ਅਤੇ ਗ਼ੈਰ-ਮੁਸਲਿਮਾਂ ਨਾਲ ਵਿਤਕਰਾ ਹੋਣ ਲੱਗਦਾ ਹੈ। ਜਹਾਂਗੀਰ ਨੇ ਸਿਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਨੂੰ ਕਾਫ਼ੀ ਸਮਾਂ ਨਜ਼ਰਬੰਦ ਰੱਖਿਆ। ਉਹ ਸੰਗੀਤ ਅਤੇ ਚਿਤਰਕਾਰੀ ਵਿਚ ਵਿਸ਼ੇਸ਼ ਦਿਲਚਸਪੀ ਲੈਂਦਾ ਸੀ ਅਤੇ ਰਾਗ-ਰੰਗ ਦੀਆਂ ਮਹਿਫ਼ਲਾਂ ਦਾ ਸ਼ੌਕੀਨ ਸੀ। ਉਸ ਨੇ ਆਪਣੀ ਸਾਰੀ ਤਾਕਤ ਆਪਣੀ ਖ਼ੂਬਸੂਰਤ ਬੇਗ਼ਮ ਨੂਰ ਜਹਾਨ ਨੂੰ ਦੇ ਰੱਖੀ ਸੀ।

### 2.1.3.4 ਸ਼ਾਹ ਜਹਾਨ ਦਾ ਰਾਜ ਕਾਲ

ਸ਼ਾਹ ਜਹਾਨ 1627 ਈ. ਵਿਚ ਦਿੱਲੀ ਦੇ ਤਖ਼ਤ ਉਪਰ ਬੈਠਿਆ। ਉਸ ਨੇ ਨੂਰ ਜਹਾਨ ਨੂੰ ਪੈਨਸ਼ਨ ਦੇ ਕੇ ਲਾਹੌਰ ਭੇਜ ਦਿੱਤਾ ਤਾਂ ਜੋ ਉਹ ਰਾਜ-ਪ੍ਰਬੰਧ ਦੇ ਕੰਮਾਂ ਵਿਚ ਦਖ਼ਲਅੰਦਾਜ਼ੀ ਨਾਸਕੇ। ਉਸ ਨੇ ਆਪਣੇ ਦੋਹਾਂ ਭਰਾਵਾਂ ਨੂੰ ਮਰਵਾ ਦਿੱਤਾ। ਹੁਣ ਉਸਦੀ ਹਕੂਮਤ ਨੂੰ ਕੋਈ ਖ਼ਤਰਾ ਨਾ ਰਿਹਾ। ਉਸ ਨੇ ਵੀ ਜਹਾਂਗੀਰ ਵਾਂਗ ਬਦਲਾ ਲਊ ਨੀਤੀਆਂ ਉਪਰ ਚੱਲਣਾ ਪਸੰਦ ਕੀਤਾ।ਉਸ ਨੇ ਪੁਰਤਗੇਜ਼ਾਂ ਦੀ ਵਪਾਰਕ ਬਸਤੀ ਨੂੰ ਖ਼ਤਮ ਕਰ ਦਿੱਤਾ। ਦੱਖਣ, ਵਿਚ ਵੀ ਉਸਦੀ ਨੀਤੀ ਕਾਮਯਾਬ ਰਹੀ। ਉਸ ਦੇ ਸ਼ਾਸਨ ਸਮੇਂ ਪੰਜਾਬ ਦੇ ਸੂਬੇਦਾਰ ਨੇ ਗੁਰੂ ਹਰਗੋਬਿੰਦ ਸਾਹਿਬ ਉਪਰ ਹਮਲੇ ਕੀਤੇ ਪਰ ਇਥੇ ਉਸ ਨੂੰ ਮੂੰਹ ਦੀ ਖਾਣੀ ਪਈ। ਸ਼ਾਹ ਜਹਾਨ ਨੇ ਲਗਪਗ 30 ਵਰ੍ਹੇ ਦਿੱਲੀ ਦੇ ਤਖ਼ਤ ਉਪਰ ਰਾਜ ਕੀਤਾ।ਉਹ ਆਪਣੇ ਚਾਰਾਂ ਪੁੱਤਰਾਂ ਵਿਚੋਂ ਦਾਰਾ ਸ਼ਿਕੋਹ ਨੂੰ ਵਧੇਰੇ ਪਸੰਦ ਕਰਦਾ ਸੀ ਅਤੇ ਉਸ ਨੂੰ ਦਿੱਲੀ ਦੇ ਤਖ਼ਤ ਉਪਰ ਬਿਠਾਣਾ ਚਾਹੁੰਦਾ ਸੀ ਪਰ ਔਰੰਗਜ਼ੇਬ ਵਧੇਰੇ ਚਤੁਰ ਨਿਕਲਿਆ ਅਤੇ ਉਸ ਲੇ ਆਪਣੇ ਤਿੰਨੇ ਭਰਾਵਾਂ ਨੂੰ ਹਰਾ ਕੇ 1959 ਈ. ਵਿਚ ਦਿੱਲੀ ਦੇ ਤਖ਼ਤ ਉਪਰ ਕਬਜ਼ਾ ਕਰ ਲਿਆ। ਸ਼ਾਹ ਜਹਾਨ ਨੂੰ ਵੀ ਉਸ ਨੇ ਆਪਣੀ ਕੈਦ ਵਿਚ ਲੈ ਲਿਆ।

### 2.1.3.5 ਔਰੰਗਜ਼ੇਬ ਦਾ ਸ਼ਾਸਨ

ਪਹਿਲਾਂ ਪਹਿਲ ਔਰੰਗਜ਼ੇਬ ਨੇ ਆਪਣੇ ਪ੍ਰਬੰਧਕੀ ਢਾਂਚੇ ਵਿਚ ਖ਼ਾਸ ਤਬਦੀਲੀਆਂ ਨਾ ਕੀਤੀਆਂ ਪਰੰਤੂ ਬਾਅਦ ਵਿਚ ਉਸਦਾ ਤਅੱਸੁਬ ਉਜਾਗਰ ਹੋਣ ਲੱਗ ਪਿਆ।ਉਸ ਨੇ ਹਿੰਦੂ ਤੀਰਥਾਂ ਉਪਰ ਰਹਿਣ ਵਾਲੇ ਬ੍ਰਾਹਮਣਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਅਤੇ ਕੁਝ ਹਿੰਦੂ ਮੰਦਰਾਂ ਨੂੰ ਵੀ ਨੁਕਸਾਨ ਪਹੁੰਚਾਇਆ। ਆਪਣੇ ਇਕ ਫ਼ੁਰਮਾਣ ਅਨੁਸਾਰ ਉਸ ਨੇ ਦੇਸ਼ ਵਿਚ ਨਵੇਂ ਮੰਦਰਾਂ ਦੇ ਨਿਰਮਾਣ ਦੀ ਮਨਾਹੀ ਕਰ ਦਿੱਤੀ ਅਤੇ ਹਿੰਦੂਆਂ ਉਪਰ ਜ਼ੁਲਮ ਢਾਹੁਣੇ ਸ਼ੁਰੂ ਕਰ ਦਿੱਤੇ। ਔਰੰਗਜ਼ੇਬ ਨੇ ਸਿੱਖਾਂ ਨਾਲ ਵੀ ਆਪਣੇ ਸੰਬੰਧ

ਵਿਗਾੜ ਲਏ। ਜਹਾਂਗੀਰ ਵੱਲੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਸ਼ਹੀਦ ਕਰਨ ਪਿਛੋਂ ਸਿੱਖਾਂ ਨੇ ਹਥਿਆਰ ਉਠਾ ਲਏ ਸਨ।ਸ਼ਾਹ ਜਹਾਨ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਵਿਰੁੱਧ ਕਈ ਫੌਜੀ ਦਸਤੇ ਭੇਜੇ ਪਰ ਉਨ੍ਹਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਸੱਤਵੇਂ ਗੁਰੂ ਹਰਿਰਾਇ ਜੀ ਦੇ ਦਾਰਾ ਸ਼ਿਕੋਹ ਨਾਲ ਬਹੁਤ ਚੰਗੇ ਸੰਬੰਧ ਸਨ। ਪਰ ਔਰੰਗਜ਼ੇਬ ਨੇ ਤਖ਼ਤ ਉਪਰ ਬੈਠਣ ਸਾਰ ਗੁਰੂ ਜੀ ਨੂੰ ਦਿੱਲੀ ਬੁਲਾਇਆ। ਗੁਰੂ ਸਾਹਿਬ ਨੇ ਆਪ ਜਾਣ ਦੀ ਬਜਾਇ ਆਪਣੇ ਵੱਡੇ ਪੁੱਤਰ ਰਾਮਰਾਇ ਨੂੰ ਭੇਜ ਦਿੱਤਾ। ਰਾਮਰਾਇ ਨੇ ਔਰੰਗਜ਼ੇਬ ਨੂੰ ਖੁਸ਼ ਕਰ ਦਿੱਤਾ ਜਿਸਦੇ ਇਵਜ਼ ਵਿਚ ਉਸਨੂੰ ਡੇਹਰਾਦੂਨ ਵਿਖੇ ਇਕ ਜਾਗੀਰ ਮਿਲ ਗਈ ਪਰ ਗੁਰੂ ਜੀ ਆਪਣੇ ਪੁੱਤਰ ਦੇ ਬਾਦਸ਼ਾਹ ਪ੍ਰਤੀ ਖੁਸ਼ਾਮਦੀ ਰਵਈਏ ਦੇ ਕਾਰਨ ਉਸ ਨਾਲ ਨਾਰਾਜ਼ ਹੋ ਗਏ। ਅਗਲੇ ਗੁਰੂ ਹਰਿਕ੍ਰਿਸ਼ਨ ਜੀ ਛੇਤੀ ਹੀ ਸੁਰਗਵਾਸ ਹੋ ਗਏ। ਉਨ੍ਹਾਂ ਤੋਂ ਪਿਛੋਂ ਗੁਰੂ ਤੇਗ ਬਹਾਦਰ ਜੀ ਗੁਰਗੱਦੀ ਉਪਰ ਬੈਠੇ। 1675 ਈ. ਵਿਚ ਔਰੰਗਜ਼ੇਬ ਨੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ। ਬਾਅਦ ਵਿਚ ਉਸਨੇ ਗੁਰੂ ਗੋਬਿੰਦ ਸਿੰਘ ਦੇ ਵਿਰੁੱਧ ਵੀ ਕਈ ਵਾਰ ਫੌਜ ਭੇਜੀ। ਗੁਰੂ ਸਾਹਿਬ ਦੇ ਚਾਰ ਸਾਹਿਬਜ਼ਾਦੇ ਔਰੰਗਜ਼ੇਬ ਦੀਆਂ ਫੌਜਾਂ ਦੇ ਵਿਰੁੱਧ ਜੂਝਦੇ ਹੋਏ ਸ਼ਹੀਦ ਹੋ ਗਏ। ਇਸ ਕਾਰਨ ਭਾਰਤ ਵਿਚ ਚਾਰੇ ਪਾਸੇ ਔਰੰਗਜ਼ੇਬ ਦੇ ਵਿਰੁੱਧ ਇਕ ਵਿਆਪਕ ਰੋਸ ਫੈਲ ਗਿਆ। ਔਰੰਗਜ਼ੇਬ ਦੇ ਅੰਤਲੇ ਦਿਨਾਂ ਵਿਚ ਮੁਗ਼ਲ ਸਾਮਰਾਜ ਦੇ ਪਤਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਸੀ ਅਤੇ 1707 ਈ. ਵਿਚ ਉਸਦੀ ਮੌਤ ਨਾਲ ਇਹ ਪ੍ਰਕਿਰਿਆ ਹੋਰ ਤੇਜ਼ ਹੋ ਗਈ।

## 2.1.4.1 ਨਿਆਇ ਅਤੇ ਕਾਨੂੰਨ

ਭਾਰਤ ਵਿਚ ਇਸਲਾਮੀ ਹਕੂਮਤ ਦੀ ਸਥਾਪਨਾ ਦੇ ਦੌਰਾਨ ਨਿਆਇ ਅਤੇ ਕਾਨੂੰਨ ਦੀਆਂ ਸੰਸਥਾਵਾਂ ਵਿਚ ਕਈ ਪਰਿਵਰਤਨ ਆਏ। ਉਲਮਾ ਦੀ ਕੋਸ਼ਿਸ਼ ਹੁੰਦੀ ਸੀ ਕਿ ਇਸਲਾਮ ਵਿਚ ਸ਼ਰੀਅਤ ਦੇ ਕਾਨੂੰਨ ਦੀ ਪਾਲਣਾ ਹੁੰਦੀ ਰਹੇ ਪਰੰਤੂ ਮੁਸਲਮਾਨ ਬਾਦਸ਼ਾਹ ਆਪ ਵੀ ਕਚਹਿਰੀ ਲਗਾ ਕੇ ਆਪਣੀ ਰਿਆਇਆ ਦੀਆਂ ਸ਼ਿਕਾਇਤਾਂ ਸੁਣਦੇ ਸਨ।ਇਬਲੇ-ਬਤੂਤਾ ਅਨੁਸਾਰ ਮੁਹੰਮਦ-ਬਿਨ-ਤੁਗ਼ਲਕ ਹਰ ਸੋਮਵਾਰ ਅਤੇ ਵੀਰਵਾਰ ਨੂੰ ਸ਼ਿਕਾਇਤਾਂ ਸੁਣਿਆ ਕਰਦਾ ਸੀ। ਉਸਨੇ ਆਪਣੀ ਇਕ ਵਿਸ਼ੇਸ਼ ਅਦਾਲਤ 'ਦੀਵਾਨ-ਇ-ਸਿਆਸਤ' ਬਣਾ ਰੱਖੀ ਸੀ। ਇੱਥੇ ਉਸਨੇ ਬਹੁਤ ਕਠੋਰ ਮੁਨਸਿਫ਼ ਨਿਯੁਕਤ ਕਰ ਰੱਖੇ ਸਨ, ਤਾਂ ਜੋ ਉਹ ਆਪਣੇ ਵਿਰੋਧੀਆਂ ਨੂੰ ਮੌਤ ਦੀ ਸਜ਼ਾ ਸੁਣਾ ਸਕੇ। ਇਸਲਾਮੀ ਅਦਾਲਤਾਂ ਵਿਚ 'ਮੁਫ਼ਤੀ' ਸ਼ਰੀਅਤ ਅਨੁਸਾਰ ਦਰਸਾਏ ਗਏ ਕਾਨੂੰਨ ਦੇ ਵਿਸ਼ੇਸ਼ੱਗ ਹੁੰਦੇ ਸਨ। ਉਹ ਆਮ ਜਨਤਾ ਜਾਂ ਕਾਜ਼ੀਆਂ ਵੱਲੋਂ ਉਨ੍ਹਾਂ ਦੇ ਸਾਹਮਣੇ ਪੇਸ਼ ਕੀਤੇ ਗਏ ਮਸਲਿਆਂ ਦਾ ਹੱਲ ਢੂੰਡਣ ਵਾਸਤੇ 'ਫ਼ਤਵਾ' ਜਾਰੀ ਕਰਦੇ ਸਨ। ਵਿਆਹ-ਸ਼ਾਦੀ, ਤਲਾਕ ਅਤੇ ਵਿਰਾਸਤ ਆਦਿ ਮਸਲਿਆਂ ਸੰਬੰਧੀ ਉਨ੍ਹਾਂ ਦੇ ਫ਼ਤਵੇ ਮੰਨਣੇ ਜ਼ਰੂਰੀ ਮੰਨਣੇ ਜ਼ਰੂਰੀ ਸਨ ਪਰ ਇਨ੍ਹਾਂ ਮਸਲਿਆਂ ਤੋ ਬਿਨਾਂ ਹੋਰ ਕਾਨੂੰਨੀ ਮਾਮਲੇ ਕਾਜ਼ੀਆਂ ਜਾਂ ਬਾਦਸ਼ਾਹ ਦੀ ਮਰਜ਼ੀ ਉਪਰ ਛੱਡ ਦਿੱਤੇ ਜਾਂਦੇ ਸਨ।ਮੁਗ਼ਲਾਂ ਦੇ ਸਮੇਂ ਵਿਚ ਮੁੱਖ-ਮੁਨਾਸਿਫ਼ ਨੂੰ 'ਮੀਰ-ਅਦਲ' ਕਿਹਾ ਜਾਂਦਾ ਸੀ ਅਤੇ ਉਹ ਬਾਦਸ਼ਾਹ ਦੀ ਤਰਫੋਂ ਮੁਨਸਿਫ਼ ਦੀ ਭੂਮਿਕਾ ਨਿਭਾਉਂਦਾ ਸੀ।ਉਸਨੂੰ ਏਨੀ ਖੁਲ੍ਹ ਨਹੀਂ ਸੀ ਕਿ ਉਹ ਕੇਵਲ ਮੁਲਜ਼ਿਮਾਂ ਵੱਲੋਂ ਚੁੱਕੀਆਂ ਸਹੁੰਆਂ ਜਾਂ ਗਵਾਹੀਆਂ ਦੇ ਆਧਾਰ ਤੇ ਹੀ ਆਪਣੇ ਫ਼ੈਸਲਾ ਸੁਣਾ ਦੇਵੇ ਬਲਕਿ ਉਹ ਹਰ ਮੁਕੱਦਮੇ ਬਾਰੇ ਨਿੱਜੀ ਰੂਪ ਵਿਚ ਖੋਜ-ਪੜਤਾਲ ਕਰਕੇ ਨਿਰਪੱਖ ਫ਼ੈਸਲੇ ਸੁਣਾਉਣ ਦਾ ਯਤਨ ਕਰਦਾ ਸੀ। ਮੀਰ-ਅਦਲ ਦੀ ਇਹ ਵੀ ਜ਼ਿੰਮੇਵਾਰੀ ਸੀ ਕਿ ਉਹ ਕਾਜ਼ੀਆਂ ਵੱਲੋਂ ਸੁਣਾਏ ਗਏ ਫ਼ੈਸਲਿਆਂ ਨੂੰ ਲਾਗੂ ਕਰਵਾਏ।

**2.1.4.2** ਮੁਗ਼ਲ ਕਾਲ ਵਿਚ ਕਾਜ਼ੀ ਲੋਕ ਜ਼ਮਾਨਤਾਂ ਲੈਣ-ਦੇਣ, ਸੌਦੇ ਕਰਵਾਉਣ ਅਤੇ ਰਜਿਸਟਰੀਆਂ ਆਦਿ ਲਈ ਉੱਚ-ਅਧਿਕਾਰੀ ਹੁੰਦੇ ਸਨ। ਸਿਵਿਲ ਮਾਮਲਿਆਂ ਵਿਚ ਫ਼ੈਸਲੇ ਸੁਣਾਉਣ ਲਈ ਵੀ ਕਾਜ਼ੀ ਦੀ ਸਲਾਹ ਲਈ ਜਾਂਦੀ ਸੀ। ਕਿਉਂਕਿ ਮੁਗ਼ਲਾਂ ਦੇ ਸਮੇਂ ਵਿਚ ਰਾਜ ਦੀਆਂ ਸੀਮਾਵਾਂ ਬਹੁਤ

ਵਧ ਗਈਆਂ ਸਨ। ਇਸ ਲਈ ਬਹੁਗਿਣਤੀ ਵਿਚ ਈਮਾਨਦਾਰ ਕਾਜ਼ੀਆਂ ਦਾ ਮਿਲਣਾ ਕਠਿਨ ਹੋ ਗਿਆ ਸੀ। ਇਸ ਲਈ ਛੋਟੇ-ਛੋਟੇ ਕਸਬਿਆਂ ਵਿਚ ਕਾਜ਼ੀਆਂ ਦੀ ਪਦਵੀ ਪੈਤ੍ਰਿਕ ਹੋ ਗਈ ਸੀ। ਔਰੰਗਜ਼ੇਬ ਦੇ ਰਾਜ-ਕਾਲ ਤਕ ਕਾਜ਼ੀ ਲੋਕ ਪੂਰੀ ਤਰ੍ਹਾਂ ਭ੍ਰਿਸ਼ਟ ਹੋ ਚੁਕੇ ਸਨ। ਇਸੇ ਲਈ ਵਾਰਿਸ ਸ਼ਾਹ ਵਰਗੇ ਕਵੀਆਂ ਨੇ ਉਨ੍ਹਾਂ ਦੇ ਕਿਰਦਾਰ ਦੀ ਖ਼ੂਬ ਆਲੋਚਨਾ ਕੀਤੀ ਹੈ। ਦੇਖੋ :

ਰਲੇ ਦਿਲਾਂ ਨੂੰ ਪਕੜ ਵਿਛੋੜ ਦੇਣਾ, ਬੁਰੀ ਬਾਣ ਹੈ ਇਨ੍ਹਾਂ ਹਤਿਆਰਿਆ ਨੂੰ।
ਨਿਤ ਸ਼ਰ੍ਹਾ ਦੀ ਫ਼ਿਕਰ ਗ਼ਲਤਾਨ ਰਹਿਣਾ, ਇਹਾ ਸ਼ਾਮਤਾਂ ਰੱਬ ਦਿਆਂ ਮਾਰਿਆਂ ਨੂੰ।
ਖਾਣ ਵੱਢੀਆਂ ਨਿੱਤ ਈਮਾਨ ਵੇਚਣ, ਇਹੋ ਮਾਰ ਹੈ ਕਾਜ਼ੀਆਂ ਸਾਰਿਆਂ ਨੂੰ।
ਰੱਬ ਦੋਜ਼ਖ਼ਾਂ ਨੂੰ ਭਰੇ ਪਾਇ ਬਾਲਣ, ਕੇਹਾ ਦੋਸ਼ ਹੈ ਅਸਾਂ ਵਿਚਾਰਿਆਂ ਨੂੰ।

(ਬੰਦ ਨੰ: 204)

## 2.1.5.1 ਸਮਾਜਿਕ ਬਣਤਰ

ਭਾਰਤ ਵਿਚ ਆ ਕੇ ਮੁਸਲਿਮ ਸਮਾਜ ਵੀ ਹਿੰਦੂ ਸਮਾਜ ਵਾਂਗ ਊਚ-ਨੀਚ ਦੀ ਭਾਵਨਾ ਵਿਚ ਫਸ ਗਿਆ ਸੀ। ਕੁਰਾਨ ਸ਼ਰੀਫ਼ ਦੀ ਇਹ ਹਦਾਇਤ ਕਿ ਸਾਰੇ ਲੋਕ ਆਪੋ ਵਿਚ ਭਾਈ-ਭਾਈ ਹਨ, ਪਿਛੇ ਚੱਲੀ ਗਈ ਸੀ। ਰਾਜਸੀ ਸੰਸਥਾਵਾਂ ਉਪਰ ਸ਼ਰ੍ਹਾ ਦਾ ਪ੍ਰਭਾਵ ਕਮਜ਼ੋਰ ਪੈਂਦਾ ਜਾ ਰਿਹਾ ਸੀ ਅਤੇ ਦੀਨ ਦੀ ਥਾਂ ਤੇ ਦੁਨੀਆਂ ਪ੍ਰਧਾਨ ਹੋ ਗਈ ਸੀ। ਮੁਸਲਮਾਨਾਂ ਵਿਚ ਆਪਣੇ-ਆਪਣੇ ਕਬੀਲੇ ਨੂੰ ਪਹਿਲ ਦੇਣ ਦੀ ਰੁਚੀ ਬਣੀ ਹੋਈ ਸੀ। ਈਥੋਪੀਆਂ ਅਤੇ ਅਫ਼ਰੀਕਾ ਦੇ ਗ਼ੁਲਾਮ ਹਬਸ਼ੀਆਂ ਦਾ ਆਪਣਾ ਇਕ ਵੱਖਰਾ ਕਬੀਲਾ ਸੀ। ਜਿਸ ਨੇ ਭਾਰਤ ਵਿਚ ਆਪਣੀ ਪਹਿਚਾਣ ਬਣਾ ਲਈ ਸੀ ਅਤੇ ਇਹ ਲੋਕ ਵੱਖਰੇ-ਵੱਖਰੇ ਪ੍ਰਦੇਸ਼ਾਂ ਵਿਚ ਉੱਚ-ਪਦਵੀਆਂ ਉਤੇ ਕੰਮ ਕਰ ਰਹੇ ਸਨ।ਭਾਰਤ ਵਿਚ ਅਫ਼ਗਾਨ ਸਿਪਾਹੀ ਸਨ।ਬਲਬਨ ਨੇ ਅਫ਼ਗਾਨਾਂ ਨੂੰ ਕਾਫ਼ੀ ਤਰੱਕੀਆਂ ਦਿੱਤੀਆਂ। ਔਰੰਗਜ਼ੇਬ ਦੇ ਰਾਜ-ਕਾਲ ਵਿਚ ਵੀ ਇਨ੍ਹਾਂ ਦੀ ਪੁੱਛ-ਪ੍ਰਤੀਤ ਬਹੁਤ ਵਧ ਗਈ ਸੀ।

**2.1.5.2** ਤੇਰ੍ਹਵੀ-ਚੌਦ੍ਹਵੀਂ ਸਦੀ ਤੋਂ ਬਾਅਦ 'ਭਾਰਤੀ ਮੁਸਲਮਾਨ' ਸਭ ਤੋਂ ਵੱਡੀ ਮੁਸਲਿਮ ਇਕਾਈ ਬਣ ਚੁਕੇ ਸਨ ਪਰਉਨ੍ਹਾਂ ਨੂੰ ਰਾਜ-ਭਾਗ ਵਿਚ ਬਹੁਤਾ ਮਾਨ-ਸਨਮਾਨ ਪ੍ਰਾਪਤ ਨਹੀ ਸੀ। ਉਸ ਨੇ ਕੇਵਲ ਤੁਰਕੀ ਵੰਸ਼ ਨੂੰ ਹੀ ਉਚੇਰੀਆਂ ਪਦਵੀਆਂ ਲਈ ਵਿਚਾਰਿਆ ਜਾਂਦਾ ਸੀ ਪਰੰਤੂ ਬਾਅਦ ਵਿਚ ਇਨ੍ਹਾਂ ਦੀ ਪੁੱਛ-ਪ੍ਰਤੀਤ ਹੋਣ ਲੱਗ ਪਈ ਸੀ। ਮੁਗ਼ਲ ਰਾਜ ਦੇ ਸਮੇਂ ਵਿਚ ਰਾਜਪੂਤਾਂ, ਜੱਟਾਂ ਅਤੇ ਹੋਰ ਕਬੀਲਿਆਂ ਵਿਚ 'ਇਸਲਾਮੀਕਰਣ' ਦੀ ਪ੍ਰਕਿਰਿਆ ਬਹੁਤ ਤੇਜ਼ ਹੋ ਗਈ ਸੀ। ਇਹ ਨਵੇਂ ਬਣੇ ਮੁਸਲਮਾਨ, ਸ਼ਰ੍ਹਾ ਦੇ ਨਾਲ-ਨਾਲ ਆਪਣੇ ਪੁਰਾਣੇ ਰੀਤੀ-ਰਿਵਾਜਾਂ ਨਾਲ ਵੀ ਜੁੜੇ ਰਹਿੰਦੇ ਸਨ। ਇਸ ਤਰ੍ਹਾਂ ਭਾਰਤ ਵਿਚ ਇਕ 'ਨਵਾਂ ਸਭਿਆਚਾਰ' ਪੈਦਾ ਹੋ ਰਿਹਾ ਸੀ।

2.1.5.3 ਇਸਲਾਮੀ ਸਮਾਜ ਬਹੁਪਤਨੀਵਾਦੀ ਸਮਾਜ ਸੀ। ਭਾਵੇਂ ਇੱਕ ਮਰਦ ਨੂੰ ਇੱਕੋਂ ਸਮੇਂ ਚਾਰ ਪਤਨੀਆਂ ਤੋਂ ਵੱਧ ਰੱਖਣ ਦੀ ਇਜਾਜ਼ਤ ਨਹੀਂ ਸੀ ਤਾਂ ਵੀ ਰਾਜੇ-ਰਜਵਾੜੇ ਅਤੇ ਜਾਗੀਰਦਾਰ ਰਖੇਲਾਂ ਅਤੇ ਅਵੈਧ ਪਤਨੀਆਂ ਦੇ ਰੂਪ ਵਿਚ ਦਰਜਨਾਂ ਔਰਤਾਂ ਨੂੰ ਰੱਖ ਲੈਂਦੇ ਸਨ। ਮੁਸਲਮਾਨਾਂ ਨੇ ਭਾਰਤ ਵਿਚ ਆਉਣ ਤੋਂ ਕੁਝ ਸਮਾਂ ਬਾਅਦ ਹੀ ਹਿੰਦੂ ਕੁੜੀਆਂ ਨਾਲ ਵਿਆਹ ਕਰਨੇ ਸ਼ੁਰੂ ਕਰ ਦਿੱਤੇ ਸਨ। ਮੁਸਲਮਾਨ ਲੋਕ ਉਚੇਰੇ ਵਰਗਾਂ ਦੀਆਂ ਔਰਤਾਂ ਨਾਲ ਵਿਆਹ ਕਰਨਾ ਪਸੰਦ ਕਰਦੇ ਸਨ। ਬ੍ਰਾਹਮਣ ਲੜਕੀਆਂ ਨੂੰ ਵਿਸ਼ੇਸ਼ ਤੌਰ ਤੇ ਪਸੰਦ ਕੀਤਾ ਜਾਂਦਾ ਸੀ। ਮੁਸਲਮਾਨ ਵਿਧਵਾਵਾਂ ਨਾਲ ਵੀ ਵਿਆਹ ਕਰ ਲੈਂਦੇ ਸਨ ਅਤੇ ਕਈ ਰਾਜਿਆਂ-ਰਜਵਾੜਿਆਂ ਦੀਆਂ ਵਿਧਵਾ ਔਰਤਾਂ ਨਾਲ ਉਨ੍ਹਾਂ ਨੇ ਵੈਵਾਹਿਕ ਸੰਬੰਧ ਜੋੜ ਰੱਖੇ ਸਨ। ਮੁਗ਼ਲ ਰਾਣੀਆਂ ਘੋੜ-ਸਵਾਰੀ ਅਤੇ ਸ਼ਿਸ਼ਟਾਚਾਰ ਵਿਚ ਨਿਪੁੰਨ ਹੁੰਦੀਆਂ ਸਨ। ਗੁਲਬਦਨ ਬੇਗ਼ਮ, ਹਮੀਦਾ

ਬਾਨੋ, ਨੂਰ ਜਹਾਨ, ਮੁਮਤਾਜ਼ ਮਹਿਲ ਅਤੇ ਜਹਾਂ ਆਰਾ ਵਰਗੀਆਂ ਔਰਤਾਂ ਨੇ ਮੁਗ਼ਲ ਇਤਿਹਾਸ ਵਿਚ ਬੜੀ ਮਹੱਤਵਪੂਰਨ ਭੂਮਿਕਾ ਨਿਭਾਈ। ਉੱਚ-ਘਰਾਣੇ ਦੀਆਂ ਮੁਸਲਮਾਨ ਔਰਤਾਂ ਪਰਦੇ ਦੀ ਪਰੰਪਰਾ ਨੂੰ ਬੜੀ ਸਖ਼ਤੀ ਨਾਲ ਨਿਭਾਉਂਦੀਆਂ ਸਨ ਅਤੇ ਉਨ੍ਹਾਂ ਦੀ ਦੇਖਾ-ਦੇਖੀ ਅਮੀਰ ਹਿੰਦੂਆਂ ਦੀਆਂ ਔਰਤਾਂ ਨੇ ਵੀ ਪਰਦਾ ਕਰਨਾ ਸ਼ੁਰੂ ਕਰ ਦਿੱਤਾ ਸੀ।ਹਿੰਦੂ ਅਤੇ ਮੁਸਲਮਾਨ ਦੋਵੇਂ ਪੁੱਤਰ ਦੇ ਜਨਮ ਲੈਣ ਤੇ ਖੁਸ਼ੀ ਮਨਾਉਂਦੇ ਸਨ ਅਤੇ ਬੇਟੀ ਨੂੰ ਅਣਵਾਂਛਿਤ ਖ਼ਿਆਲ ਕੀਤਾ ਜਾਂਦਾ ਸੀ। ਛੋਟੀਉਮਰ ਦੀਆਂ ਲੜਕੀਆਂ ਨੂੰ ਵਿਆਹ ਦੇਣ ਦਾ ਰਿਵਾਜ ਸੀ ਅਤੇ ਲੜਕੀਆਂ ਨੂੰ ਦਾਜ ਦੇਣ ਦੀ ਪਰੰਪਰਾ ਵੀ ਬਣੀ ਹੋਈ ਸੀ।

## 2.1.6 ਪਿੰਡ ਅਤੇ ਸ਼ਹਿਰ

ਨਿਜ਼ਾਮ-ਉਦ-ਦੀਨ ਅਹਿਮਦ ਦਾ ਕਥਨ ਹੈ ਕਿ ਅਕਬਰ ਦੇ ਰਾਜ ਵਿਚ 120 ਵੱਡੇ ਸ਼ਹਿਰ ਅਤੇ 3200 ਕਸਬੇ ਸਨ।ਹਰ ਕਸਬੇ ਦੇ ਨਾਲ ਇਕ ਸੌ ਤੋਂ ਇਕ ਹਜ਼ਾਰ ਤਕ ਪਿੰਡ ਜੁੜੇ ਹੋਏ ਸਨ। ਇਕ ਹੋਰ ਇਤਿਹਾਸਕਾਰ ਅਨੁਸਾਰ ਔਰੰਗਜ਼ੇਬ ਦੇ ਰਾਜ ਵਿਚ 4 ਲੱਖ ਪਿੰਡ ਸਨ। ਪਿੰਡਾਂ ਦੀ ਆਬਾਦੀ ਦਬਾਉ ਪੈਣ ਤੇ ਅਕਸਰ ਹੀ ਇਕ ਪਿੰਡ ਨੂੰ ਛੱਡ ਕੇ ਦੂਜੇ ਪਿੰਡ ਵਿਚ ਪਲਾਇਣ ਕਰ ਜਾਂਦੀ ਸੀ। ਬਾਬਰ ਨੇ ਨੋਟ ਕੀਤਾ ਸੀ ਕਿ ਹਿੰਦੁਸਤਾਨ ਵਿਚ ਅਨੇਕ ਪਿੰਡ ਕੁਝ ਮਿੰਟਾਂ ਵਿਚ ਹੀ ਉੱਜੜ ਜਾਂਦੇ ਹਨ ਅਤੇ ਏਨੇ ਕੁ ਸਮੇਂ ਵਿਚ ਹੀ ਮੁੜ ਵੱਸ ਜਾਦੇ ਹਨ। ਜੇ ਕਿਸੇ ਵੱਡੇ ਕਸਬੇ ਵਿਚ ਰਹਿਣ ਵਾਲੀ ਆਬਾਦੀ ਨੂੰ ਉਹ ਕਸਬਾ ਛੱਡ ਕੇ ਨੱਠਣਾ ਪੈਂਦਾ ਸੀ ਤਾਂ ਉਹ ਇਸ ਤਰ੍ਹਾਂ ਜਾਂਦੇ ਸਨ ਕਿ ਪਿਛੋਂ ਉਸ ਕਸਬੇ ਦਾ ਨਾਮ-ਨਿਸ਼ਾਨ ਵੀ ਬਾਕੀ ਨਹੀਂ ਸੀ ਰਹਿੰਦਾ। ਪਿੰਡ ਜ਼ਿਮੀਦਾਰਾਂ ਵਲੋਂ ਵਸਾਏ ਜਾਂਦੇ ਸਨ।ਉੱਤਰੀ ਭਾਰਤ ਵਿਚ ਕੁਝ ਖ਼ਾਨਾਬਦੋਸ਼ ਕਬੀਲੇ ਜੱਟ ਅਤੇ ਗੁੱਜਰ ਆਦਿਕ ਵੀ ਸਥਾਈ ਟਿਕਾਣੇ ਬਣਾ ਕੇ ਪਿੰਡਾਂ ਵਿਚ ਰਹਿਣ ਲੱਗ ਪਏ ਸਨ। ਇਸੇ ਤਰ੍ਹਾਂ ਦਾ ਇਕ ਪਿੰਡ 'ਸ਼ੇਖੂਪੁਰ' ਸ਼ੇਖ਼ ਫਰੀਦੁੱਦੀਨ ਨੇ ਵਸਾਇਆ ਸੀ ਅਤੇ ਇਸ ਵਿਚ ਆਲੇ-ਦੁਆਲੇ ਵੱਸਣ ਵਾਲੇ ਬਹੁਤ ਸਾਰੇ ਕਿਰਤੀ ਅਤੇ ਕਿਸਾਨ ਆ ਗਏ ਸਨ। ਅਜਿਹੇ ਪਿੰਡ ਝੁੱਗੀਆਂ ਝੋਪੜੀਆਂ ਵਿਚ ਵਸਦੇ ਸਨ ਅਤੇ ਇਥੇ ਪੈਦਾ ਹੋਣ ਵਾਲੀਆਂ ਵਸਤਾਂ ਨੂੰ ਨੇੜੇ ਦੇ ਕਸਬਿਆਂ ਵਿਚ ਵੇਚ ਦਿੱਤਾ ਜਾਂਦਾ ਸੀ। ਪਿੰਡ ਦੇ ਲੋਕ ਬਾਲਟੀਆਂ ਵਗੈਰਾਂ ਨਾਲ ਆਪਣੇ ਖੇਤਾਂ ਨੂੰ ਪਾਣੀ ਦਿਆ ਕਰਦੇ ਸਨ।ਲਾਹੌਰ ਅਤੇ ਦੀਪਾਲਪੁਰ ਵਰਗੇ ਸ਼ਹਿਰਾਂ ਵਿਚ ਹਲਟ ਵੀ ਲੱਗੇ ਹੋਏ ਸਨ। ਫ਼ੀਰੋਜ਼ਸ਼ਾਹ ਨੇ ਕੁਝ ਨਹਿਰਾਂ ਵੀ ਬਣਵਾਈਆਂ ਸਨ।

**2.1.6.1** **'ਆਇਨ-ਇ-ਅਕਬਰੀ'** ਵਿਚ ਉਸ ਸਮੇਂ ਕਾਸ਼ਤ ਕੀਤੀਆਂ ਜਾਣ ਵਾਲੀਆਂ ਫਸਲਾਂ ਦਾ ਵੇਰਵਾ ਵੀ ਦਿੱਤਾ ਗਿਆ ਹੈ। ਉਸ ਸਮੇਂ ਜੁਆਰ, ਦਾਲਾਂ, ਤੇਲ-ਬੀਜਾਂ, ਗੰਨਾ, ਕਪਾਹ, ਪੋਸਤ ਨੀਲ ਅਤੇ ਪਾਨ ਦੇ ਪੱਤੇ ਦੀ ਕਾਸ਼ਤ ਕੀਤੀ ਜਾਂਦੀ ਸੀ। ਕੁਝ ਸਬਜ਼ੀਆਂ ਵੀ ਬੀਜੀਆਂ ਜਾਂਦੀਆਂ ਸਨ। ਬੰਗਾਲ ਵਿਚ ਚਾਵਲ ਦੀ ਖੇਤੀ ਕੀਤੀ ਜਾਂਦੀ ਸੀ। ਕਿਸਾਨਾਂ ਦੀ ਹਾਲਤ ਚੰਗੀ ਨਹੀਂ ਸੀ ਅਤੇ ਦੇਸ਼ ਦੇ ਕਿਸੇ -ਨਾ-ਕਿਸੇ ਹਿੱਸੇ ਵਿਚ ਕਾਲ ਪਿਆ ਰਹਿੰਦਾ ਸੀ।

**2.1.6.2** ਵੱਡੇ-ਵੱਡੇ ਪਿੰਡ ਹੌਲੀ-ਹੌਲੀ ਕਸਬਿਆਂ ਦਾ ਰੂਪ ਧਾਰਨ ਕਰ ਰਹੇ ਸਨ। ਚੌਦ੍ਹਵੀਂ ਸਦੀ ਤੋਂ ਬਾਅਦ ਦੇਸ਼ ਵਿਚ ਬਹੁਤ ਸਾਰੇ ਵਪਾਰਕ ਕੇਂਦਰ ਹੋਂਦ ਵਿਚ ਆ ਗਏ ਸਨ। ਸਤਾਰ੍ਹਵੀਂ ਸਦੀ ਤਕ, ਹੱਥਾਂ ਨਾਲ ਕੰਮ ਕਰਨ ਵਾਲੀਆਂ ਜਾਤੀਆਂ, ਜਿਵੇਂ ਜੁਲਾਹੇ, ਸੁਨਿਆਰ, ਤਰਖਾਣ, ਲੁਹਾਰ, ਛੀਂਬੇ, ਮੋਚੀ ਅਤੇ ਘੁਮਿਆਰ ਆਦਿ ਦੀ ਗਿਣਤੀ ਏਨੀ ਵਧ ਗਈ ਸੀ ਕਿ ਸ਼ਹਿਰਾਂ ਵਿਚ ਉਨ੍ਹਾਂ ਦੇ ਨਾਮ ਉਪਰ ਵੱਖਰੇ ਮਹੱਲੇ ਬਣ ਗਏ ਸਨ। ਇਨ੍ਹਾਂ ਸ਼ਹਿਰਾਂ ਵਿਚ ਕਪਾਹ, ਕੰਬਲਾਂ ਅਤੇ ਕਾਗਜ਼ ਦਾ ਵਪਾਰ ਹੁੰਦਾ ਸੀ। ਤੁਗ਼ਲਕਾਬਾਦ, ਜੌਨਪੁਰ, ਆਗਰਾ, ਅਹਿਮਦਾਬਾਦ, ਫ਼ੀਰੋਜ਼ਸ਼ਾਹ ਕੋਟਲਾ, ਫ਼ਤਹਿਪੁਰ ਸੀਕਰੀ, ਅਲਾਹਾਬਾਦ ਅਤੇ ਦੌਲਤਾਬਾਦ ਵਰਗੇ ਬਹੁਤ ਸਾਰੇ ਨਵੇਂ ਸ਼ਹਿਰ ਭਾਰਤ ਦੇ ਨਕਸ਼ੇ ਉੱਪਰ ਆਏ ਸਨ।ਇਨ੍ਹਾਂ ਸ਼ਹਿਰਾਂ ਵਿਚ ਕਈ ਬੜੀਆਂ ਸ਼ਾਨਦਾਰ ਇਮਾਰਤਾਂ ਅਤੇ ਬਾਗ਼ ਬਗੀਚੇ ਲਗਵਾਏ ਗਏ। ਜਿਨ੍ਹਾਂ ਨਾਲ ਇਨ੍ਹਾਂ ਦੀ

ਸ਼ੋਭਾ ਬਹੁਤ ਵਧ ਗਈ।

**2.1.6.3** ਮੁਸਲਿਮ ਜਾਗੀਰਦਾਰੀ ਸ਼੍ਰੇਣੀ ਬਹੁਤ ਫ਼ਜ਼ੂਲ-ਖਰਚ ਅਤੇ ਬੇਪਰਵਾਹ ਹੁੰਦੀ ਸੀ।ਇਸ ਕਾਰਨ ਆਮ ਮੁਸਲਮਾਨ ਵੀ ਉਨ੍ਹਾਂ ਦੀ ਨਕਲ ਕਰਕੇ ਫ਼ਜ਼ੂਲ-ਖਰਚ ਸਨ। ਇਹ ਲੋਕ ਬੱਚੇ ਦੇ ਜਨਮ, ਸੁੰਨਤ, ਪੜ੍ਹਾਈ ਸ਼ੁਰੂ ਕਰਨ ਦੇ ਅਵਸਰ (ਬਿਸਮਿੱਲਾਹ), ਸ਼ਬ-ਇਬਰਾਤ,ਈਦੁਲ ਫ਼ਿਤਰ ਅਤੇ ਈਦੁਲ-ਅਜ਼ਹਾ ਵਰਗੇ ਮੌਕਿਆਂ ਅਤੇ ਤਿਉਹਾਰਾਂ ਉਤੇ ਭਾਰੀ ਖਰਚਾ ਕਰਦੇ ਸਨ। ਤੂਰਾਨੀ, ਈਰਾਨੀ ਅਤੇ ਹੋਰ ਮੁਸਲਮਾਨਾਂ ਵਾਂਗ ਰਾਜਪੂਤ ਸ਼੍ਰੇਣੀ ਵੀ ਬਹੁਤ ਐਸ਼-ਪਸੰਦ ਅਤੇ ਖਰਚਾਲੂ ਸੀ। ਕੇਵਲ ਅਫ਼ਗਾਨ ਲੋਕ ਹੀ ਸਾਦਾ ਅਤੇ ਸੰਜਮੀ ਹੁੰਦੇ ਸਨ। ਇਤਿਹਾਸਕਾਰ ਬਰਨੀ ਅਨੁਸਾਰ ਭਾਰਤ ਦੀ ਅਮੀਰ ਸ਼੍ਰੇਣੀ ਨੇ ਕਦੇ ਕੁਝ ਬਚਾਇਆ ਨਹੀਂ ਸੀ ਅਤੇ ਇਹ ਸਦਾ ਕਰਜ਼ੇ ਵਿਚ ਡੁੱਬੀ ਰਹਿੰਦੀ ਸੀ। ਹਿੰਦੂ ਵਪਾਰੀ ਅਤੇ ਸ਼ਾਹੂਕਾਰ ਉਨ੍ਹਾਂ ਨੂੰ ਜ਼ਮੀਨਾਂ ਗਹਿਣੇ ਰਖਵਾ ਕੇ ਕਰਜ਼ ਦਿੰਦੇ ਰਹਿੰਦੇ ਸਨ ਅਤੇ ਇਸ ਤਰ੍ਹਾਂ ਇਹ ਭਾਰਤੀ ਵਰਗ ਬਹੁਤ ਅਮੀਰ ਹੋ ਗਏ ਸਨ। ਜਾਗੀਰਦਾਰਾਂ ਨੂੰ ਆਪਣੀਆਂ ਜਾਗੀਰਾਂ ਦੇ ਇਵਜ਼ ਵਿਚ ਬਾਦਸ਼ਾਹ ਲਈ ਇਕ ਵੱਡੀ ਫੌਜ ਵੀ ਰੱਖਣੀ ਪੈਂਦੀ ਸੀ, ਕਈ ਵਾਰ ਯੁੱਧ ਦੇ ਮੈਦਾਨ ਵਿਚ ਜਾਣਾ ਪੈਂਦਾ ਸੀ। ਇਸ ਕਾਰਨ ਉਹ ਖੇਤੀਬਾੜੀ ਵੱਲ ਧਿਆਨ ਨਹੀਂ ਸਨ ਦੇ ਸਕਦੇ। ਇਸ ਲਈ ਵੀ ਰੁਪਏ-ਪੈਸੇ ਵੱਲੋਂ ਉਨ੍ਹਾਂ ਦਾ ਹੱਥ ਸਦਾ ਤੰਗ ਰਹਿੰਦਾ ਸੀ।

## 2.1.7 ਵਿੱਦਿਆ-ਪ੍ਰਣਾਲੀ

ਹਿੰਦੂ ਅਤੇ ਮੁਸਲਮਾਨ ਦੋਹਾਂ ਧਰਮਾਂ ਦੇ ਬੱਚੇ ਆਪਣੀ ਮੁਢਲੀ ਸਿੱਖਿਆ ਘਰ ਵਿਚ ਹੀ ਪ੍ਰਾਪਤ ਕਰਦੇ ਸਨ।ਮੁਸਲਿਮ ਜਾਗੀਰਦਾਰ ਆਪਣੇ ਬੱਚਿਆਂ ਦੀ ਪੜ੍ਹਾਈ ਵਾਸਤੇ ਆਪਣੇ ਆਪਣੇ ਘਰਾਂ ਵਿਚ ਹੀ ਅਧਿਆਪਕ ਦਾ ਪ੍ਰਬੰਧ ਕਰ ਲੈਂਦੇ ਸਨ।ਉਚੇਰੀ ਪੜ੍ਹਾਈ 'ਮਦਰੱਸਿਆ' ਵਿਚ ਕਰਵਾਈ ਜਾਂਦੀ ਸੀ। ਇਹ ਮਦਰੱਸੇ, ਬਾਦਸ਼ਾਹਾਂ ਜਾਂ ਹੋਰ ਅਮੀਰਾਂ-ਵਜ਼ੀਰਾਂ ਵੱਲੋਂ ਚਲਾਏ ਜਾਂਦੇ ਸਨ। ਮਦਰੱਸਿਆ ਦੀ ਪੜ੍ਹਾਈ ਦਾ ਮੁਖ ਮੰਤਵ 'ਉਲਮਾ' ਵਰਗ ਨੂੰ ਤਿਆਰ ਕਰਨਾ ਹੁੰਦਾ ਸੀ। ਇਹ ਵਰਗ ਸਰਕਾਰੀ ਨੌਕਰੀਆਂ ਅਤੇ ਨਿਆਇ-ਵਿਵਸਥਾ ਲਈ ਲੋੜੀਂਦਾ ਸੀ। ਇਲਤੁਤਮਿਸ਼ ਨੇ ਆਪਣੇ ਪੁੱਤਰ ਨਸੀਰੁੱਦੀਨ ਦੀ ਯਾਦ ਵਿਚ ਦਿਲੀ ਵਿਖੇ 'ਨਸੀਰੀਆ ਕਾਲਜ' ਖੋਲ੍ਹਿਆ ਸੀ।ਇਸਦਾ ਪਹਿਲਾ ਪ੍ਰਿੰਸੀਪਲ ਕਾਜ਼ੀ ਮਿਨਹਾਜ ਸਿਰਾਜ ਬਣਿਆ। ਇਸ ਤੋਂ ਬਾਅਦ ਦਿੱਲੀ ਅਤੇ ਹੋਰ ਵੱਡੇ ਸ਼ਹਿਰਾਂ ਵਿਚ ਬਹੁਤ ਸਾਰੀਆਂ ਵਿਦਿਅਕ ਸੰਸਥਾਵਾਂ ਖੁਲ੍ਹ ਗਈਆਂ। ਕਿਹਾ ਜਾਂਦਾ ਹੈ ਕਿ ਮੁਹੰਮਦ-ਬਿਨ-ਤੁਗ਼ਲਕ ਦੇ ਜ਼ਮਾਨੇ ਵਿਚ, ਕੇਵਲ ਦਿੱਲੀ ਵਿਚ ਹੀ, ਇਹੋ ਜਿਹੀਆਂ 1000 ਸੰਸਥਾਵਾਂ ਚੱਲ ਰਹੀਆਂ ਸਨ। ਸੁਲਤਾਨ ਫ਼ੀਰੋਜ਼ ਸ਼ਾਹ ਵਲੋਂ ਹੌਜ਼ ਖਾਸ ਵਿਚ ਸ਼ੁਰੂ ਕੀਤਾ ਫੀਰੋਜ਼ਸ਼ਾਹੀ ਮਦਰੱਸਾ ਬਹੁਤ ਪ੍ਰਸਿੱਧ ਸੀ। ਸੂਫੀ ਖ਼ਾਨਗਾਹਾਂ ਵਿਚ ਵੀ ਪੜ੍ਹਾਈ ਦਾ ਬਹੁਤ ਸੁਚੱਜਾ ਪ੍ਰਬੰਧ ਹੁੰਦਾ ਸੀ। ਮਦਰੱਸਿਆਂ ਵਿਚ ਫ਼ਿਕਅ,ਹਦੀਸਾਂ, ਕੁਰਾਨ ਸ਼ਰੀਫ਼, ਤਰਕ ਸ਼ਾਸਤਰ, ਕਾਨੂੰਨ ਅਤੇ ਅਰਬੀ ਸਾਹਿਤ ਦੀ ਪੜ੍ਹਾਈ ਕਰਵਾਈ ਜਾਂਦੀ ਸੀ। ਪੁਸਤਕਾਂ ਬਹੁਤ ਘੱਟ ਹੁੰਦੀਆਂ ਸਨ। ਆਲਮ ਲੋਕ ਜਾਂ ਤਾਂ ਇਨ੍ਹਾਂ ਪੁਸਤਕਾਂ ਦੇ ਉਤਾਰੇ ਆਪ ਕਰ ਲੈਂਦੇ ਸਨ ਅਤੇ ਜਾਂ ਖੁਸ਼ਨਵੀਸਾਂ ਤੋਂ ਇਨ੍ਹਾਂ ਦੇ ਉਤਾਰੇ ਕਰਵਾ ਲੈਂਦੇ ਸਨ। ਅਮੀਰ ਲੋਕਾਂ ਪਾਸ ਸੋਨੇ-ਚਾਂਦੀ ਨਾਲ ਮੜ੍ਹੀਆਂ ਹੋਈਆਂ ਸੁੰਦਰ ਹੱਥ-ਲਿਖਤ ਪੁਸਤਕਾਂ ਹੁੰਦੀਆਂ ਸਨ। ਹਰ ਆਲਮ ਵਿਅਕਤੀ ਦੀ ਇਕ ਨਿੱਜੀ ਲਾਇਬਰੇਰੀ ਜ਼ਰੂਰ ਹੁੰਦੀ ਸੀ। ਸੋਲ੍ਹਵੀਂ ਸਦੀ ਦੇ ਅੰਤ ਤਕ ਪੁਸਤਕਾਂ ਦੀਆਂ ਦੁਕਾਨਾਂ ਵੀ ਖੁਲ੍ਹ ਗਈਆਂ ਸਨ। ਪੱਛਮ ਵਿਚ ਅਰਬੀ ਦੇ ਪ੍ਰਕਾਸ਼ਨ ਦੇ ਵਿਵਸਥਾ ਹੋ ਗਈ ਸੀ। ਭਾਰਤ ਵਿਚ ਈਸਾਈ ਮਿਸ਼ਨਰੀਆਂ ਨੇ ਤਾਮਿਲ ਅਤੇ ਮਲਿਆਲਮ ਵਿਚ ਪੁਸਤਕਾਂ ਦੇ ਪ੍ਰਕਾਸ਼ਨ ਦਾ ਕੰਮ ਆਰੰਭ ਕੀਤਾ।

**2.1.7.1** ਅਕਬਰ ਨੇ ਸਿੱਖਿਆ ਪ੍ਰਣਾਲੀ ਨੂੰ ਨਿਯਮਿਤ ਕਰਨ ਲਈ ਕੁਝ ਨਿਯਮ ਵੀ ਬਣਾਏ। ਉਸਨੇ ਪਾਠ-ਕ੍ਰਮ ਵੱਲ ਵੀ ਧਿਆਨ ਦਿੱਤਾ। ਉਸਨੇ ਹੁਕਮ ਦਿੱਤਾ ਕਿ ਮਦਰੱਸਿਆਂ ਵਿਚ

ਨੈਤਿਕਤਾ, ਹਿਸਾਬ, ਖੇਤੀਬਾੜੀ, ਗਿਣਤੀ-ਮਿਣਤੀ, ਜਿਉਮੈਟਰੀ, ਤਾਰਾ-ਵਿਗਿਆਨ, ਗ੍ਰਹਿ-ਵਿਗਿਆਨ, ਰਾਜ-ਪ੍ਰਬੰਧ ਦੇ ਸਿੱਧਾਂਤ, ਦਵਾਈ-ਬੂਟੀ, ਇਤਿਹਾਸ ਅਤੇ ਧਰਮ ਦੀ ਪੜ੍ਹਾਈ ਕਰਵਾਈ ਜਾਵੇ। ਸੰਸਕ੍ਰਿਤ ਪੜ੍ਹਨ ਵਾਲੇ ਵਿਦਿਆਰਥੀ ਵਿਆਕਰਣ, ਨਿਆਇ-ਸ਼ਾਸਤਰ ਅਤੇ ਯੋਗ-ਸੂਤਰ ਦੀ ਪੜ੍ਹਾਈ ਵੀ ਕਰਦੇ ਸਨ।ਡਾਕਟਰੀ ਦੀ ਪੜ੍ਹਾਈ ਕਰਨ ਵਾਲੇ ਵਿਦਿਆਰਥੀ ਉਕਤ ਵਿਸ਼ਿਆਂ ਦੇ ਨਾਲ-ਨਾਲ 'ਕਾਨੂੰਨ-ਫਿਤ-ਤਿਬ' ਅਤੇ 'ਕਿਤਾਬ-ਅਲ-ਸ਼ਿਫਾ' ਆਦਿਕ ਪੁਸਤਕਾਂ ਪੜ੍ਹਦੇ ਸਨ। ਉਸ ਸਮੇਂ ਦੇ ਆਮ ਸਕੂਲਾਂ ਵਿਚ ਇਸਲਾਮ ਦਾ ਇਤਿਹਾਸ, ਫ਼ਾਰਸੀ ਸਾਹਿੱਤ ਅਤੇ ਲੇਖਾ (ਅਕਾਊਂਟੈਂਸੀ) ਆਦਿਕ ਵਿਸ਼ੇ ਵੀ ਪੜ੍ਹਾਏ ਜਾਂਦੇ ਸਨ।

**2.1.7.2** ਮਧਕਾਲੀਨ ਭਾਰਤ ਦੇ ਸਭਿਆਚਾਰਕ ਇਤਿਹਾਸ ਨੂੰ ਗਹੁ ਨਾਲ ਵਾਚਣ ਤੇ ਪਤਾ ਚਲਦਾ ਹੈ ਕਿ ਉਸ ਵਕਤ ਕੁਝ ਗਿਣੇ-ਚੁਣੇ ਲੋਕ ਹੀ ਆਪਣੀ ਜ਼ਿੰਦਗੀ ਨੂੰ ਚੱਜ ਨਾਲ ਜੀਅ ਸਕਦੇ ਸਨ।ਆਮ ਆਦਮੀ ਜਾਗੀਰਦਾਰਾਂ ਅਤੇ ਅਹਿਲਕਾਰਾਂ ਦੇ ਰਹਿਮੋ-ਕਰਮ ਤੇ ਸੀ। ਇਸੇ ਕਾਰਨ ਹੀ ਗੁਰੂ ਨਾਨਕ ਦੇਵ ਜੀ ਨੇ ਇਸ ਆਮ ਆਦਮੀ ਦੇ ਹੱਕ ਵਿਚ ਆਪਣੀ ਆਵਾਜ਼ ਬੁਲੰਦ ਕਰਦਿਆਂ ਫੁਰਮਾਇਆ ਸੀ :

ਰਾਜੇ ਸੀਹ ਮੁਕਦਮ ਕੁਤੇ।।
ਜਾਇ ਜਗਾਇਨਿ ਬੈਠੇ ਸੁਤੇ।।
ਚਾਕਰ ਨਹਦਾ ਪਾਇਨਿ ਘਾਉ।।
ਰਤੁ ਪਿਤੁ ਕੁਤਿਹੋ ਚਟਿ ਜਾਹੁ।।
ਜਿਥੈ ਜੀਆਂ ਹੋਸੀ ਸਾਰ।।
ਨੱਕੀ ਵੱਢੀ ਲਾਇਤਬਾਰ।।

(ਆ.ਗ੍ਰੰ. ਪੰਨਾ 1288)

## 2.1.8 ਸਭਿਆਚਾਰਕ ਰੂਪਾਂਤਰਣ

ਇਤਿਹਾਸਕਾਰਾਂ ਵਿਚ ਇਹ ਗੱਲ ਪ੍ਰਮਾਣਿਤ ਹੈ ਕਿ ਪੁਰਾਤਨ ਈਰਾਨੀ ਅਤੇ ਭਾਰਤੀ ਹਿੰਦੂ, ਆਰਿਆਈ ਹੋਣ ਦੇ ਕਾਰਨ ਇੱਕੋ ਕੌਮ ਸਨ।ਦੋਵੇਂ ਇੱਕੋ ਤਰ੍ਹਾਂ ਦੇ ਦੇਵੀ-ਦੇਵਤਿਆਂ ਨੂੰ ਪੂਜਦੇ ਸਨ।ਇੱਕੋ ਬੋਲੀ ਬੋਲਦੇ ਸਨ।ਇਨ੍ਹਾਂ ਵਿਚੋਂ ਇੱਕ ਟੋਲੇ ਨੇ,ਭਾਰਤ ਵਿਚ ਆ ਜਾਣ ਤੋਂ ਪਿਛੋਂ ਵੀ ਈਰਾਨੀਆਂ ਨਾਲ ਸਾਂਝ ਬਣਾਈ ਰੱਖੀ ਸੀ। ਆਪਸ ਦਾ ਆਉਣ-ਜਾਣ, ਵਣਜ-ਵਿਹਾਰ, ਰਾਜਿਆਂ ਦਾ ਇਕ-ਦੂਜੈ ਨੂੰ ਚਿੱਠੀਆਂ-ਚੁਪੱਠੀਆਂ ਲਿਖਣਾ,ਸੁਗਾਤਾਂ ਘੱਲਣਾ, ਦਾਗ ਤੇ ਸਿਕੰਦਰ ਦੇ ਜ਼ਮਾਨੇ ਤਕ ਜਾਰੀ ਰਿਹਾ। ਹਿੰਦੂ ਰਾਜਿਆਂ ਦੀ ਸਲਤਨਤ ਅਫ਼ਗਾਨਿਸਤਾਨ ਅਤੇ ਬਲੋਚਿਸਤਾਨ ਤਕ ਫੈਲੀ ਹੋਈ ਸੀ। ਸੁਬਕਦੀਨ ਦੀ ਰਾਜਾ ਜੈਪਾਲ ਨਾਲ ਪਹਿਲੀ ਲੜਾਈ, ਅਫ਼ਗਾਨਿਸਤਾਨ ਵਿਚ ਹੋਈ। ਪਰ ਇਸਲਾਮ ਦੇ ਆਗਮਨ ਤੋਂ ਬਾਅਦ ਆਪਸੀ ਰਿਸ਼ਤੇ ਕਾਫ਼ੀ ਤਿੜਕ ਗਏ। ਇਧਰ ਭਾਰਤ ਵਿਚ ਆਰੀਆਂ ਕੌਮ ਵੀ ਪਤਨ-ਉਨਮੁਖ ਹੁੰਦੀ ਜਾ ਰਹੀ ਸੀ।ਜਾਤ-ਪਾਤ ਅਤੇ ਕਰਮ-ਕਾਂਡ ਅਸਾਧ ਰੋਗ ਬਣ ਕੇ ਹਿੰਦੁਸਤਾਨ ਨੂੰ ਚੰਬੜੇ ਹੋਏ ਸਨ। ਬ੍ਰਾਹਮਣ ਅਤੇ ਰਾਜਪੂਤ ਲੋਕ ਆਪਣੇ ਆਪ ਨੂੰ ਰੱਬ ਦੇ ਸ਼ਰੀਕ ਸਮਝਦੇ ਸਨ ਅਤੇ ਨੀਵੀਆਂ ਜਾਤੀਆਂ ਨਾਲ ਬਹੁਤ ਬੁਰਾ ਵਿਹਾਰ ਕਰ ਰਹੇ ਸਨ। (ਭੋਲਾ ਨਾਥ ਵਾਰਿਸ, ਤਾਰੀਖ਼ ਸ਼ਹਿਰ ਲਾਹੌਰ, ਪੰਨਾ 85) ਉਹ ਸਾਂਝੀਵਾਲਤਾ ਦੀ ਜ਼ੰਜੀਰ ਜਿਸ ਨਾਲ ਪੂਰਾ ਹਿੰਦੁਸਤਾਨ ਬੱਝਾ ਹੋਇਆ ਸੀ, ਟੁੱਟ ਚੁੱਕੀ ਸੀ। ਹਿੰਦੁਸਤਾਨ ਇਕ ਬੇਸਿਰਾ, ਬੇਢੰਗਾ ਅਤੇ ਬੇਤੁਕਾ ਦੇਸ਼ ਬਣਿਆ ਹੋਇਆ ਸੀ। ਹਰ ਇਕ ਨੂੰ ਆਪੋਧਾਪੀ ਪਈ ਸੀ।

ਅਜਿਹੇ ਮੁਲਕ ਨੂੰ ਆਪਣੇ ਕਬਜ਼ੇ ਵਿਚ ਕਰ ਲੈਣਾ ਕੋਈ ਔਖਾ ਕੰਮ ਨਹੀਂ ਸੀ। ਇਹੀ ਕਾਰਨ ਹੈ ਕਿ ਸਮਾਜਿਕ ਅਸ਼ਾਂਤੀ ਅਤੇ ਸਭਿਆਚਾਰਕ ਅਨੇਕਤਾ ਦੇ ਕਾਰਨ ਬਾਹਰ ਤੋਂ ਜਿਹੜਾ ਵੀ ਹਮਲਾਵਰ ਆਇਆ, ਵਿਜੈ ਨੇ ਉਸਦੇ ਕਦਮ ਚੁੰਮੇ।

**2.1.8.1** ਮੁਸਲਮਾਨਾਂ ਨੇ ਹਿੰਦੁਸਤਾਨ ਵਿਚ ਆਪਣੇ ਕਦਮ ਟਿਕਾ ਕੇ ਇਸਲਾਮ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਕੰਮ ਵੀ ਤੇਜ਼ ਕਰ ਦਿੱਤਾ। ਸ਼ੇਖ਼ ਫ਼ਰੀਦ, ਦਾਤਾ ਗੰਜ ਬਖ਼ਸ਼ ਅਤੇ ਬਹਾਉਦੀਨ ਜ਼ਕਰੀਆ ਵਰਗੇ ਸੂਫ਼ੀ ਦਰਵੇਸ਼ਾਂ ਨੇ ਪਾਕਪਟਨ,ਲਾਹੌਰ, ਮੁਲਤਾਨ, ਜਲੰਧਰ ਅਤੇ ਸਰਹਿੰਦ ਆਦਿਕ ਕੇਂਦਰਾਂ ਉਤੇ ਆਪਣੇ ਤਕੀਏ ਸਥਾਪਿਤ ਕਰਕੇ ਧਰਮ-ਪ੍ਰਚਾਰ ਸ਼ੁਰੂ ਕੀਤਾ। ਪੰਜਾਬ ਦੇ ਲੋਕ ਅਰਬੀ-ਫ਼ਾਰਸੀ ਨਹੀਂ ਜਾਣਦੇ ਸਨ। ਇਸ ਕਰਕੇ ਸੂਫ਼ੀ ਦਰਵੇਸ਼ਾਂ ਨੇ ਪਹਿਲਾਂ ਆਪ ਪੰਜਾਬੀ ਸਿੱਖੀ ਅਤੇ ਫਿਰ ਇਸ ਬੋਲੀ ਰਾਹੀਂ ਇਸਲਾਮ ਦੀ ਸਿੱਖਿਆ ਦੇਣੀਸ਼ੁਰੂ ਕਰ ਦਿੱਤੀ। ਇਸਲਾਮ ਦੀਆਂ ਕਿਤਾਬਾਂ ਪੰਜਾਬੀ ਵਿਚ ਅਨੁਵਾਦ ਕੀਤੀਆਂ ਅਤੇ ਫਿਰ ਉਨ੍ਹਾਂ ਨੂੰ ਆਮ ਲੋਕਾਂ ਤੱਕ ਪਹੁੰਚਾ ਦਿੱਤਾ। ਇਸਦਾ ਨਤੀਜਾ ਇਹ ਹੋਇਆ ਕਿ ਥੋੜੇ ਹੀ ਸਮੇਂ ਵਿਚ ਚਾਰੇ ਪਾਸਿਓਂ 'ਅੱਲਾ ਹੂ ਅਕਬਰ' ਦੀਆਂ ਆਵਾਜ਼ਾਂ ਗੂੰਜਣ ਲੱਗੀਆਂ ਅਤੇ ਪਿੰਡਾਂ ਦੇ ਪਿੰਡ ਮੁਸਲਮਾਨ ਹੋ ਗਏ (ਉਹੀ, ਪੰਨਾ 91) ਪੰਜਾਬੀ ਬੋਲੀ ਵਿਚ ਫ਼ਾਰਸੀ ਦੇ ਅਨੇਕ ਸ਼ਬਦ ਆ ਗਏ, ਜਿਵੇਂ : ਫ਼ੌਜ, ਫ਼ੌਜਦਾਰੀ, ਦਸਤਾ, ਫ਼ਤਹਿ, ਹਮਲਾ, ਕਿਲ੍ਹਾ, ਫ਼ੀਲ, ਬੁਰਜ, ਮੀਨਾਰ, ਪਿਆਦਾ, ਸਵਾਰ,ਤੋਪ, ਬੰਦੂਕ, ਕਮਾਨ, ਰਕਾਬ, ਫ਼ੀਨ, ਲਗਾਮ ਆਦਿਕ। ਕੱਪੜੇ-ਲੀੜੇ, ਖਾਣ-ਪੀਣ ਅਤੇ ਰਹਿਣ-ਸਹਿਣ ਨਾਲ ਸੰਬੰਧਿਤ ਪੰਜਾਬੀ ਵਿਚ ਆਏ ਕੁਝ ਫ਼ਾਰਸੀ ਸ਼ਬਦ ਦੇਖੋ: ਪਜਾਮਾ, ਜਾਮਾ, ਸਲਵਾਰ,ਲੁੰਗੀ, ਕਮਰਬੰਦ, ਤਹਿਮਤ, ਤੰਬਾ, ਲਿਹਾਫ਼ ਜਾਂ ਲੇਫ਼, ਰੁਮਾਲ, ਹਲਵਾ, ਪਲਾਉ, ਕੋਰਮਾ, ਕਬਾਬ, ਸ਼ਕਰਪਾਰਾ, ਬਰਫ਼, ਸ਼ਰਬਤ, ਕੁਲਫ਼ੀ, ਦੀਵਾਰ, ਬਰਾਮਦਾ, ਮੰਜ਼ਲ, ਬਾਰਾਦਰੀ, ਰੌਸ, ਸ਼ਹਿਤੀਰ, ਸਬਾਤ, ਤਹਿਖਾਨਾ, ਮੇਜ਼,ਕੁਰਸੀ, ਦਰਵਾਜ਼ਾ, ਨਾਸ਼ਪਾਤੀ, ਆੜੂ, ਤਰਬੂਜ਼, ਖ਼ਰਬੂਜ਼ਾ, ਆਲੂਚਾ, ਅੰਗੂਰ, ਗੁਲਾਬ, ਪਿਆਜ਼ ਆਦਿਕ।

**2.1.8.2** ਮੱਧਕਾਲੀਨ ਪੰਜਾਬੀ ਸਾਹਿੱਤ ਦੇ ਸਭਿਆਚਾਰਕ ਅਤੇ ਰਾਜਸੀ ਪਰਿਪੇਖ ਦਾ ਸੰਖੇਪ ਅਧਿਐਨ ਕਰਨ ਉਪਰੰਤ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਸ ਕਾਲ ਵਿਚ ਸਭਿਆਚਾਰਕ ਰੂਪਾਂਤਰਣ ਦੀ ਪ੍ਰਕਿਰਿਆ ਬਹੁਤ ਤੇਜ਼ ਹੋ ਗਈ ਸੀ।ਮੁਸਲਮਾਨਾਂ ਅਤੇ ਹਿੰਦੂਆਂ ਦੇ ਨਾਲ-ਨਾਲ ਇਕ ਹੋਰ ਅਗਰਗਾਮੀ ਅਤੇ ਨਵ-ਉਦਿਤ ਸਿੱਖ ਧਰਮ ਵੀ ਪੰਜਾਬ ਵਿਚ ਇਕ ਸ਼ਕਤੀਸ਼ਾਲੀ ਧਿਰ ਬਣ ਕੇ ਉੱਭਰ ਰਿਹਾ ਸੀ। ਜਿਥੇ ਪਹਿਲਾਂ ਹਿੰਦੂ ਧਰਮ ਤੋਂ ਸਤਾਏਲੋਕ ਇਸਲਾਮ ਦੀ ਸ਼ਰਨ ਵਿਚ ਜਾ ਕੇ ਸਮਾਨਤਾ ਅਤੇ ਸੁਤੰਤਰਤਾ ਦੇ ਜੀਵਨ ਦੀ ਤਲਾਸ਼ ਕਰਦੇ ਸਨ। ਉਥੇ ਹੁਣ ਬਹੁਤੇ ਲੋਕ ਸਿੱਖ ਬਣਨ ਨੂੰ ਤਰਜੀਹ ਦੇਣ ਲੱਗ ਪਏ ਸਨ। ਅਜਿਹੀਆਂ ਰੁਚੀਆਂ ਦੀ ਸੂਚਨਾ ਮਧਕਾਲੀਨ ਸਾਹਿਤ ਵਿਚੋਂ ਦੇਖੀ ਅਤੇ ਮਹਿਸੂਸ ਕੀਤੀ ਜਾ ਸਕਦੀ ਹੈ।

**2.1.8.3** ਮੱਧਕਾਲ ਵਿਚ ਸਭਿਆਚਾਰਕ ਰੂਪਾਂਤਰਣ ਦੇ ਅਮਲ ਸਦਕਾ ਹਿੰਦੂ ਅਤੇ ਸਿੱਖਾਂ ਦੇ ਨਾਲ-ਨਾਲ ਮੁਸਲਮਾਨ ਲੇਖਕਾਂ ਨੇ ਵੀ ਵੱਡੀ ਗਿਣਤੀ ਵਿਚ ਪੰਜਾਬੀ ਭਾਸ਼ਾ ਅਤੇ ਸਾਹਿੱਤ ਨੂੰ ਅਪਣਾਇਆ। ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁਲ੍ਹੇ ਸ਼ਾਹ, ਸ਼ਾਹ ਮੁਰਾਦ, ਮੁਕਬਲ, ਅਲੀ ਹੈਦਰ, ਵਾਰਿਸ, ਅਹਿਮਦ ਯਾਰ। ਹਾਸ਼ਮ, ਕਾਦਰ ਯਾਰ ਅਤੇ ਫ਼ਜ਼ਲ ਸ਼ਾਹ ਵਰਗੇ ਅਨੇਕ ਮੁਸਲਮਾਨਾਂ ਕਵੀਆਂ ਨੇ ਪੰਜਾਬੀ ਸਾਹਿੱਤ ਅਤੇ ਭਾਸ਼ਾ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਇਉਂ ਪੰਜਾਬੀ ਸਾਹਿੱਤ ਕਿਸੇ ਇਕ ਧਰਮ ਜਾਂ ਫਿਰਕੇ ਤਕ ਹੀ ਮਹਿਦੂਦ ਨਾ ਰਿਹਾ ਬਲਕਿ ਸਮੁੱਚੇ ਪੰਜਾਬੀਆਂ ਨੇ ਇਸ ਨੂੰ ਬੜੀ ਸਿਦਕ ਦਿਲੀ ਨਾਲ ਅਪਣਾਇਆ ਅਤੇ ਇਸ ਦੇ ਮਾਧਿਅਮ ਦੁਆਰਾ ਆਪਣੇ ਭਾਵਾਂ ਨੂੰ ਰੂਪਮਾਨ ਕੀਤਾ।ਇਹੀ ਕਾਰਨ ਹੈ ਕਿ ਪੰਜਾਬੀ ਸਾਹਿਤ ਵਿਚ ਅਤਿਅੰਤ ਵੰਨ ਸੁਵੰਨਤਾ ਅਤੇ ਵਿਵਿਧਤਾ ਦੇਖੀ-ਪੜ੍ਹੀ ਜਾ ਸਕਦੀ ਹੈ।

## 15.9 ਸਾਰਾਂਸ਼

ਮਧਕਾਲੀਨ ਪੰਜਾਬੀ ਸਾਹਿੱਤ ਇਕ ਸਰਬ ਸਾਂਝੇ ਅਤੇ ਉਦਾਰ ਵਿਰਸੇ ਦੀ ਤਰਜਮਾਨੀ ਕਰਦਾ ਹੈ। ਇਸ ਵਿਚ ਧਾਰਮਿਕ ਸੰਕੀਰਣਤਾ, ਮੁਤੱਸਬ ਅਤੇ ਹਠਧਰਮੀ ਦ੍ਰਿਸ਼ਟੀਗੋਚਰ ਨਹੀਂ ਹੁੰਦੀ। ਇਸ ਕਾਲ ਵਿਚ ਰਚੇ ਗਏ ਸਾਹਿੱਤ ਦਾ ਕੋਈ ਰੂਪ ਕਿਸੇ ਇੱਕ ਧਰਮ ਜਾਂ ਫ਼ਿਰਕੇ ਦੀਆਂ ਮਹੱਤਵਾਕਾਂਖਿਆਵਾਂ ਜਾਂ ਇੱਛਾਵਾਂ ਤਕ ਸੀਮਿਤ ਨਹੀਂ ਹੈ ਅਤੇ ਨਾ ਹੀ ਇਸ ਵਿਚ ਕਿਸੇ ਧਰਮ ਜਾਂ ਫ਼ਿਰਕੇ ਦੀ ਨਿੰਦਾ ਅਥਵਾ ਆਲੋਚਨਾ ਸੁਣਾਈ ਦਿੰਦੀ ਹੈ। ਇਸ ਨੇ ਆਮ ਲੋਕਾਂ ਦੀਆਂ ਲੋੜਾਂ, ਥੁੜਾਂ ਅਤੇ ਅਤ੍ਰਿਪਤੀਆਂ ਦੇ ਹੱਕ ਵਿਚ ਡਟ ਕੇ ਆਵਾਜ਼ ਬੁਲੰਦ ਕੀਤੀ। ਜ਼ਾਲਮਾਂ ਦੇ ਜ਼ੁਲਮ ਨੂੰ ਵੰਗਾਰਿਆ ਅਤੇ ਮਜ਼ਲੂਮਾਂ ਨੂੰ ਪਿਆਰਿਆਂ-ਦੁਲਾਰਿਆ। ਪੰਜਾਬੀ ਸਾਹਿੱਤ ਦਾ ਅਜਿਹਾ ਮਾਨਵਤਾਵਾਦੀ, ਪ੍ਰਗਤੀਸ਼ੀਲ ਅਤੇ ਲੋਕਪੱਖੀ ਚਰਿੱਤਰ ਅਜੇ ਤਕ ਬਰਕਰਾਰ ਹੈ। ਪ੍ਰੋ. ਪੂਰਨ ਸਿੰਘ ਨੇ ਸੱਚ ਹੀ ਕਿਹਾ ਸੀ :

ਪੰਜਾਬ ਨਾ ਹਿੰਦੂ, ਨਾ ਮੁਸਲਮਾਨ
ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ ਤੇ।

## ਪ੍ਰਸ਼ਨ

### ਉਕਤ ਪਾਠ ਵਿਚ ਦਿੱਤੀ ਗਈ ਸਮੱਗਰੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:

1. ਪੰਜਾਬ ਵਿਚ ਸਭਿਆਚਾਰਕ ਰੂਪਾਂਤਰਣ ਦੀ ਪ੍ਰਕ੍ਰਿਆ ਉਤੇ ਇਕ ਸੰਖੇਪ ਨੋਟ ਲਿਖੋ।
2. ਮੱਧਕਾਲੀਨ ਪੰਜਾਬੀ ਸਾਹਿੱਤ ਦੇ ਰਾਜਨੀਤਕ ਪਰਿਪੇਖ ਬਾਰੇ ਜਾਣਕਾਰੀ ਦਿਉ।
3. ਮੱਧਕਾਲੀਨ ਪੰਜਾਬੀ ਸਾਹਿੱਤ ਦੇ ਰਾਜਨੀਤਕ ਅਤੇ ਸਭਿਆਚਾਰਕ ਪਰਿਪੇਖ ਉੱਤੇ ਇਕ ਆਲੋਚਨਾਤਮਕ ਨੋਟ ਲਿਖੋ।
4. ਮੱਧਕਾਲੀ ਪੰਜਾਬੀ ਸਾਹਿਤ ਦੀ ਸਭ ਤੋਂ ਸ਼ਕਤੀਸ਼ਾਲੀ ਧਾਰਾ-ਗੁਰਮਤਿ ਮੰਨੀ ਜਾਂਦੀ ਹੈ।ਇਸ ਧਾਰਾ ਦੀ ਸਾਹਿਤਕ, ਸਭਿਆਚਾਰਕ, ਰਾਜਸੀ, ਇਤਿਹਾਸਕ ਤੇ ਭਾਸ਼ਾਈ ਮਹੱਤਤਾ ਉਪਰ ਰੋਸ਼ਨੀ ਪਾਉ। (ਅਪਰੈਲ 2010)
5. ਮੱਧਕਾਲੀਨ ਪੰਜਾਬੀ ਸਾਹਿਤ ਦੇ ਸਭਿਆਚਾਰਕ ਪਰਿਪੇਖ ਤੋਂ ਤੁਹਾਡਾ ਕੀ ਭਾਵ ਹੈ? ਕਿਸੇ ਇਕ ਕਾਵਿ ਧਾਰਾ ਦੀਆਂ ਵੰਨਗੀਆਂ ਦੇ ਕੇ ਉੱਤਰ ਸਪੱਸ਼ਟ ਕਰੋ। (ਮਈ 2016)
6. ਮੱਧਕਾਲੀਨ ਪੰਜਾਬੀ ਸਾਹਿਤ ਦਾ ਸਾਹਿਤਕ-ਸਭਿਆਚਾਰਕ ਮਹੱਤਵ ਉਜਾਗਰ ਕਰੋ। (ਮਈ 2016)
7. ਮੱਧਕਾਲੀਨ ਪੰਜਾਬੀ ਸਾਹਿਤ ਨੂੰ ਕਿਹੜੇ-ਕਿਹੜੇ ਆਧਾਰਾਂ ਕਰਕੇ ਮੱਧਕਾਲੀਨ ਕਿਹਾ ਜਾਂਦਾ ਹੈ? ਉਨ੍ਹਾਂ ਸਭਿਆਚਾਰਕ ਅਤੇ ਰਾਜਸੀ ਆਧਾਰਾਂ ਨੂੰ ਸਪਸ਼ਟ ਕਰੋ। (ਮਈ 2017)

## ਸਹਾਇਕ ਪੁਸਤਕਾਵਲੀ


1. ਆਈ.ਸੇਰੇਬਰੀਆਕੋਵ, *ਪੰਜਾਬੀ ਸਾਹਿਤ,* ਨਿਊ ਏਜ ਪ੍ਰਕਾਸ਼ਨ, 1971
2. ਬ੍ਰਹਮਜਗਦੀਸ਼ ਸਿੰਘ, *ਸਭਿਆਚਾਰਕ ਮਾਨਵ ਵਿਗਿਆਨ,* ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1990

3. *ਪੰਜਾਬੀ ਸਾਹਿਤ ਦਾ ਇਤਿਹਾਸ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1963
4. Barni, *Fataw-i-Jahandri*,Lahore, 1972.
5. Habib, Irfan, *TheAgrarian System of Mughal India,* Bombay, 1963.
6. Naqvi,H.K., *Urbanization and Urban Centres under the Great Mughals,*Simla, 1972.
7. Tripathi, R.P.Some *Aspects of Muslim Administration,* Allahabad, 1956

**ਪਾਠ ਨੰ: 2.2** **– ਪ੍ਰੋ. ਬ੍ਰਹਮਜਗਦੀਸ਼ ਸਿੰਘ**

## (ੳ) ਮੱਧਕਾਲੀਨ ਪੰਜਾਬੀ ਸਾਹਿੱਤ ਦੇ ਸਾਂਝੇ ਲੱਛਣ ਅਤੇ ਝੁਕਾਅ

### 2.2.1.1 ਭੂਮਿਕਾ :

ਮੱਧਕਾਲੀਨ ਪੰਜਾਬੀ ਸਾਹਿੱਤ, ਸਾਡੇ ਪੰਜਾਬੀ ਸਾਹਿੱਤ ਦੇ ਸਮੁੱਚੇ ਇਤਿਹਾਸ ਦਾ ਇਕ ਗੌਰਵਮਈ ਭਾਗ ਹੈ। ਇਸ ਕਾਲ ਵਿਚ ਸਾਹਿੱਤ ਦੀਆਂ ਭਿੰਨ-ਭਿਨ ਪ੍ਰਵਿਰਤੀਆਂ ਅਤੇ ਧਾਰਾਵਾਂ ਨੇ ਆਪਣੇ ਵਿਕਾਸ ਦੀਆਂ ਸਿਖਰਾਂ ਨੂੰ ਛੋਹ ਲਿਆ। ਸੂਫ਼ੀ ਕਾਵਿ ਅਤੇ ਭਗਤੀ ਧਾਰਾ ਦੀਆਂ ਪ੍ਰਵਿਰਤੀਆਂ 'ਆਦਿ ਕਾਲ' ਵਿਚ ਹੀ ਪੈਦਾ ਹੋ ਗਈਆਂ ਸਨ, ਉਨ੍ਹਾਂ ਨੇ ਮੱਧਕਾਲ ਵਿਚ ਪਹੁੰਚ ਕੇ ਬਹੁਤ ਪ੍ਰਗਤੀ ਕੀਤੀ ਅਤੇ ਇਨ੍ਹਾਂ ਤੋਂ ਬਿਨਾਂ ਗੁਰਮਤਿ ਕਾਵਿ, ਕਿੱਸਾ ਕਾਵਿ, ਬੀਰ ਕਾਵਿ ਅਤੇ ਵਾਰਤਕ ਆਦਿਕ ਕੁਝ ਨਵੇਂ ਸਾਹਿਤ ਰੂਪ ਵੀ ਪੈਦਾ ਹੋਏ, ਜਿਨ੍ਹਾਂ ਨੇ ਮੱਧਕਾਲੀਨ ਮਨੁੱਖ ਦੇ ਸਰੋਕਾਰਾਂ ਨੂੰ ਪੂਰਨ ਪ੍ਰਮਾਣਿਕਤਾ ਸਹਿਤ ਰੂਪਮਾਨ ਕਰਨ ਦੇ ਸੰਕਲਪ ਨੂੰ ਪੂਰਨ ਕਰ ਵਿਖਾਇਆ ਹੈ। ਪੰਜਾਬੀ ਸਾਹਿੱਤ ਦੀਆਂ ਇਨ੍ਹਾਂ ਭਿੰਨ-ਭਿੰਨ ਪ੍ਰਵਿਰਤੀਆਂ ਦੇ ਗੌਰਵਸ਼ੀਲ ਵਿਕਾਸ ਦੇ ਕਾਰਨ ਹੀ ਕਈ ਵਾਰ ਮੱਧਕਾਲੀਨ ਪੰਜਾਬੀ ਸਾਹਿੱਤ ਦੇ ਯੁਗ ਨੂੰ ਪੰਜਾਬੀ ਸਾਹਿੱਤ ਦਾ ਸੁਨਹਿਰੀ ਕਾਲ ਵੀ ਮੰਨ ਲਿਆ ਜਾਂਦਾ ਹੈ।

**2.2.1.2** ਹਰ ਸਾਹਿੱਤ- ਰੂਪ ਆਪਣੇ ਯੁਗ ਦੀਆਂ ਆਰਥਿਕ-ਪਦਾਰਥਕ ਸਥਿਤੀਆਂ ਦੇ ਦਬਾਉ ਵਿਚੋਂ ਉਪਜਦਾ ਹੈ। ਮੱਧ ਯੁਗ ਵਿਚ ਆਰਥਿਕ ਪਦਾਰਥਕ ਵਸੀਲਿਆਂ ਉਪਰ ਜਾਗੀਰਦਾਰੀ ਪ੍ਰਬੰਧ ਕਾਬਜ਼ ਸੀ। ਇਸ ਪ੍ਰਬੰਧ ਵਿਚ ਆਮ ਆਦਮੀ ਨੂੰ ਕੋਈ ਅਧਿਕਾਰ ਪ੍ਰਾਪਤ ਨਹੀਂ ਸਨ। ਸਮਾਜ ਅਤੇ ਸਭਿਆਚਾਰ ਵਿਚ ਕੇਵਲ ਜਾਗੀਰਦਾਰ ਸ਼੍ਰੇਣੀ ਦੀ ਹੀ ਪੁੱਛ-ਪ੍ਰਤੀਤ ਸੀ। ਇਹ ਸ਼੍ਰੇਣੀ ਧਨ-ਦੌਲਤ। ਜ਼ਮੀਨ-ਜਾਇਦਾਦ ਅਤੇ ਹੋਰ ਵਸੀਲਿਆਂ ਉਪਰ ਆਪਣੇ ਅਧਿਕਾਰ-ਖੇਤਰ ਨੂੰ ਵਧਾਉਣ ਲਈ ਜੰਗਾਂ-ਯੁੱਧਾਂ ਵਿਚ ਮਸਰੂਫ਼ ਰਹਿੰਦੀ ਸੀ। ਮਾਨਵੀ ਕਦਰਾਂ-ਕੀਮਤਾਂ ਨੂੰ ਕੋਈ ਨਹੀਂ ਸੀ ਪੁੱਛਦਾ-ਦੱਸਦਾ। ਇਸ ਸਥਿਤੀ ਵਿਚ ਗੁਰਮਤਿ ਕਾਵਿ ਅਤੇ ਸੂਫ਼ੀ ਕਾਵਿ ਸਮਾਜ ਵਿਚ ਨਰੋਈਆਂ ਕਦਰਾਂ-ਕੀਮਤਾਂ ਨੂੰ ਸਥਾਪਿਤ ਕਰਨ ਦਾ ਬੜਾ ਮਾਨਵਤਾਵਾਦੀ ਪ੍ਰਯਤਨ ਕਰਦੇ ਹਨ। ਕਿੱਸਾ ਕਾਵਿ ਦੇ ਨਾਇਕ ਅਤੇ ਨਾਇਕਾਵਾਂ ਵਰ-ਘਰ ਦੇ ਅਧਿਕਾਰ ਦੀ ਪ੍ਰਾਪਤੀ ਲਈ ਸੰਘਰਸ਼ ਕਰਦੇ ਹਨ ਅਤੇ ਇਉਂ ਮੱਧਕਾਲ ਵਿਚ ਪੈਦਾ ਹੋਏ ਪੰਜਾਬੀ ਸਾਹਿੱਤ ਦੇ ਇਹ ਸਾਰੇ ਰੂਪ ਮਨੁੱਖੀ ਸਮਾਨਤਾ, ਸੁਤੰਤਰਤਾ, ਸਮਾਜਿਕ ਨਿਆਇ ਅਤੇ ਧਾਰਮਿਕ ਸਦਭਾਵਨਾ ਦੀ ਪ੍ਰਾਪਤੀ ਅਤੇ ਸਲਾਮਤੀ ਦਾ ਸੰਦੇਸ਼ ਦਿੰਦੇ ਹਨ।

### 2.2.2.1 ਪ੍ਰਯੋਜਨ

ਇਸ ਪਾਠ ਦਾ ਪ੍ਰਯੋਜਨ ਸਮੁੱਚੇ ਮੱਧਕਾਲ ਵਿਚ ਪੈਦਾ ਹੋਏ ਸਾਹਿੱਤ ਰੂਪਾਂ ਅਤੇ ਪ੍ਰਵਿਰਤੀਆਂ ਦੇ ਸਾਂਝੇ ਲੱਛਣਾਂ ਅਤੇ ਝੁਕਾਵਾਂ ਦੀ ਨਿਸ਼ਾਨ ਦੇਹੀ ਕਰਨਾ ਹੈ।ਸਾਹਿੱਤ ਦਾ ਇਤਿਹਾਸ ਵਾਚਣ ਤੇ ਇਸ ਤੱਥ ਦੀ ਭਲੀ ਭਾਂਤ ਸਮਝ ਆ ਜਾਂਦੀ ਹੈ ਕਿ ਇੱਕ-ਜੈਸੀਆਂ ਜਾਂ ਇੱਕ ਸਮਾਨ ਸਮਾਜਿਕ-ਆਰਥਿਕ ਪਰਿਸਥਿਤੀਆਂ ਵਿਚੋਂ ਇਕ ਜੈਸੇ ਸਾਹਿੱਤ-ਰੂਪ ਪੈਦਾ ਹੁੰਦੇ ਹਨ। ਵਸਤੂ-ਸਾਮੱਗਰੀ ਦੀ ਚੋਣ, ਉਦੇਸ਼ ਅਤੇ ਵਿਸ਼ੇ ਉਪਰ ਫੋਕਸ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਵਿਚ ਬਹੁਤ ਸਮਾਨਤਾਵਾਂ ਢੂੰਡੀਆਂ ਜਾ ਸਕਦੀਆਂ ਹਨ। ਹਥਲੇ ਪਾਠ ਵਿਚ ਮੱਧਕਾਲੀਨ ਪੰਜਾਬੀ ਸਾਹਿੱਤ ਦੇ ਸਾਂਝੇ ਲੱਛਣਾਂ ਦੀ ਨਿਸ਼ਾਨਦੇਹੀ ਕੀਤੀ ਜਾ ਰਹੀ ਹੈ ਤਾਂ ਜੋ ਵਿਦਿਆਰਥੀ ਇਸ ਕਾਲ ਵਿਚ ਰਚੇ ਗਏ ਸਾਹਿੱਤ ਦੇ ਸੁਭਾਉ ਅਤੇ ਚਰਿੱਤਰ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਸਕਣ।

### 2.2.3.1 ਸਾਂਝੇ ਲੱਛਣ ਅਤੇ ਝੁਕਾਅ

ਮੱਧਕਾਲੀਨ ਯੁਗ ਵਿਚ ਵਿਗਿਆਨ ਅਤੇ ਤਕਨਾਲੋਜੀ ਵਿਕਸਤਿ ਨਹੀਂ ਸਨ ਹੋਏ। ਇਸ ਲਈ ਵਿਅਕਤੀ, ਪ੍ਰਕ੍ਰਿਤੀ ਦੇ ਵੱਖ-ਵੱਖ ਰੂਪਾਂ ਬਾਰੇ ਬੜੀ ਅਧੂਰੀ ਜਿਹੀ ਜਾਣਕਾਰੀ ਰੱਖਦਾ ਸੀ। ਚੰਦਰਮਾ, ਸੂਰਜ, ਪ੍ਰਿਥਵੀ ਦੀ ਗਤੀ, ਹਵਾ, ਰੁੱਤਾਂ ਅਤੇ ਅਗਨੀ ਆਦਿਕ ਪ੍ਰਾਕ੍ਰਿਤਿਕ ਸ਼ਕਤੀਆਂ ਜਾਂ ਰੂਪਾਂ ਨੂੰ ਉਹ ਦੇਵੀ-ਦੇਵਤੇ ਸਮਝ ਕੇ ਇਨ੍ਹਾਂ ਦੀ ਉਪਸਨਾ ਕਰਦਾ ਸੀ। ਹੌਲੀ-ਹੌਲੀ ਉਸ ਨੂੰ ਇਹ ਵੀ ਸਮਝ ਆ ਗਈ ਕਿ ਪ੍ਰਕ੍ਰਿਤੀ ਦੀਆਂ ਇਹ ਸਾਰੇ ਸ਼ਕਤੀਆਂ ਬਿਲਕੁਲ ਉਸੇ ਤਰ੍ਹਾਂ ਇਕ ਹੋਰ ਮਹਾਨ ਸ਼ਕਤੀ ਦੇ ਅਧੀਨ ਹਨ, ਜਿਵੇਂ ਵੱਖ-ਵੱਖ ਜਾਗੀਰਦਾਰ ਇਕ ਬਾਦਸ਼ਾਹ ਜਾਂ ਵੱਡੇ ਰਾਜੇ ਦੇ ਅਧੀਨ ਹੁੰਦੇ ਹਨ। ਇਸ ਮਹਾਨ ਸ਼ਕਤੀ ਨੂੰ ਰੱਬ ਜਾਂ ਪਰਮਾਤਮਾ ਦਾ ਨਾਮ ਦੇ ਕੇ ਉਸ ਦੀ ਅਰਾਧਨਾ ਕੀਤੀ ਜਾਣ ਲੱਗੀ। ਰੱਬ ਨੂੰ ਮਨੁੱਖੀ ਸਰੂਪ ਦਾ ਸਿਰਜਕ, ਪਾਲਕ ਅਤੇ ਵਿਨਾਸ਼ਕ ਮੰਨਿਆ ਗਿਆ। ਰੱਬ ਦੀ ਪ੍ਰਾਪਤੀ ਲਈ ਜਾਂ ਉਸਦੀ ਕ੍ਰਿਪਾ-ਦ੍ਰਿਸ਼ਟੀ ਵਾਸਤੇ ਉਸ ਦੀ ਭਗਤੀ ਅਤੇ ਬੰਦਗੀ ਆਦਿਕ ਨੂੰ ਸਭ ਤੋਂ ਉਪਯੋਗੀ ਮੰਨਿਆ ਗਿਆ। ਚੰਗੀਆਂ ਕਦਰਾਂ-ਕੀਮਤਾਂ ਦੀ ਪਾਲਣਾ ਅਤੇ ਸ਼ੁਭ ਕਰਮਾਂ ਨੂੰ ਮਨੁੱਖੀ ਜੀਵਨ ਦੀ ਸਫ਼ਲਤਾ ਅਤੇ ਪ੍ਰਮਾਣਿਕਤਾ ਦਾ ਨਾਮ ਦਿੱਤਾ ਗਿਆ। ਇਉਂ ਮੱਧਕਾਲ ਵਿਚ ਮਨੁੱਖ ਦੀ ਦ੍ਰਿਸ਼ਟੀ ਇਹ ਲੌਕਿਕ ਹੋਣ ਦੀ ਬਜਾਇ ਪਰਾਲੌਕਿਕ ਬਣੀ ਰਹੀ ਹੈ। ਹਰ ਮਨੁੱਖ ਆਪਣੇ ਮੌਜੂਦਾ ਜੀਵਨ ਦੀ ਸਫ਼ਲਤਾ/ਅਸਫ਼ਲਤਾ ਨੂੰ ਪਰਾਲੌਕਿਕ ਪੈਮਾਨਿਆਂ ਦੇ ਮਾਧਿਅਮ ਦੁਆਰਾ ਨਿਖਰਦਾ-ਪਰਖਦਾ ਸੀ। ਇਉਂ ਪਰਾਲੌਕਿਕ ਸਰੋਕਾਰ, ਮੱਧਕਾਲ ਵਿਚ ਰਚੇ ਗਏ ਸਮੁੱਚੇ ਸਾਹਿੱਤ ਰੂਪਾਂ ਦੀ ਕੇਂਦਰੀ ਅਥਵਾ ਸਾਂਝੀ ਇਕਾਈ ਬਣੇ ਰਹੇ ਹਨ।

### 2.2.3.2 ਪ੍ਰਭੂ ਦੀ ਸਰਵਸ਼ਕਤੀਮਾਨਤਾ

ਮੱਧਕਾਲ ਦੀਆਂ ਸਾਹਿਤਕ ਪਰੰਪਰਾਵਾਂ ਦਾ ਇੱਕ ਸਾਂਝਾ ਲੱਛਣ ਪ੍ਰਭੂ ਦੀ ਸਰਵੁੱਚਤਾ, ਸਰਵ-ਸ਼ਕਤੀਮਾਨਤਾ ਅਤੇ ਨਿਰੰਕੁਸ਼ਤਾ ਹੈ।ਇਨ੍ਹਾਂ ਸਾਰੀਆਂ ਪਰੰਪਰਾਵਾਂ ਵਿਚ ਪ੍ਰਭੂ ਨੂੰ ਸਾਰੀ ਸ੍ਰਿਸ਼ਟੀ ਦਾ ਕਰਤਾ-ਧਰਤਾ ਅਤੇ ਸੰਚਾਲਕ ਮੰਨਿਆ ਗਿਆ ਹੈ।ਉਸੇ ਦੇ ਹੁਕਮ ਨਾਲ ਜੀਵ ਇਸ ਦੁਨੀਆਂ ਵਿਚ ਜਨਮ ਲੈਂਦੇ ਹਨ, ਕਾਰ-ਵਿਹਾਰ ਕਰਦੇ ਹਨ ਅਤੇ ਉਸੇ ਦੇ ਹੁਕਮ ਅਧੀਨ ਇਸ ਦੁਨੀਆਂ ਨੂੰ ਛੱਡ ਕੇ ਚਲੇ ਜਾਂਦੇ ਹਨ। ਸਾਰੀ ਦੁਨੀਆਂ ਦੇ ਜੀਵ ਅਤੇ ਪ੍ਰਾਕ੍ਰਿਤਕ ਸ਼ਕਤੀਆਂ ਉਸ ਪ੍ਰਭੂ ਦੇ ਹੁਕਮ ਦੀ ਪਾਲਣਾ ਕਰ ਰਹੀਆਂ ਹਨ। ਪ੍ਰਭੂ ਦੀ ਨਿਰੰਕੁਸ਼ਤਾ ਦਾ ਇਹ ਸੰਕਲਪ ਇਸ ਕਾਲ ਵਿਚ ਰਚੀ ਗਈ ਹਰ ਸਾਹਿਤਿਕ ਪ੍ਰਵਿਰਤੀ ਵਿਚ ਦੇਖਿਆ ਜਾ ਸਕਦਾ ਹੈ:

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ।।
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ।।
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।।
ਨਾਨਕ ਹੁਕਮੈ ਜੇ ਬੁਝੈ 3 ਹਉਮੈ ਕਹੈ ਨ ਕੋਇ।।

(ਗੁਰੂ ਨਾਨਕ ਦੇਵ ਜੀ)

ਅਮਲਾਂ ਦੇ ਉਪਰ ਹੋਗ ਨਿਬੇੜਾ, ਕਿਆ ਸੂਫ਼ੀ ਕਿਆ ਭੰਗੀ।
ਜੋ ਰੱਬ ਭਾਵੈ ਸੋਈ ਥੀਸੀ, ਸਾਈ ਬਾਤ ਹੈ ਚੰਗੀ।
ਆਪੇ ਏਕ ਅਨੇਕ ਕਹਾਵੈ, ਸਾਹਿਬ ਹੈ ਬਹੁ ਰੰਗੀ।
ਕਹੈ ਹੁਸੈਨ ਸੁਹਾਗਣ ਸੋਈ। ਜੋ ਸ਼ਹੁ ਦੇ ਰੰਗ ਰੰਗੀ।

(ਸ਼ਾਹ ਹੁਸੈਨ)

ਹਿਕਮਤ ਓਸ ਖ਼ੁਦਾਵੰਦ ਵਾਲੀ, ਮਾਲਿਕ ਮੁਲਕ ਮਲਿਕ ਦਾ।
ਲਖ ਕਰੋੜ ਕਰਨ ਚਤੁਰਾਈਆਂ, ਕੋਈ ਪਛਾਣ ਨਾ ਸਕਦਾ।
ਕੁਦਰਤ ਨਾਲ ਰਹੇ ਸਰਗਰਦਾਂ, ਦਾ ਇਕ ਚਰਖ਼ ਫ਼ਲਕ ਦਾ।
ਹਾਸ਼ਮ ਖ਼ੂਬ ਹੋਈ ਗੁਲਕਾਰੀ, ਫ਼ਰਸ਼ ਫ਼ਨਾਹ ਖ਼ਲਕ ਦਾ। (ਹਾਸ਼ਮ)

### 2.2.3.3

ਇਸ ਕਾਲ ਦੀ ਹਰ ਧਾਰਾ ਵਿਚ ਪ੍ਰੇਮਾ ਭਗਤੀ ਦਾ ਗੁਣ-ਗਾਨ ਕੀਤਾ ਗਿਆ ਹੈ। ਆਦਿਕਾਲੀਨ ਸਾਹਿੱਤ ਵਿਚ ਪ੍ਰੇਮਾਭਗਤੀ ਦਾ ਸੰਕਲਪ ਬਹੁਤ ਉਜਾਗਰ ਹੋ ਕੇ ਸਾਹਮਣੇ ਨਹੀਂ ਆਉਂਦਾ। ਉਸ ਕਾਲ ਵਿਚ ਸਰੀਰਕ-ਸਾਧਨਾ, ਕਰਮ-ਕਾਂਡਾਂ ਅਤੇ ਹਠਯੋਗਿਕ ਵਿਧੀਆਂ ਆਦਿ ਨੂੰ ਵਧੇਰੇ ਮਹੱਤਵ ਪ੍ਰਾਪਤ ਸੀ। ਪਰੰਤੂ ਮੱਧਕਾਲ ਦੇ ਭਗਤਾਂ, ਸਤਿਗੁਰਾਂ, ਸੂਫ਼ੀਆਂ ਅਤੇ ਕਿੱਸਾ ਕਵੀਆਂ ਆਦਿ ਨੇ ਸਪਸ਼ਟ ਕਰ ਦਿੱਤਾ ਸੀ ਕਿ ਪ੍ਰਭੂ ਦੀ ਪ੍ਰਾਪਤੀ ਲਈ ਪ੍ਰੇਮਾਭਗਤੀ ਦਾ ਮਾਰਗ ਹੀ ਸਭ ਤੋਂ ਉਚਿਤ ਅਤੇ ਫ਼ਲਦਾਇਕ ਹੈ। ਇਹੀ ਕਾਰਨ ਹੈ ਕਿ ਸਮੁੱਚੇ ਮੱਧਕਾਲੀਨ ਸਾਹਿਤ ਵਿਚ ਪ੍ਰੇਮਾਭਗਤੀ ਦੇ ਮਹੱਤਵ ਦੀ ਗੂੰਜ ਸੁਣੀ ਜਾ ਸਕਦੀ ਹੈ। ਦੇਖੋ:

ਜੀਮ-ਜਿਨ੍ਹਾਂ ਸ਼ਹੁ ਅਲਫ਼ ਥੀਂ ਪਾਇਆ,
ਉਹ ਫੇਰ ਕੁਰਾਨ ਨਾ ਪੜ੍ਹਦੇ ਹੂ।
ਉਹ ਮਾਰਨ ਦਮ ਮੁਹੱਬਤ ਵਾਲਾ,
ਦੂਰ ਹੋਏ ਨੇ ਪਰਦੇ ਹੂ।

(ਸੁਲਤਾਨ ਬਾਹੂ)

ਸਾਚ ਕਹੌਂ ਸੁਨਿ ਲੇਹੁ ਸਭੈ,
ਜਿਨਿ ਪ੍ਰੇਮ ਕੀਓ ਤਿਨਿ ਹੀ ਪ੍ਰਭੁ ਪਾਇਓ।।

(ਗੁਰੂ ਗੋਬਿੰਦ ਸਿੰਘ)

ਅਵਲ ਹਮਦ ਖ਼ੁਦਾਇ ਦਾ ਵਿਰਦ ਕੀਚੈ,
ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ।
ਪਹਿਲਾਂ ਆਪ ਹੈ ਰੱਬ ਨੇ ਇਸ਼ਕ ਕੀਤਾ,
ਮਾਸ਼ੂਕ ਹੈਨਬੀ ਰਸੂਲ ਮੀਆਂ।

(ਵਾਰਿਸ ਸ਼ਾਹ)

### 2.2.3.4 ਸੰਪਰਦਾਇਕ ਸਦਭਾਵਨਾ

ਮੱਧਕਾਲੀਨ ਸਮਾਜ ਦੇ ਧਾਰਮਿਕ ਖੇਤਰ ਨੂੰ ਸੰਚਾਲਿਤ ਕਰਨ ਵਾਲੇ ਮੌਲਾਣੇ ਅਤੇ ਬ੍ਰਾਹਮਣ, ਆਪਣੀਆਂ-ਆਪਣੀਆਂ ਧਾਰਮਿਕ ਭਾਵਨਾਵਾਂ ਨੂੰ ਲੈ ਕੇ ਬਹੁਤ ਕੱਟੜ ਸਨ। ਉਹ ਕਦੇ ਕੋਈ ਅਜਿਹਾ ਮੌਕਾਂ ਨਹੀਂ ਸਨ ਖੁੰਝਾਉਂਦੇ, ਜਿਸ ਦੁਆਰਾ ਉਹ ਆਪਣੇ ਧਰਮ ਨੂੰ ਸਰਬ-ਸ੍ਰੇਸ਼ਠ ਅਤੇਦੂਜੇ ਦੇ ਧਰਮ ਨੂੰ ਨਖਿੱਧ ਸਿੱਧ ਕਰ ਸਕਦੇ ਹੋਣ। ਪਰੰਤੂ ਮੱਧਕਾਲੀਨ ਸਾਹਿਤਕਾਰਾਂ ਨੂੰ ਇਹ ਵਡਿਆਈ ਜਾਂਦੀ ਹੈ ਕਿ ਉਨ੍ਹਾਂ ਨੇ ਕਦੇ ਵੀ ਸੰਪਰਦਾਇਕਤਾ ਦਾ ਪ੍ਰਚਾਰ ਅਥਵਾ ਪ੍ਰਸਾਰ ਨਹੀਂ ਕੀਤਾ। ਬਲਕਿ ਇਹ ਲੋਕ ਧਰਮ ਦੇ ਬਾਹਰੀ ਵਿਖਾਵਿਆਂ, ਭੇਖਾਂ ਅਤੇ ਕਰਮ-ਕਾਂਡਾਂ ਨੂੰ ਮਿਥਿਆ ਅਤੇ ਅਰਥਹੀਣ ਘੋਸ਼ਿਤ ਕਰਦੇ ਰਹੇ ਸਨ।ਇਨ੍ਹਾਂ

ਉਦਾਰ ਸਾਹਿੱਤਕਾਰਾਂ ਦੇ ਯਤਨਾਂ ਸਦਕਾ ਭਾਰਤ ਵਿਚ ਕਦੇ ਵੀ ਫ਼ਿਰਕੂ ਫ਼ਸਾਦ ਜਾਂ ਮਜ਼ਹਬੀ ਬਖੇੜੇ ਨਹੀਂ ਭੜਕੇ। ਮੱਧਕਾਲੀਨ ਸਾਹਿਤ ਦੇ ਇਸ ਲੱਛਣ ਦੀ ਵਿਆਖਿਆ ਕਰਦਾ ਹੋਇਆ ਡਾ. ਅਮਰਜੀਤ ਸਿੰਘ ਕਾਂਗ ਲਿਖਦਾ ਹੈ ਕਿ ਇਸ ਵਿਚੋਂ ਜੋ ਯਥਾਰਥ ਪ੍ਰਾਪਤ ਹੁੰਦਾ ਹੈ, ਉਹ ਸਾਂਝੇ ਪੰਜਾਬ ਦਾ ਹੈ, ਜਿਸ ਵਿਚ ਹਿੰਦੂ ਅਤੇ ਮੁਸਲਮਾਨ, ਨਸਲ ਦੀ ਭਿੰਨਤਾ ਅਤੇ ਸਭਿਆਚਾਰਕ ਸਿਮਰਤੀ ਦੀ ਵੱਖਰਤਾ ਦੇ ਬਾਵਜੂਦ, ਭਾਈਚਾਰਕ ਅਤੇ ਮਾਨਵੀ ਪੱਧਰ ਉਤੇ ਅਨਿੱਖੜ ਸਾਂਝ ਵਿਚ ਬੱਝੇ ਹੋਏ ਹਨ। ਇਸ ਸਭਿਆਚਾਰ ਦਾ ਰਹੱਸ, ਉਸ ਸਭਿਆਚਾਰਕ ਸਮਨਵੈ ਵਿਚ ਹੈ, ਜਿਸ ਰਾਹੀਂ ਮੱਧਕਾਲੀਨ ਸਾਹਿੱਤ ਵਿਚ ਨਵੀਆਂ ਅੰਤਰ-ਦ੍ਰਿਸ਼ਟੀਆਂ ਅਤੇ ਨਵੇਂ ਰੂਪਾਕਾਰ ਹੋਂਦ ਵਿਚ ਆਉਂਦੇ ਹਨ। (ਕਿੱਸਾ ਸੰਸਾਰ, ਪੰਨਾ 10) ਸੰਤ ਕਵੀਆਂ, ਸੂਫ਼ੀ ਦਰਵੇਸ਼ਾਂ, ਸਿੱਖ ਸਤਿਗੁਰਾਂ ਅਤੇ ਹੋਰ ਸਾਹਿੱਤਕਾਰਾਂ ਨੇ ਸਭਿਆਚਾਰਕ ਸਮਨਵੈ ਦੇ ਇਸ ਲੋਕਪੱਖੀ ਅਮਲ ਨੂੰ ਨਿਰੰਤਰ ਜਾਰੀ ਰੱਖਿਆ। ਗੁਰੂ ਨਾਨਕ ਦੇਵ ਜੀ ਧਰਮ ਦੇ ਅਖੌਤੀ ਠੇਕੇਦਾਰਾਂ ਦੀ ਆਲੋਚਨਾ ਕਰਦੇ ਹੋਏ ਫ਼ਰਮਾਉਂਦੇ ਹਨ:

ਕਾਦੀ ਕੂੜੁ ਬੋਲਿ ਮਲੁ ਖਾਇ।।
ਬ੍ਰਾਹਮਣ ਨਾਵੈ ਜੀਆ ਘਾਇ।।
ਜੋਗੀ ਜੁਗਤਿ ਨ ਜਾਣੈ ਅੰਧੁ।।
ਤੀਨੇ ਓਜਾੜੇ ਕਾ ਬੰਧੁ।।

(ਆਦਿ ਗ੍ਰੰਥ, ਪੰਨਾ ੬੬੨)

ਸੁਲਤਾਨ ਬਾਹੂ ਅਤੇ ਬੁਲ੍ਹੇ ਸ਼ਾਹ ਦੇ ਕਲਾਮ ਵਿਚੋਂ ਵੀ ਸੰਪਰਦਾਇਕ ਸਦਭਾਵਨਾ ਦਾ ਸੂਰ ਉੱਭਰਦਾ ਹੈ। ਦੇਖੋ:

ਮਜ਼ਹਬਾਂ ਦੇ ਦਰਵਾਜ਼ੇ ਉੱਚੇ, ਰਾਹ ਰੱਬਾਨੀ ਮੋਰੀ ਹੂ।
ਪੰਡਤਾਂ ਤੇ ਮੌਲਾਣਿਆਂ ਕੋਲੋਂ, ਛਾਪ ਛਪ ਲੰਘਦੇ ਚੋਰੀ ਹੂ।
ਅੱਡੀਆਂ ਮਾਰਨ ਕਰਨ ਬਖੇੜੇ, ਦਰਦਮੰਦਾਂ ਦੀਆਂ ਘੋੜੀ ਹੂ।
ਬਾਹੂ ਚੱਲ ਉਥਾਈਂ ਵਸੀਏ ਜਿਥੇ ਦਾਵਾ ਨਾ ਕਿਸੇ ਹੋਰੀ ਹੂ।

(ਸੁਲਤਾਨ ਬਾਹੂ)

ਬਿੰਦਰਾ ਬਨ ਮੇਂ ਗਊ ਚਰਾਵੈ।
ਲੰਕਾ ਸਾੜ ਕੇ ਨਾਦ ਵਜਾਵੈ।
ਮੱਕੇ ਦਾ ਹਾਜੀ ਬਣ ਆਵੈ।
ਹੁਣ ਕਾਹਨੂੰ ਆਪ ਛਪਾਈਦਾ।

ਸੰਪਰਦਾਇਕ ਏਕਤਾ ਦੀ ਭਾਵਨਾ ਨੂੰ ਪੁਸ਼ਟ ਕਰਨ ਵਿਚ ਗੁਰੂ ਗੋਬਿੰਦ ਸਿੰਘ ਦਾ ਯੋਗਦਾਨ ਵੀ ਅਦੁੱਤੀ ਰਿਹਾ ਹੈ। ਆਪ ਦਾ ਇਕ ਕਬਿਤ ਵੇਖੋ:

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ।।
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈਏਕੈ ਪਹਿਚਾਨਬੋ।।

(ਅਕਾਲ ਉਸਤਤਿ)

## 2.2.3.5. ਮਨੁੱਖੀ ਸਮਾਨਤਾ :ਜ਼ਾਤ-ਪਾਤ ਦਾ ਖੰਡਨ

ਮੱਧਕਾਲੀਨ ਕਵੀਆਂ ਨੇ ਹਿੰਦੂ ਸਮਾਜ ਦੀ ਵਰਣ-ਵਿਵਸਥਾ ਦੇ ਖੰਡਣ ਕਰਦਿਆਂ ਹੋਇਆਂ ਮਨੁੱਖੀ ਸਮਾਨਤਾ ਦੇ ਸਿੱਧਾਂਤ ਉਤੇ ਡਟ ਕੇ ਪਹਿਰਾ ਦਿੱਤਾ ਹੈ। ਭਗਤ ਨਾਮਦੇਵ, ਸੰਤ ਕਬੀਰ ਅਤੇ ਭਗਤ ਰਵਿਦਾਸ ਨੇ ਆਪਣੀ ਬਾਣੀ ਵਿਚ ਵਾਰ-ਵਾਰ ਇਹ ਦ੍ਰਿੜ੍ਹ ਕਰਵਾਇਆ ਹੈ ਕਿ ਸਾਰੇ ਮਨੁੱਖ ਇਕ ਪਰਮਾਤਮਾ ਦੇ ਸਾਜੇ ਹੋਏ ਹਨ ਅਤੇ ਇਸ ਕਾਰਨ ਸਾਰੇ ਹੀ ਇਕ-ਦੂਜੇ ਦੇ ਸਮਾਨ ਹਨ।ਇਨ੍ਹਾਂ ਭਗਤਾਂ ਨੇ ਸਪਸ਼ਟ ਰੂਪ ਵਿਚ ਇਹ ਦਰਸਾਇਆ ਹੈ ਕਿ ਜ਼ਾਤ ਜਾਂ ਜਨਮ ਕਰਕੇ ਕੋਈ ਵੱਡਾ ਜਾਂ ਛੋਟਾ ਨਹੀਂ ਬਣਦਾ ਬਲਕਿ ਪ੍ਰਭੂ ਦੀ ਭਗਤੀ ਅਤੇ ਚੰਗੇ ਕਰਮ ਹੀ ਕਿਸੇ ਵਿਅਕਤੀ ਦੇ ਮਹਾਨ ਹੋਣ ਦੇ ਜ਼ਾਮਨ ਬਣਦੇ ਹਨ।ਇਸ ਪ੍ਰਸੰਗ ਵਿਚ ਕਬੀਰ ਜੀ ਫ਼ਰਮਾਉਂਦੇ ਹਨ:

ਗਰਭ ਵਾਸ ਮਹਿ ਕੁਲੁ ਨਹੀਂ ਜਾਤੀ।।
ਬ੍ਰਹਮ ਬਿੰਦ ਤੇ ਸਭ ਉਤਪਾਤੀ।।

ਗੁਰੂ ਅਮਰਦਾਸ ਜੀ ਮਨੁੱਖੀ ਏਕਤਾ ਦੇ ਇਸ ਸਿੱਧਾਂਤ ਨੂੰ ਹੋਰ ਸਪਸ਼ਟ ਕਰਦੇ ਹਨ:

ਜਾਤਿ ਕਾ ਗਰਬੁ ਨ ਕਰੀਅਹੁ ਕੋਈ।।
ਬ੍ਰਹਮ ਬਿੰਦੇ ਸੋ ਬ੍ਰਾਹਮਣੁ ਹੋਈ।।੧।।
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ।।
ਇਸ ਗਰਬ ਤੇ ਚਲਹਿ ਬਹੁਤ ਵਿਕਾਰਾ।।੧।। ਰਹਾਉ।।
ਚਾਰੇ ਵਰਨ ਆਖੈ ਸਭੁ ਕੋਈ।।
ਬ੍ਰਹਮ ਬਿੰਦ ਤੇ ਸਭ ਓਪਤਿ ਹੋਈ।।੨।
(ਰਾਗ ਭੈਰਉ ਮਹਲਾ ੩)

## 2.2.3.6 ਬਿਰਤਾਂਤ-ਵਿਧੀਆਂ ਅਤੇ ਰੂਪਾਕਾਰਕ ਲੱਛਣ

ਮੱਧਕਾਲੀਨ ਸਾਹਿਤ ਬ੍ਰਿਤਾਂਤ-ਵਿਧੀਆਂ ਅਤੇ ਰੂਪਾਕਾਰਕ ਲੱਛਣਾਂ ਦੀ ਦ੍ਰਿਸ਼ਟੀ ਤੋਂ ਵੀ ਆਪਸ ਵਿਚ ਕਾਫ਼ੀ ਸਾਂਝ ਦਰਸਾਉਂਦਾ ਹੈ। ਇਸ ਕਾਲ ਵਿਚ ਵਾਰਾਂ, ਕਿੱਸੇ, ਜੰਗਨਾਮੇ, ਬਾਰਹਮਾਹਾ ਕਾਵਿ,ਬਾਵਨ-ਅੱਖਰੀਆਂ, ਗੋਸ਼ਟਾਂ ਅਤੇ ਸੀਹਰਫ਼ੀਆਂ ਵਰਗੇ ਕਾਵਿ-ਰੂਪ ਵੱਡੀ ਮਾਤਰਾ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਇਹ ਸਭ ਬ੍ਰਿਤਾਂਤ, ਕਾਵਿ ਦੀ ਪੇਸ਼ਕਾਰੀ ਕਰਨ ਵਾਲੇ ਰੂਪਾਕਾਰ ਹਨ।ਇਨ੍ਹਾਂ ਰੂਪਾਕਾਰਾਂ ਦੇ ਆਰੰਭ ਵਿਚ ਕਵੀ ਲੋਕ 'ਮੰਗਲਾਚਰਣ' ਦੀ ਵਿਧੀ ਦਾ ਪ੍ਰਯੋਗ ਕਰਦੇ ਸਨ। ਮੰਗਲਾਚਰਣ ਦਾ ਅਰਥ ਹੈ, ਕਿਸੇ ਰਚਨਾ ਦਾ ਉਹ ਭਾਗ, ਜਿਸ ਵਿਚ ਕਵੀ ਆਪਣੇ ਇਸ਼ਟਦੇਵ, ਪਰਮਾਤਮਾ ਜਾਂ ਸਤਿਗੁਰੂ ਦਾ ਸਿਮਰਨ ਕਰਕੇ ਉਸਦੀ ਕ੍ਰਿਪਾ ਦੀ ਕਾਮਨਾ ਕਰਦਾ ਹੈ।ਵਾਰਾਂ, ਜੰਗਨਾਮਿਆਂ, ਕਿੱਸਿਆਂ ਅਤੇ ਪ੍ਰਬੰਧ ਕਾਵਿ ਦੇ ਕੁਝ ਹੋਰ ਨਮੂਨਿਆਂ ਵਿਚ ਮੰਗਲਾਚਰਣ ਵਿਧੀ ਦਾ ਪ੍ਰਯੋਗ ਸਾਂਝੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਜਿਵੇਂ:

(ੳ) ਆਦਿ ਗੁਰਏ ਨਮਹ।।
ਜੁਗਾਦਿ ਗੁਰਏ ਨਮਹ।।
ਸਤਿਗੁਰ ਏ ਨਮਹ
ਸ੍ਰੀ ਗੁਰਦੇਵ ਏ ਨਮਹ।।
(ਗਉੜੀ ਸੁਖਮਨੀ ਮਹਲਾ ੫)

(ਅ) ਨਮਸਕਾਰ ਗੁਰਦੇਵ ਕੋ ਸਤਿਨਾਮੁ ਜਿਸੁ ਮੰਤ੍ਰ ਸੁਣਾਇਆ।।
ਭਵਜਲ ਵਿਚੋਂ ਕਢਿ ਕੈ ਮੁਕਤਿ ਪਦਾਰਥਿ ਮਾਹਿ ਸਮਾਇਆ।।
(ਭਾਈ ਗੁਰਦਾਸ, ਪਹਿਲੀ ਵਾਰ)

(ੲ) ਹਿਕਮਤ ਓਸ ਖ਼ੁਦਾਵੰਦ ਵਾਲੀ, ਮਾਲਿਕ ਮੁਲਕ ਮਲਿਕ ਦਾ।
ਲਖ ਕਰੋੜ ਕਰਨ ਚਤੁਰਾਈਆਂ, ਕੋਈ ਪਛਾਣ ਨ ਸਕਦਾ।
ਕੁਦਰਤ ਨਾਲ ਰਹੇ ਸਰਗਰਦਾਂ, ਦਾਇਮ ਚਰਖ਼ ਫ਼ਲਕ ਦਾ।
ਹਾਸ਼ਮ ਖ਼ੂਬ ਹੋਈ ਗੁਲਕਾਰੀ, ਫ਼ਰਸ਼ ਫ਼ਨਾਹ ਖ਼ਲਕ ਦਾ।
(ਸੱਸੀ ਹਾਸ਼ਮ)

### 2.2.3.7 ਉਦੇਸ਼

ਮੰਗਲਾਚਰਣ ਤੋਂ ਉਪਰੰਤ ਮੱਧਕਾਲ ਦੇ ਕਵੀ ਆਪਣੀ ਰਚਨਾ ਦੇ ਉਦੇਸ਼ ਨੂੰ ਸਪਸ਼ਟ ਕਰਦੇ ਹਨ ਕਿ ਉਨ੍ਹਾਂ ਨੂੰ ਇਹ ਰਚਨਾ ਕਰਨ ਦੀ ਲੋੜ ਕਿਉਂ ਪਈ? ਇਸ ਪ੍ਰਸੰਗ ਵਿਚ ਮੱਧਕਾਲੀਨ ਸਾਹਿੱਤ ਦੀਆਂ ਆਪਣੀਆਂ ਕੁਝ ਵਿਸ਼ੇਸ਼ ਰੂੜ੍ਹੀਆਂ ਹਨ ਅਤੇ ਹਰ ਲੇਖਕ ਇਨ੍ਹਾਂ ਵਿਚੋਂ ਕਿਸੇ-ਨਾ-ਕਿਸੇ ਰੂੜ੍ਹੀ ਦਾ ਪ੍ਰਯੋਗ ਕਰ ਲੈਂਦਾ ਹੈ। ਕੁਝ ਨਮੂਨੇ ਵੇਖੋ:

(ੳ) ਅੱਖੀਂ ਡਿਠਾ ਕਿੱਸਾ ਕੀਤਾ, ਮੈਂ ਤਾਂ ਗੁਣੀ ਨਾ ਕੋਈ।
ਸ਼ਉਂਕ ਸ਼ਉਂਕ ਉਠੀ ਹੈ ਮੈਂਡੀ, ਤਾਂ ਦਿਲ ਉਮਕ ਹੋਈ।
(ਦਮੋਦਰ)

(ਅ) ਹੁਕਮ ਮੰਨ ਕੇ ਸੱਜਣਾਂ ਪਿਆਰਿਆਂ ਦਾ,
ਕਿੱਸਾ ਅਜਬ ਬਹਾਰ ਦਾ ਜੋੜਿਆ ਮੈਂ
ਫ਼ਿਕਰਾ ਜੋੜ ਕੇ ਖ਼ੂਬ ਦਰੁਸਤ ਕੀਤਾ,
ਨਵਾਂ ਫੁਲ ਗੁਲਾਬ ਦਾ ਤੋੜਿਆ ਮੈਂ।
(ਵਾਰਿਸ ਸ਼ਾਹ)

### 2.2.3.8 ਸਾਲ-ਸੰਮਤ ਦਾ ਵੇਰਵਾ

ਜੰਗਨਾਮਾ ਲੇਖਕ ਅਤੇ ਕਿੱਸਾ ਕਵੀ ਆਪਣੀਆਂ ਰਚਨਾਵਾਂ ਦੇ ਅੰਤ ਵਿਚ ਸਾਲ-ਸੰਮਤ ਦੇ ਵੇਰਵੇ ਅਤੇ ਆਪਣਾ-ਆਪਣਾ ਨਿੱਜੀ ਪਤਾ-ਟਿਕਾਣਾ ਵੀ ਦਿਆ ਕਰਦੇ ਸਨ।ਦੇਖੋ:

(ੳ) ਪੰਦਰਾਂ ਸੈ ਅਤੇ ਉਨਤਰੀ ਸੰਮਤ ਬਿਕ੍ਰਮ ਰਾਏ।
ਹੀਰ ਤੇ ਰਾਂਝਾ ਹੋਏ ਇਕੱਠੇ ਝੇੜੇ ਰੱਬ ਚੁਕਾਏ।
(ਦਮੋਦਰ)

(ਅ) ਹਾਫ਼ਿਜ਼ ਦੇ ਮਨ ਬਹਿਸ਼ਤ ਹੈ,ਕਲਮਾ ਵਿਚ ਗਰਾਓਂ
ਕਸਬਿਓਂ ਚੜ੍ਹਦੇ ਪਿੰਡ ਹੈ, ਮੁਸਲਮਾਨੀ ਨਾਓਂ।
(ਹਾਫ਼ਿਜ ਬਰਖ਼ੁਰਦਾਰ)

(ੲ) ਮੱਧਕਾਲੀਨ ਸਾਹਿੱਤ ਦਾ ਸਮੁੱਚਾ ਯੋਗਦਾਨ

**2.2.4..1** ਮੱਧਕਾਲੀਨ ਪੰਜਾਬੀ ਸਾਹਿੱਤ ਵਿਸ਼ੈ ਅਤੇ ਰੂਪ ਦੀ ਦ੍ਰਿਸ਼ਟੀ ਤੋਂ ਬੜਾ ਅਮੀਰ ਅਤੇ ਵੰਨ-ਸੁਵੰਨਾ ਹੈ। ਇਸ ਨੇ ਆਪਣੇ ਯੁਗ ਦੀ ਬਿਲਕੁਲ ਸੱਚੀ ਅਤੇਸਟੀਕ ਤਰਜਮਾਨੀ ਕੀਤੀ। ਮਧਯੁਗੀਨ ਲੋਕਾਂ ਦਾ ਜੀਵਨ ਬਹੁਤ ਸਾਰੀ ਔਕੜਾਂ ਅਤੇ ਦੁਸ਼ਵਾਰੀਆਂ ਨਾਲ ਭਰਪੂਰ ਸੀ। ਰਜਵਾੜਾਸ਼ਾਹੀ ਹੋਣ ਕਰਕੇ ਆਮ ਲੋਕਾਂ ਨੂੰ ਕੋਈ ਅਧਿਕਾਰ ਪ੍ਰਾਪਤ ਨਹੀਂ ਸੀ। ਉਹ ਹਰ ਕਦਮ ਤੇ ਆਪਣੇ ਸਨਮੁਖ ਪਾਬੰਦੀਆਂ ਅਤੇ ਦੀਵਾਰਾਂ ਖੜੀਆਂ ਦੇਖਦੇ ਸਨ। ਪੰਜਾਬੀ ਸਾਹਿੱਤਕਾਰਾਂ ਨੇ ਲੋਕਾਂ ਦੀਆਂ ਮੁਸ਼ਕਿਲਾਂ ਅਤੇ ਪੀੜਾਂ ਨੂੰ ਮਹਿਸੂਸ ਕੀਤਾ ਅਤੇ ਇਨ੍ਹਾਂ ਵੇਦਨਾਵਾਂ ਨੂੰ ਬੜੀ ਬੁਲੰਦ ਅਤੇ ਸ਼ਕਤੀਸ਼ਾਲੀ ਅਭਿਵਿਅਕਤੀ ਪ੍ਰਦਾਨ ਕੀਤੀ। ਰਜਵਾੜਾਸ਼ਾਹੀ ਨੂੰ ਵੰਗਾਰਦੇ ਹੋਏ ਗੁਰੂ ਨਾਨਕ ਸਾਹਿਬ ਨੇ ਬੜੇ ਸੁਦ੍ਰਿੜ੍ਹ ਅੰਦਾਜ਼ ਵਿਚ ਫ਼ਰਮਾਇਆ ਸੀ :

ਰਾਜੇਸੀਹ ਮੁਕਦਮ ਕੁਤੇ।।
ਜਾਇ ਜਗਾਇਨਿ ਬੈਠੇ ਸੁਤੇ।।
ਚਾਕਰ ਨਹਦਾ ਪਾਇਨਿ ਘਾਉ।।
ਰਤੁ ਪਿਤੁ ਕੋਤਿਹੋ ਚਟਿ ਜਾਹੁ।।
(ਮਲਾਰ ਕੀ ਵਾਰ, ਮਹਲਾ ੧)

## 2.2.4.2 ਇਤਿਹਾਸਕ ਦਸਤਾਵੇਜ਼

ਮੱਧਕਾਲੀਨ ਪੰਜਾਬੀ ਸਾਹਿੱਤ ਦੇ ਵੱਖ-ਵੱਖ ਰੂਪ ਇਤਿਹਾਸਕ ਦਸਤਾਵੇਜ਼ਾਂ ਦੀ ਭੂਮਿਕਾ ਨਿਭਾਉਂਦੇ ਹਨ। ਗੁਰੂ ਨਾਨਕ ਦੇਵ ਜੀ ਵਲੋਂ ਉਚਾਰੇ ਗਏ ਬਾਬਰਵਾਦੀ ਦੇ ਸ਼ਬਦਾਂ ਵਿਚਬਾਬਰ ਦੇ ਹਮਲੇ ਅਤੇ ਉਸ ਦੀਆਂ ਫੌਜਾਂ ਵਲੋਂ ਕੀਤੀ ਗਈ ਲੁੱਟ-ਮਾਰ ਦਾ ਵਰਣਨ, ਇਤਿਹਾਸਕ ਮਹਤਵ ਦਾ ਧਾਰਨੀ ਹੈ। ਵਾਰਾਂ ਅਤੇ ਜੰਗਨਾਮਿਆਂ ਵਿਚ ਵੀ ਬਹੁਤ ਸਾਰੇ ਮਹੱਤਵਪੂਰਨ ਇਤਿਹਾਸਕ ਵੇਰਵੇ ਕਲਮਬੰਦ ਹੋਏ ਹਨ। ਨਜਾਬਤ ਨੇ 'ਨਾਦਰ ਸ਼ਾਹ ਦੀ ਵਾਰ' ਵਿਚ ਆਪਣੀ ਇਤਿਹਾਸਕ ਸੂਝ-ਬੂਝ ਦੇ ਬੜੇ ਸੁਚੱਜੇ ਪ੍ਰਮਾਣ ਪੇਸ਼ ਕੀਤੇ ਹਨ। ਇਸ ਪ੍ਰਸੰਗ ਵਿਚ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਇਕ ਬੇਜੋੜ ਰਚਨਾ ਹੈ। ਸ਼ਾਹ ਮੁਹੰਮਦ ਨੇ ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਉਪਰੰਤ ਲਾਹੌਰ ਦਰਬਾਰ ਵਿਚ ਪੈਦਾ ਹੋਈ ਅਰਾਜਿਕਤਾ ਅਤੇ ਸਿੰਘਾਂ ਦੇ ਰੰਗੀਆਂ ਨਾਲ ਹੋਏ ਪਹਿਲੇ ਯੁੱਧ ਦਾ ਵਰਣਨ ਇਕ ਪਰਿਪੱਕ ਇਤਿਹਾਸਕਾਰ ਵਾਂਗ ਕੀਤਾ ਹੈ। ਵਾਰਿਸ ਸ਼ਾਹ ਅਤੇ ਬੁਲ੍ਹੇ ਸ਼ਾਹ ਨੇ ਵੀ ਆਪਣੀਆਂ-ਆਪਣੀਆਂ ਰਚਨਾਵਾਂ ਵਿਚ ਤਤਕਾਲੀਨ ਇਤਿਹਾਸ ਨਾਲ ਸੰਬੰਧਿਤ ਅਨੇਕ ਵੇਰਵੇ ਪੇਸ਼ ਕੀਤੇ ਹਨ। ਦੇਖੋ:

ਜਦੋਂ ਦੇਸ਼ ਦੇ ਜੱਟ ਸਰਦਾਰ ਹੋਏ।
ਘਰੋ ਘਰੀ ਜਾਂ ਨਵੀਂ ਸਰਕਾਰ ਹੋਈ।
ਅਸ਼ਰਾਫ਼ ਖ਼ਵਾਰ ਕਮੀਨ ਜ਼ਾਤਾਂ,
ਜ਼ਿਮੀਦਾਰ ਨੂੰ ਵੱਡੀ ਬਹਾਰ ਹੋਈ।
(ਵਾਰਿਸ਼ ਸ਼ਾਹ)

ਭੂਰਿਆਂ ਵਾਲੇ ਰਾਜੇ ਕੀਤੇ,
ਮੁਗਲਾਂ ਜ਼ਹਿਰ ਪਿਆਲੇਪੀਤੇ,
ਦਰ ਖੁਲ੍ਹਾ ਹਸ਼ਰ ਅਜ਼ਾਬ ਦਾ,
ਬੁਰਾ ਹਾਲ ਹੋਇਆ ਪੰਜਾਬ ਦਾ। (ਬੁਲ੍ਹੇ ਸ਼ਾਹ)

### 2.2.4.3 ਸਭਿਆਚਾਰਕ ਵੇਰਵੇ

ਸਭਿਆਚਾਰਕ ਵਿਗਿਆਨੀਆਂ ਲਈ ਵੀ ਮੱਧਕਾਲੀਨ ਪੰਜਾਬੀ ਸਾਹਿੱਤ ਦੀਆਂ ਵੱਖ-ਵੱਖ ਰਚਨਾਵਾਂ ਬਹੁਮੁੱਲੀ ਸ਼ਾਮੱਗਰੀ ਸਾਂਭੀ ਬੈਠੀਆਂ ਹਨ।ਮੱਧਕਾਲ ਬਾਰੇ ਲਿਖਣ ਵਾਲੇ ਇਤਿਹਾਸਕਾਰਾਂ ਨੇ ਤਾਰੀਖ਼ੀ ਵੇਰਵੇ ਤਾਂ ਮੁਹੱਈਆ ਕਰ ਦਿੱਤੇ ਹਨ ਪਰੰਤੂ ਸਭਿਆਚਾਰਕ ਵੇਰਵਿਆਂ ਦਾ ਅੰਕਣ ਕਰਨ ਦੀ ਨਾ ਤਾਂ ਉਨ੍ਹਾਂ ਨੂੰ ਕੋਈ ਵਿਹਲ ਸੀ ਅਤੇ ਨਾ ਕੋਈ ਲੋੜ ਸੀ। ਇਸੇ ਲਈ ਸਭਿਆਚਾਰ ਵਿਗਿਆਨੀਆਂ ਨੂੰ ਆਪਣੇ ਖੋਜ-ਕਾਰਜ ਲਈ ਲੋੜੀਂਦੀ ਸਾਮੱਗਰੀ ਕੇਵਲ ਸਾਹਿੱਤ ਦੇ ਸਰੋਤਾਂ ਵਿਚੋਂ ਹੀ ਪ੍ਰਾਪਤ ਹੁੰਦੀ ਹੈ। ਸ਼ੇਖ਼ ਫ਼ਰੀਦ ਦੇ ਸਲੋਕਾਂ ਵਿਚ ਮੱਧਕਾਲੀਨ ਪੰਜਾਬ ਦੇ ਲੋਕਾਂ ਦੇ ਕੰਮ-ਧੰਦਿਆਂ, ਖਾਧ-ਖੁਰਾਕ, ਪਹਿਰਾਵਾਂ, ਫਸਲ-ਬਾੜੀ, ਰਸਮ-ਰਿਵਾਜਾਂ ਅਤੇ ਸਾਕਾਦਾਰੀ ਸਿਸਟਮ ਬਾਰੇ ਬੜੇ ਮਹੱਤਵਪੂਰਨ ਤੱਥ ਪ੍ਰਾਪਤ ਹੁੰਦੇ ਹਨ।ਸ਼ਾਹ ਹੁਸੈਨ ਅਤੇ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚੋਂ ਵੀ ਪੰਜਾਬੀ ਸਭਿਆਚਾਰ ਦੇ ਕਈ ਪੱਖਾਂ ਬਾਰੇ ਗਿਆਨ ਹਾਸਲ ਹੁੰਦਾ। ਇਸ ਪ੍ਰਸੰਗ ਵਿਚ ਸਾਡੇ ਕਿੱਸਿਆਂ ਨੂੰ ਤਾਂ ਪੰਜਾਬੀ ਸਭਿਆਚਾਰ ਦੇ ਦਸਤਾਵੇਜ਼ ਮੰਨਿਆ ਜਾਂਦਾ ਹੈ। ਦਮੋਦਰ, ਪੀਲੂ, ਮੁਕਬਲ ਅਤੇ ਵਾਰਿਸ ਸ਼ਾਹ ਵਰਗੇ ਕਿੱਸਾ ਕਵੀਆਂ ਨੇ ਆਪਣੇ ਯੁਗ ਦੇ ਸਭਿਆਚਾਰ ਦੀਆਂ ਪ੍ਰਮਾਣਿਕ ਤਸਵੀਰਾਂ ਖਿੱਚ ਦਿੱਤੀਆਂ ਹਨ।ਦੇਖੋ:

ਚੜ੍ਹਦੇ ਮਿਰਜ਼ਾ ਖਾਨ ਨੂੰ, ਵੰਝਲ ਦੇਂਦਾ ਮੱਤ।
ਭੱਠ ਰੰਨਾਂ ਦੀ ਦੋਸਤੀ, ਖੁਰੀਂ ਜਿਨ੍ਹਾ ਦੀ ਮੱਤ।
ਹੱਸ-ਹੱਸ ਲਾਉਂਦੀਆਂ ਯਾਰੀਆਂ, ਰੋ ਕੇ ਦੇਵਣ ਦੱਸ।
ਲੱਖੀਂ ਹੱਥ ਨ ਆਉਂਦੀ ਦਾਨਸ਼ਮੰਦਾਂ ਦੀ ਪੱਤ।

(ਪੀਲੂ)

ਜਦੋਂ ਗਾਨੜੇ ਦੇ ਦਿਨ ਆਣ ਪੁੱਗੇ,
ਲੱਸੀ ਮੁੰਦਰੀ ਖੇਲਣੇ ਆਈਆਂ ਨੇ।
ਸੈਦਾ ਲਾਲ ਪੀੜ੍ਹੇ ਉਤੇ ਆਇ ਬੈਠਾ,
ਕੁੜੀਆਂ ਵਹੁਟੜੀ ਪਾਸ ਬਿਠਾਈਆਂ ਨੇ।
ਪਕੜ ਹੀਰ ਦੇ ਹੱਥ ਪਰਾਤ ਪਾਵਣ,
ਬਾਹਾਂ ਮੁਰਦਿਆਂ ਵਾਂਗ ਪਲਮਾਈਆਂ ਨੇ।
ਵਾਰਿਸ ਸ਼ਾਹ ਮੀਆਂ ਨੈਣਾਂ ਹੀਰ ਦਿਆਂ,
ਵਾਂਗ ਬੱਦਲਾਂ ਛਹਿਬਰਾਂ ਲਾਈਆਂ ਨੇ।

(ਵਾਰਿਸ ਸ਼ਾਹ)

### 2.2.4.4 ਕਾਵਿ ਰੂਪਾਂ ਦੀ ਵੰਨ-ਸੁਵੰਨਤਾ

ਮੱਧਕਾਲੀਨ ਪੰਜਾਬੀ ਸਾਹਿੱਤ ਵਿਚ ਕਾਵਿ-ਰੂਪਾਂ ਦੀ ਦ੍ਰਿਸ਼ਟੀ ਤੋਂ ਬੜੀ ਵਿਵਿਧਤਾ ਅਤੇ ਵੰਨ-ਸੁਵੰਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਇਸ ਕਾਲ ਦੀ ਪ੍ਰਤੀਨਿਧਤਾ ਕਰਨ ਵਾਲੀ ਸਭ ਤੋਂ ਪ੍ਰਮਾਣਿਕ ਰਚਨਾ ਹੈ। ਇਸ ਵਿਚ ਵਾਰਾਂ, ਬਾਰਹਮਾਹੇ, ਥਿੱਤੀ, ਸਤਵਾਰੇ, ਕਾਫ਼ੀ, ਸ਼ਬਦ, ਪਦਾ, ਅੰਜਲੀ, ਘੋੜੀਆਂ, ਛੰਤ, ਸਲੋਕ, ਪਉੜੀ, ਸੁਚੱਜੀ, ਕੁਚੱਜੀ, ਕਰਹਲੇ, ਪਟੀ, ਪਹਿਰੇ, ਗਾਥਾ, ਲਾਵਾਂ, ਡਖਣੇ, ਅਲਾਹਣੀਆਂ, ਗੋਸ਼ਟਾਂ ਆਦਿ ਅਨੇਕ ਕਾਵਿ-ਰੂਪਾਂ ਦਾ ਪ੍ਰਯੋਗ ਹੋਇਆ ਹੈ। ਪਦਿਆਂ ਵਿਚ ਇਕਪਦੇ, ਦੁਪਦੇ , ਚਉਪਦੇ, ਚਉਬੋਲੇ, ਛਿਪਦੇ ਅਤੇ ਅਸ਼ਟਪਦੀਆਂ ਆਦਿ ਕਾਵਿ-ਰੂਪ ਮਿਲਦੇ ਹਨ।ਸ੍ਰੀ ਗੁਰੂ ਗ੍ਰੰਥ ਸਾਹਿਬ

ਵਿਚ 31 ਰਾਗਾਂ ਦਾ ਪ੍ਰਯੋਗ ਹੋਇਆ ਹੈ।ਇਨ੍ਹਾਂ ਰਾਗਾਂ ਦੇ ਪ੍ਰਯੋਗ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬਾਨ ਅਤੇ ਹੋਰ ਭਗਤ ਕਵੀਆਂ ਨੂੰ ਇਹ ਮਾਲੂਮ ਸੀ ਕਿ ਰਾਗਾਂ ਅਤੇ ਰਾਗਣੀਆਂ ਨਾਲ ਜੁੜ ਕੇ ਕਾਵਿ-ਪ੍ਰਵਚਨ ਦੇ ਪ੍ਰਭਾਵ ਅਤੇ ਸਮਰੱਥਾ ਵਿਚ ਅਤਿਅੰਤ ਵਾਧਾ ਹੋ ਜਾਂਦਾ ਹੈ। ਗੁਰੂ ਸਾਹਿਬਾਨ, ਸੂਫ਼ੀ ਦਰਵੇਸ਼ ਅਤੇ ਕਿੱਸਾ-ਕਵੀ ਅਤੇ ਵਾਰਕਾਰ ਆਪਣੀਆਂ, ਆਪਣੀਆਂ ਰਚਨਾਵਾਂ ਦਾ ਖ਼ੁਦ ਗਾਇਨ ਕਰਿਆ ਕਰਦੇ ਸਨ। ਕਾਵਿ ਅਤੇ ਗਾਇਨ ਦੀ ਇਹ ਸੰਯੁਕਤ ਪਰੰਪਰਾ ਸਮੁੱਚੇ ਮੱਧਕਾਲੀਨ ਪੰਜਾਬੀ ਕਾਵਿ ਦਾ ਇਕ ਪ੍ਰਮੁੱਖ ਲੱਛਣ ਹੈ।

### 2.2.4.5 ਕਲਾ-ਕੌਸ਼ਲ

ਮੱਧਕਾਲੀਨ ਕਵੀ, ਕਲਾ-ਕੌਸ਼ਲ ਦੀ ਦ੍ਰਿਸ਼ਟੀ ਤੋਂ ਬੜੇ ਪ੍ਰਤਿਭਾਸ਼ੀਲ ਹੁੰਦੇ ਹਨ। ਉਨ੍ਹਾਂ ਦੀਆਂ ਰਚਨਾਵਾਂ ਵਿਚ ਅਲੰਕਾਰਾਂ, ਬਿੰਬਾਂ ਅਤੇ ਪ੍ਰਤੀਕਾਂ ਦਾ ਬੜਾ ਮੌਲਿਕ ਪ੍ਰਯੋਗ ਦ੍ਰਿਸ਼ਟੀਗੋਚਰ ਹੁੰਦਾ ਹੈ। ਦੇਖੋ:

(1) ਰੇ ਮਨ ਐਸੀ ਹਰਿ ਸਿਉ ਪ੍ਰੀਤ ਕਰਿ ਜੈਸੀ ਜਲਿ ਕਮਲੇਹਿ।।
ਲਹਿਰੀ ਨਾਲਿ ਪਛਾੜੀਐ ਭੀ ਵਿਗਸਹਿ ਅਸਨੇਹਿ।।
(ਦ੍ਰਿਸ਼ਟਾਂਤ ਅਲੰਕਾਰ)

(2) ਕੋਈ ਆਇਆ ਪਹਿਨ ਲਿਬਾਸ ਕੁੜੇ।
ਹੱਥ ਖੂੰਡੀ ਮੋਢੇ ਕੰਬਲ ਕਾਲਾ,
ਅੱਖੀਆਂ ਦੇ ਵਿਚ ਵਸੇ ਉਜਾਲਾ,
ਚਾਕ ਨਹੀਂ ਹੈ ਕੋਈ ਮਤਵਾਲਾ,
ਪੁੱਛੋ ਬਿਠਾ ਕੇ ਪਾਸ ਕੁੜੇ।
(ਦ੍ਰਿਸ਼ ਬਿੰਬ)

(3) ਹੋਠ ਸੁਰਖ ਯਾਕੂਤ ਜਿਉਂ ਲਾਲ ਚਮਕਣ,
ਠੋਡੀ ਸੇਬ ਵਲਾਇਤੀ ਸਾਰ ਵਿੱਚੋਂ।
ਨਕ ਅਲਫ਼ ਹੁਸੈਨੀ ਦਾ ਪਿਪਲਾ ਜੀ,
ਜ਼ੁਲਫਾਂ ਨਾਗ ਖ਼ਜ਼ਾਨੇ ਦੀ ਬਾਰ ਵਿਚੋਂ।
(ਉਪਮਾ ਅਤੇ ਰੂਪਕ ਅਲੰਕਾਰ)

### 2.2.4.6 ਛੰਦ ਪ੍ਰਬੰਧ

ਮੱਧਕਾਲੀਨ ਪੰਜਾਬੀ ਸਾਹਿੱਤ ਛੰਦਾਂ ਦੀ ਦ੍ਰਿਸ਼ਟੀ ਤੋਂ ਵੀ ਬੜਾ ਅਮੀਰ ਹੈ। ਵੱਖ-ਵੱਖ ਰਚਨਾਵਾਂ ਵਿਚ ਬੈਂਤ, ਤੋਮਰ, ਦੋਹਿਰਾ, ਦਵਈਆ, ਸਵਈਆ, ਡਿਉਢ, ਕੁੰਡਲੀਆਂ, ਚੌਪਈ, ਕਬਿੱਤ, ਝੂਲਣਾ, ਤਾਟੰਕ, ਪ੍ਰਮਾਣਿਕਾ, ਰਾਧਿਕਾ, ਨਿਸ਼ਾਨੀ, ਸੋਰਠਾ, ਸਿਰਖੰਡੀ,ਰਡ, ਹੰਸਗਤੀ, ਭੁਜੰਗ ਪ੍ਰਯਾਤ, ਹਰਿਬੋਲਮਨਾ, ਛਪੈ ਅਤੇ ਏਕਅ ੱਛਠੀ ਆਦਿਕ ਛੰਦ-ਰੂਪਾਂ ਦਾ ਪ੍ਰਯੋਗ ਹੋਇਆ ਹੈ। ਮੱਧਕਾਲੀਨ ਲੇਖਕ ਪੰਜਾਬੀ ਭਾਸ਼ਾ ਦਾ ਸਰਲ, ਠੇ ਠ ਅਤੇ ਮੁਹਾਵਰੇ-ਭਰਪੂਰ ਪ੍ਰਯੋਗ ਕਰਦੇ ਸਨ।ਇਸ ਕਾਲ ਵਿਚ ਰਚੇ ਗਏ ਪੰਜਾਬੀ ਸਾਹਿੱਤ ਦਾ ਸਰੂਪ ਆਂਚਲਿਕ ਜਾਂ ਖੇਤਰੀ ਨਹੀਂ ਰਹਿੰਦਾ ਬਲਕਿ ਇਹ ਸਮੁੱਚੇ ਹਿੰਦੁਸਤਾਨ ਨੂੰ ਆਪਣੇ ਕਲਾਵੇ ਵਿਚ ਭਰ ਲੈਣ ਦੀ ਸਮਰੱਥਾ ਰੱਖਦਾ ਹੈ।

## 2.2.4.7 ਵਾਰਤਕ-ਰਚਨਾ

ਇਸ ਕਾਲ ਵਿਚ ਰਚੀ ਗਈ ਵਾਰਤਕ ਦਾ ਮੂਲ ਆਧਾਰ ਗੁਰੂ ਨਾਨਕ ਦੀਆਂ 'ਜਨਮ-ਸਾਖੀਆਂ', ਅਤੇ 'ਗੁਰਬਿਲਾਸ' ਹਨ। (ਡਾ. ਮੋਹਨ ਸਿੰਘ, ਹਿਸਟਰੀ ਆਫ਼ ਪੰਜਾਬੀ ਲਿਟਰੇਚਰ, ਪੰਨਾ 63) ਇਸ ਕਾਲ ਦੀ ਵਾਰਤਕ ਦਾ ਸਮੁੱਚਾ ਭੰਡਾਰ ਗੁਰੂਆਂ, ਅਵਤਾਰਾਂ, ਸੰਤਾਂ, ਭਗਤਾਂ ਅਤੇ ਪੈਗੰਬਰਾਂ ਦੀਆਂ ਜੀਵਨੀਆਂ ਅਤੇ ਪਰਚੀਆਂ ਨਾਲ ਭਰਿਆ ਪਿਆ ਹੈ। ਟੀਕੇ ਤੇ ਪਰਮਾਰਥ, ਮਸਲੇ ਤੇ ਬਚਨ, ਸੁਖ਼ਨ ਤੇ ਅਕਵਾਲ, ਹੁਕਮਨਾਮੇ ਅਤੇ ਰਹਿਤਨਾਮੇ ਇਸ ਕਾਲ ਵਿਚ ਰਚੀ ਗਈ ਵਾਰਤਕ ਦੇ ਵਿਭਿੰਨ ਰੂਪਾਕਾਰ ਹਨ। ਅਨੁਵਾਦਾਂ ਤੇ ਲਿਪੀਅਾਂਤਰਾਂ ਨੇ ਵੀ ਇਸ ਕਾਲ ਦੀ ਵਾਰਤਕ ਨੂੰ ਬਹੁਤ ਭਰਪੂਰ ਕੀਤਾ। ਇਸਦੀ ਉਤਪਤੀ ਤੇ ਵਿਕਾਸ ਵਿਚ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਨੇ ਰਲ-ਮਿਲ ਕੇ ਹਿੱਸਾ ਪਾਇਆ। ਇਨ੍ਹਾਂ ਲੇਖਕਾਂ ਨੇ ਆਪਣੇ-ਆਪਣੇ ਧਰਮ ਦੀ ਵਿਆਖਿਆ ਵਾਰਤਕ ਦੇ ਮਾਧਿਅਮ ਦੁਆਰਾ ਕੀਤੀ। ਇਸ ਕਾਲ ਦੀ ਵਾਰਤਕ ਦੋ ਤਰ੍ਹਾਂ ਦੀਆਂ ਸ਼ੈਲੀਆਂ ਦਾ ਪ੍ਰਯੋਗ ਕਰਦੀ ਹੈ। ਇਕ ਵਿਚ ਲਹਿੰਦੀ ਪ੍ਰਧਾਨ ਹੈ ਅਤੇ ਦੂਜੀ ਵਿਚ ਸਾਧ-ਭਾਸ਼ਾ ਦੀ ਭਰਪੂਰ ਵਰਤੋਂ ਹੋਈ ਹੈ। ਇਸ ਕਾਲ ਦੀ ਵਾਰਤਕ ਰਚਨਾ ਵਿਚ ਅਤੇ ਜੋਗੀਆਂ, ਨਿਰਮਲਿਆਂ, ਸੇਵਾ-ਪੰਥੀਆਂ ਅਤੇ ਉਦਾਸੀ-ਸਾਧੂਆਂ ਦਾ ਯੋਗਦਾਨ ਉਲੇਖਯੋਗ ਹੈ। ਇਸ ਕਾਲ ਦੀ ਵਾਰਤਕ ਦਾ ਵਿਸ਼ਲੇਸ਼ਣ ਕਰਨ ਉਪਰੰਤ ਇਹ ਸਪਸ਼ਟਹੋ ਜਾਦਾ ਹੈ ਕਿ ਮੱਧਕਾਲ ਵਿਚ ਪੰਜਾਬੀ ਦੀ ਵਿਸ਼ੇਸ਼ ਸ਼ਬਦਾਵਲੀ ਦਾ ਮੁਹਾਂਦਰਾ ਪੂਰੀ ਤਰ੍ਹਾਂ ਨਾਲ ਨਿੱਖਰ ਚੁੱਕਾ ਸੀ।

## 2.2.4.8 ਉਪਸੰਹਾਰ

ਮੱਧਕਾਲ ਵਿਚ ਸਿਰਜੇ ਗਏ ਪੰਜਾਬੀ ਸਾਹਿਤ ਦੀਆਂ ਸਾਰੀਆਂ ਵੰਨਗੀਆਂ ਅਤੇ ਪ੍ਰਵਿਰਤੀਆਂ ਦੇ ਅਧਿਐਨ-ਵਿਸ਼ਲੇਸ਼ਣ ਤੋਂ ਬਾਅਦ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਸ ਕਾਲ ਵਿਚ ਸਾਡੇ ਸਾਹਿਤ ਦੀ ਹਰ ਧਾਰਾ ਨੇ ਆਪਣੀ ਸਿਖਰ ਛੋਹ ਲਈ ਸੀ। ਗੁਰਮਤਿ ਕਾਵਿ ਧਾਰਾ, ਸੂਫ਼ੀ ਕਾਵਿ ਧਾਰਾ, ਕਿੱਸਾ ਕਾਵਿ ਧਾਰਾ ਅਤੇ ਬੀਰ ਕਾਵਿ ਧਾਰਾ ਨੇ ਆਪਣੀਆਂ-ਆਪਣੀਆਂ ਰਚਨਾਤਮਕ ਸੰਭਾਵਨਾਵਾਂ ਦੇ ਸਿਖਰ ਇਸੇ ਕਾਲ ਵਿਚ ਛੋਹੇ। ਮੱਧਕਾਲ ਤੋਂ ਪਹਿਲਾਂ ਇਨ੍ਹਾਂ ਧਾਰਾਵਾਂ ਦਾ, ਜਾਂ ਤਾਂ ਕੋਈ ਵਜੂਦ ਹੀ ਨਹੀਂ ਮਿਲਦਾ ਅਤੇ ਜੇ ਮਿਲਦਾ ਵੀ ਹੈ ਤਾਂ ਉਨ੍ਹਾਂ ਨੂੰ ਮੁੱਢਲੇ ਯਤਨ ਹੀ ਕਹਿਣਾ ਚਾਹੀਦਾ ਹੈ। ਮੱਧਕਾਲ ਤੋਂ ਬਾਅਦ ਇਨ੍ਹਾਂ ਧਾਰਾਵਾਂ ਦਾ ਵਜੂਦ ਬਿਲਕੁਲ ਸਿਮਟ ਗਿਆ ਅਤੇ ਕੁਝ ਇਕ ਤਾਂ ਖ਼ਤਮ ਹੋ ਗਈਆਂ। ਇਸ ਦ੍ਰਿਸ਼ਟੀ ਤੋਂ ਦੇਖਿਆ ਇਹ ਕਾਲ ਪੰਜਾਬੀ ਸਾਹਿੱਤ ਦੀ ਪ੍ਰਗਤੀ ਅਤੇ ਵਿਕਾਸ ਨੂੰ ਦਰਸਾਉਣ ਵਾਲਾ ਇਕ ਸੁਨਹਿਰੀ ਕਾਲ ਹੈ। ਇਸ ਤੋਂ ਬਾਅਦ ਪੂੰਜੀਵਾਦ, ਉਦਯੋਗਿਕ ਕ੍ਰਾਂਤੀ, ਉਪਭੋਗਤਾਵਾਦ ਅਤੇ ਉੱਤਰ-ਆਧੁਨਿਕਤਾ ਦੇ ਪ੍ਰਭਾਵ ਅਧੀਨ ਆਧੁਨਿਕ ਪੰਜਾਬੀ ਸਾਹਿੱਤ ਵਿਚ ਅਨੇਕ ਨਵੇਂ ਰੂਪਾਕਾਰ ਅਤੇ ਵਿਚਾਰਧਾਰਾਈ ਪ੍ਰਵਿਰਤੀਆਂ ਰੂਪਮਾਨ ਹੋ ਚੁੱਕੀਆਂ ਹਨ ਪਰੰਤੂ ਅਜੇ ਇਨ੍ਹਾਂ ਰੂਪਾਕਾਰਾਂ ਅਤੇ ਪ੍ਰਵਿਰਤੀਆਂ ਨੇ ਹੋਰ ਪਰਿਪੱਕ ਅਤੇ ਪ੍ਰੋੜ੍ਹ ਹੋਣਾ ਹੈ।

## ਪ੍ਰਸ਼ਨ

### ਉਪਰੋਕਤ ਪਾਠ ਵਿਚ ਦਿੱਤੀ ਗਈ ਸਮੱਗਰੀ ਨੂੰ ਪੜ੍ਹਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:

1. ਮੱਧਕਾਲ ਵਿਚ ਪੈਦਾ ਹੋਏ ਪੰਜਾਬੀ ਸਾਹਿੱਤ ਦਾ ਮੁਲਾਂਕਣ ਕਰੋ।
2. ਮੱਧਕਾਲੀਨ ਪੰਜਾਬੀ ਸਾਹਿੱਤ ਦੇ ਯੁੱਗ ਨੂੰ ਪੰਜਾਬੀ ਸਾਹਿੱਤ ਦਾ ਸੁਨਹਿਰੀ ਕਾਲ ਆਖਿਆ ਜਾਂਦਾ ਹੈ। ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ?
3. ਮੱਧਕਾਲੀਨ ਪੰਜਾਬੀ ਸਾਹਿੱਤ ਦੇ ਸਾਂਝੇ ਗੁਣਾਂ-ਤੱਤਾਂ ਉਪਰ ਇਕ ਨੋਟ ਲਿਖੋ।

4. ਮੱਧਕਾਲੀ ਪੰਜਾਬੀ ਸਾਹਿਤ ਦੇ ਪ੍ਰਮੁੱਖ ਝੁਕਾਵਾਂ ਬਾਰੇ ਤੁਸੀਂ ਕੀ ਜਾਣਦੇ ਹੋ ? (ਅਪਰੈਲ 2010)
5. ਮੱਧਕਾਲੀ ਚੇਤਨਾ ਦੇ ਪ੍ਰਸੰਗ ਵਿਚ ਮੱਧਕਾਲੀ ਸਾਹਿਤ ਦੀਆਂ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ। (ਅਪਰੈਲ 2012)
6. ਗੁਰਮਿਤ ਕਾਵਿ ਅਤੇ ਸੂਫ਼ੀ ਕਾਵਿ ਵਿਚਲੀ ਵਿਚਾਰਧਾਰਾਈ ਸਾਂਝ ਬਾਰੇ ਤੁਸੀਂ ਕੀ ਜਾਣਦੇ ਹੋ? ਦਲੀਲਾਂ ਸਹਿਤ ਉੱਤਰ ਦਿਓ। (ਮਈ 2016)
7. ਮੱਧਕਾਲੀਨ ਪੰਜਾਬੀ ਸਾਹਿਤ ਦੇ ਸਾਂਝੇ ਲੱਛਣਾਂ ਦੀ ਚਰਚਾ ਕਰੋ। (ਮਈ 2016)
8. ਮੱਧਕਾਲੀਨ ਪੰਜਾਬੀ ਸਾਹਿਤ ਦੇ ਉਨ੍ਹਾਂ ਸਾਂਝੇ ਲੱਛਣਾਂ ਦੀ ਨਿਸ਼ਾਨਦੇਹੀ ਕਰੋ ਜਿਸਦੇ ਨਮੂਨੇ ਸਾਹਿਤ ਵਿਚ ਮਿਲਦੇ ਹਨ। ਇਸ ਕਾਲ ਦੀ ਕਿਸੇ ਇਕ ਸਾਹਿਤਧਾਰਾ ਦੇ ਯੋਗਦਾਨ ਤੋਂ ਜਾਣੂ ਕਰਵਾਓ। (ਮਈ 2017)

## ਚੋਣਵੀਂ ਪੁਸਤਕਾਵਲੀ


1. ਡਾ. ਰਤਨ ਸਿੰਘ ਜੱਗੀ, *ਪੰਜਾਬੀ ਸਾਹਿੱਤ ਦਾ ਸਰੋਤਮੂਲਕ ਇਤਿਹਾਸ* (ਦੂਜਾ ਭਾਗ) ਪੰ. ਯੂ. ਪਟਿਆਲਾ।
2. ਡਾ. ਅਮਰਜੀਤ ਸਿੰਘ ਕਾਂਗ, *ਕਿੱਸਾ ਸੰਸਾਰ,* ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1985
3. ਡਾ. ਗੁਰਦੇਵ ਸਿੰਘ ਸਿੱਧੂ, *ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ,* ਪੰਜਾਬੀ ਅਕਾਦਮੀ, ਦਿੱਲੀ।
4. ਡਾ. ਜਗਬੀਰ ਸਿੰਘ, *ਪੰਜਾਬੀ ਸਾਹਿੱਤ ਦਾ ਇਤਿਹਾਸਃ ਆਦਿ ਕਾਲ ਭਗਤੀਕਾਲ,* ਗੁ.ਨਾ.ਦੇ.ਯੂ. ਅੰਮ੍ਰਿਤਸਰ।
5. ਬ੍ਰਹਮਜਗਦੀਸ਼ ਸਿੰਘ, ਰਾਜਬੀਰ ਕੌਰ, *ਪੰਜਾਬੀ ਸਾਹਿੱਤ ਦਾ ਇਤਿਹਾਸ,* ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2007

**ਪਾਠ ਨੰ: 2.3** **– ਪ੍ਰੋ. ਬ੍ਰਹਮਜਗਦੀਸ਼ ਸਿੰਘ**

# ਗੁਰਮਤਿ–ਕਾਵਿ

## 2.3.1 ਭੂਮਿਕਾ

ਮੱਧਕਾਲੀਨ ਪੰਜਾਬੀ ਸਾਹਿੱਤ ਦੀ ਸਭ ਤੋਂ ਗੌਰਵਮਈ ਪਰੰਪਰਾ ਗੁਰਮਤਿ ਕਾਵਿ ਹੈ। ਇਹ ਧਾਰਾ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਬਾਣੀ ਨਾਲ ਸ਼ੁਰੂ ਹੋਈ ਅਤੇ ਇਸ ਵਿਚ ਉਨ੍ਹਾਂ ਤੋਂ ਬਿਨਾਂ ਪੰਜ ਹੋਰ ਗੁਰੂ ਸਾਹਿਬਾਨ ਨੇ ਵੀ ਆਪਣਾ ਯੋਗਦਾਨ ਪਾਇਆ, ਜਿੰਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ: ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ। ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਵ ਬਹਾਦਰ ਜੀ। ਇਨ੍ਹਾਂ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ, ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਨਹੀਂ ਪਰੰਤੂ ਇਹ ਬਾਣੀ ਵੀ ਗੁਰਮਤਿ ਕਾਵਿ ਦੀ ਪਰੰਪਰਾ ਵਿਚ ਗਿਣੀ ਜਾਂਦੀ ਹੈ। ਉਕਤ ਗੁਰੂ ਸਾਹਿਬਾਨ ਦੀ ਬਾਣੀ ਤੋਂ ਬਿਨਾਂ ਪੰਦਰਾਂ ਭਗਤਾਂ, ਗਿਆਰਾਂ ਭੱਟਾਂ ਅਤੇ ਚਾਰ ਗੁਰੂ–ਘਰ ਦੇ ਨਿਕਟਵਰਤੀਆਂ (ਬਾਬਾ ਮਰਦਾਨ ਜੀ, ਬਾਬਾ ਸੁੰਦਰ ਅਤੇ ਸ੍ਰੀ ਸੱਤਾ ਅਤੇ ਸ੍ਰੀ ਬਲਵੰਡ) ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹੈ। ਇਸ ਲਈ ਆਮ ਤੌਰ ਤੇ ਇਸ ਸਮੁੱਚੀ ਬਾਣੀ ਨੂੰ ਗੁਰਮਤਿ ਕਾਵਿ ਪਰੰਪਰਾ ਵਿਚ ਰੱਖ ਲਿਆ ਜਾਂਦਾ ਹੈ। ਪਰੰਤੂ ਭਗਤਾਂ ਦੀ ਬਾਣੀ ਦੀ ਇਕ ਹੋਰ ਵਰਗ–ਵੰਡ ਭਗਤ ਬਾਣੀ ਹੈ। ਇਸ ਕਾਰਨ ਇਸ ਬਾਣੀ ਨੂੰ ਉਸ ਵਰਗ–ਵੰਡ ਵਿਚ ਸ਼ਾਮਲ ਕਰਨਾ ਵਧੇਰੇ ਉਚਿਤ ਭਾਸਦਾ ਹੈ। ਗੁਰਮਤਿ ਕਾਵਿ ਵਿਚ ਭਾਈ ਗੁਰਦਾਸ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਕੁਝ ਦਰਬਾਰੀ ਕਵੀਆਂ (ਜਿਵੇਂ ਦੀਵਾਨ ਨੰਦ ਲਾਲ ਗੋਯਾ) ਦੀਆਂ ਰਚਨਾਵਾਂ ਨੂੰ ਵੀ ਸ਼ੁਮਾਰ ਕਰ ਲਿਆ ਜਾਂਦਾ ਹੈ। ਮੂਲ ਰੂਪ ਵਿਚ ਗੁਰਮਤਿ ਕਾਵਿ ਉਹ ਹੈ, ਜੋ ਗੁਰੂ ਨਾਨਕ ਦੇਵ ਜੀ ਦੇ ਚਲਾਏ ਹੋਏ ਗੁਰਮਤਿ ਦੇ ਸਿੱਧਾਂਤਾਂ ਦੇ ਪਰਿਪੇਖ ਨੂੰ ਸਵੀਕਾਰਦੀ ਹੋਈ, ਇਨ੍ਹਾਂ ਨੂੰ ਵਿਸਤਾਰਦੀ, ਨਿਖਾਰਦੀ ਹੈ।

## 2.3.2 ਪ੍ਰਯੋਜਨ

ਇਸ ਪਾਠ ਦਾ ਪ੍ਰਯੋਜਨ ਗੁਰਮਤਿ ਕਾਵਿ ਦੇ ਦਾਰਸ਼ਨਿਕ, ਨੈਤਿਕ ਅਤੇ ਕਾਵਿ ਸ਼ਾਸਤਰੀ ਸੰਕਲਪਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਗੁਰਮਤਿ ਕਾਵਿ ਵਿਚ ਜੀਵਨ, ਜਗਤ ਅਤੇ ਪਾਰਬ੍ਰਹਮ ਬਾਰੇ ਨਵੀਆਂ ਅੰਤਰ–ਦ੍ਰਿਸ਼ਟੀਆਂ ਪ੍ਰਾਪਤ ਹੁੰਦੀਆਂ ਹਨ। ਗੁਰਮਤਿ ਕਾਵਿ ਤੋਂ ਪਹਿਲਾਂ ਪੰਜਾਬੀ ਸਾਹਿੱਤ ਵਿਚ ਨਾਥ–ਜੋਗੀ ਕਾਵਿ ਅਤੇ ਸੂਫ਼ੀ ਕਾਵਿ ਦੀਆਂ ਪਰੰਪਰਾਵਾਂ ਮੌਜੂਦ ਸਨ। ਇਹ ਪਰੰਪਰਾਵਾਂ ਜੀਵਨ ਦੇ ਬੁਨਿਆਦੀ ਪ੍ਰਸ਼ਨਾਂ ਨੂੰ ਆਪੋ–ਆਪਣੇ ਢੰਗ ਨਾਲ ਸੁਲਝਾਉਂਦੀਆਂ ਅਤੇ ਨਜਿੱਠਦੀਆਂ ਸਨ। ਗੁਰਮਤਿ ਕਾਵਿ ਪਰੰਪਰਾ ਇਨ੍ਹਾਂ ਪ੍ਰਸ਼ਨਾਂ ਵੱਲ ਵੱਖਰਾ ਨਜ਼ਰੀਆਂ ਪੇਸ਼ ਕਰਦੀ ਹੈ। ਇਸ ਪਾਠ ਵਿਚ ਅਸੀਂ ਇਸ ਨਜ਼ਰੀਏ ਦੇ ਵੱਖ–ਵੱਖ ਪਸਾਰਾਂ ਬਾਰੇ ਸੰਖੇਪ ਵਿਚ ਚਰਚਾ ਕਰਾਂਗੇ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਇਸ ਪਾਠ ਵਿਚ ਦਿੱਤੀ ਗਈ ਸਾਮਗਰੀ ਦੇ ਨਾਲ–ਨਾਲ ਗੁਰਮਤਿ ਕਾਵਿ ਬਾਰੇ ਮਿਲਦੀਆਂ ਕੁਝ ਹੋਰ ਸਰੋਤ-ਪੁਸਤਕਾਂ ਵੀ ਵਾਚਦੇ ਰਹਿਣ, ਜਿਨ੍ਹਾਂ ਬਾਰੇ ਅਸੀਂ ਇਸ ਪਾਠ ਦੇ ਅੰਤ ਵਿਚ ਜਾਣਕਾਰੀ ਦਿੱਤੀ ਹੈ।

### 2.3.3.1 ਵਿਚਾਰਧਾਰਕ ਪਰਿਪੇਖ

ਗੁਰੂ ਨਾਨਕ ਦੇਵ ਜੀ ਨੇ ਭਾਰਤ ਦੇ ਅਧਿਆਤਮਕ ਵਿਰਸੇ ਦਾ ਭਰਪੂਰ ਪ੍ਰਯੋਗ ਕੀਤਾ। ਆਪ ਨੇ

ਵੇਦਾਂ, ਉਪਨਿਸ਼ਦਾਂ ਅਤੇ ਪੁਰਾਣ ਗ੍ਰੰਥਾਂ ਦੇ ਅਧਿਐਨ ਦੁਆਰਾ ਪਰਮਾਤਮਾ, ਪ੍ਰਕ੍ਰਿਤੀ, ਜੀਵਾਤਮਾ, ਆਵਾਗਵਣ, ਨਰਕ-ਸੁਰਗ, ਮੁਕਤੀ, ਨਾਮ-ਸਿਮਰਨ, ਤੀਰਥ-ਇਸ਼ਨਾਨ, ਸਤਿਗੁਰੂ ਅਤੇ ਗੁਰਮੁਖ ਆਦਿਕ ਸੰਕਲਪਾਂ ਬਾਰੇ ਭਾਰਤੀ ਦਰਸ਼ਨ ਦੀ ਪੁਨਰ-ਵਿਆਖਿਆ ਕੀਤੀ। ਇਨ੍ਹਾਂ ਵਿਚੋਂ ਕੁਝ ਇਕ ਨੂੰ ਆਪ ਨੇ ਵੇਲਾ ਵਿਹਾ ਚੁਕੀਆ ਮੰਨ ਕੇ ਪੂਰਨ ਭਾਂਤ ਨਕਾਰ ਦਿੱਤਾ, ਕੁਝ ਨੂੰ ਸੰਸ਼ੋਧਿਤ ਰੂਪ ਵਿਚ ਵਰਤ ਲਿਆ ਅਤੇ ਕੁਝ ਹੋਰ ਧਾਰਨਾਵਾਂ ਆਪਦੀ ਵਿਚਾਰਧਾਰਾ ਦੇ ਨਾਲ-ਨਾਲ ਸਮਾਨੰਤਰ ਰੂਪ ਵਿਚ ਗਤੀਸ਼ੀਲ ਰਹੀਆਂ। ਸਭਿਆਚਾਰਕ ਵਿਰਾਸਤ ਦਾ ਦੂਜਾ ਰੂਪ ਯੋਗ ਦਰਸ਼ਨ ਵਜੋਂ ਆਪਦੇ ਸਨਮੁਖ ਸੀ। ਗੁਰੂ ਨਾਨਕ ਦੇਵ ਜੀ ਦੇ ਯੁਗ ਵਿਚ ਨਾਥ-ਜੋਗੀਆਂ ਦੇ ਨਵਿਰਤੀ ਮਾਰਗ ਨੂੰ ਪਲਾਇਣਵਾਦੀ ਘੋਸ਼ਿਤ ਕਰਕੇ ਪਰਵਿਰਤੀ (ਗ੍ਰਿਹਸਥੀ) ਮਾਰਗ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਆਪ ਨੇ 'ਗ੍ਰਿਹਸਥ ਮਾਹਿ ਉਦਾਸ' ਰਹਿਣ ਦਾ ਇਕ ਨਵਾਂ ਅਤੇ ਯੁਗਾਨੁਕੂਲ ਸੰਕਲਪ ਪੇਸ਼ ਕੀਤਾ। ਇਸ ਪ੍ਰਸੰਗ ਵਿਚ ਗੁਰੂ ਸਾਹਿਬ ਫੁਰਮਾਉਂਦੇ ਹਨ:

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮੁ ਚੜਾਈਐ।।
ਜੋਗੁ ਨ ਮੁੰਦ੍ਰੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ।।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ।।
(ਗਉੜੀ ਮਹਲਾ੧)

**2.3.3.2** ਗੁਰੂ ਨਾਨਕ ਦੇਵ ਜੀ ਦੇ ਯੁਗ ਵਿਚ ਧਰਮ ਦਾ ਇਕ ਹੋਰ ਰੂਪ ਇਸਲਾਮ ਨਾਲ ਸੰਬੰਧਿਤ ਸੀ। ਇਸਲਾਮ ਉਸ ਸਮੇਂ ਦੇ ਹੁਕਮਰਾਨਾਂ ਦਾ ਧਰਮ ਹੋਣ ਸਦਕਾ ਦੂਜੇ ਧਰਮਾਂ ਦੀ ਤੁਲਨਾ ਵਿਚ ਬਿਹਤਰ ਸਥਿਤੀ ਵਿਚ ਸੀ। ਇਸ ਨੂੰ ਹਕੂਮਤ ਦਾ ਸਹਾਰਾ ਵੀ ਮਿਲਿਆ ਹੋਇਆ ਸੀ। ਉਂਜ ਵੀ ਮੁਸਲਮਾਨ ਹਾਕਮਾਂ ਵਿਚ ਆਪਣੇ ਧਰਮ ਨੂੰ ਫੈਲਾਉਣ ਦਾ ਜੋਸ਼ ਕੁਝ ਵਧੇਰੇ ਹੀ ਸੀ। ਸਿੱਟੇ ਵਜੋਂ ਇਸਲਾਮ ਦੇ ਵਾਸਤਵਿਕ ਲੱਛਣ-ਹਲੀਮੀ, ਮੁਹੱਬਤ, ਸਮਾਨਤਾ, ਸਮਾਜਕ ਨਿਆਇ ਅਤੇ ਇਕ ਰੱਬ ਦੀ ਪੂਜਾ ਕਰਨਾ ਆਦਿਕ ਪ੍ਰਿਸ਼ਠ-ਭੂਮੀ ਵਿਚ ਚਲੇ ਗਏ ਸਨ ਅਤੇ ਉਨ੍ਹਾਂ ਦੀ ਥਾਂ ਅਸਹਿਣਸ਼ੀਲਤਾ, ਹਿੰਸਾ ਅਤੇ ਪ੍ਰਤਿਸ਼ੋਧ ਆਦਿਕ ਅਗ੍ਰਭੂਮੀ ਵਿਚ ਆ ਗਏ ਸਨ। ਇਸਲਾਮ ਵਿਚ ਪ੍ਰਵੇਸ਼ ਕਰ ਚੁੱਕੇ ਇਨ੍ਹਾਂ ਵਿਕਾਰਾਂ ਦੀ ਨਿਸ਼ਾਨਦੇਹੀ ਕਰਦੇ ਹੋਏ ਗੁਰੂ ਸਾਹਿਬ ਇਕ ਸੱਚੇ ਮੁਸਲਮਾਨ ਦੀ ਨਵੀਨ ਪਰਿਭਾਸ਼ਾ ਪ੍ਰਸਤੁਤ ਕਰਦੇ ਹਨ:

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ।।
ਸਰਮ ਸੁੰਨਤਿ ਸੀਲ ਰੋਜਾ ਹੋਹੁ ਮੁਸਲਮਾਣ।।
(ਵਾਰ ਮਾਝ ਕੀ, ਮਹਲਾ ੧)

**2.3.3.3** ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਆਪਣੇ ਯੁਗ ਦੇ ਸਾਰੇ ਪ੍ਰਮੁਖ ਧਰਮਾਂ ਵਿਚ ਆ ਚੁਕੀ ਨੈਤਿਕ ਅਤੇ ਪਰਮਾਰਥਕ ਗਿਰਾਵਟ ਦਾ ਇਕ ਵਾਸਤਵਿਕ ਚਿਤਰ ਪੇਸ਼ ਕਰਦੇ ਹਨ। ਆਪ ਅਨੁਸਾਰ ਬ੍ਰਾਹਮਣ, ਕਾਜ਼ੀ ਅਤੇ ਜੋਗੀ ਆਪਣੀ ਪ੍ਰਾਸੰਗਿਕਤਾ ਗੁਆ ਬੈਠੇ ਸਨ। ਇਸ ਪ੍ਰਾਸੰਗਿਕਤਾ ਦੀ ਪੁਨਰ-ਪ੍ਰਾਪਤੀ ਲਈ ਗੁਰੂ ਜੀ ਨੇ ਹਰ ਧਰਮ ਨੂੰ ਪੁਨਰ-ਚਿੰਤਨ ਦਾ ਸੰਦੇਸ਼ ਦਿੱਤਾ। ਆਪ ਨੇ ਫੁਰਮਾਇਆ:

ਕਾਦੀ ਕੂੜੁ ਬੋਲਿ ਮਲੁ ਖਾਇ।।
ਬ੍ਰਾਹਮਣੁ ਨਾਵੈ ਜੀਆ ਘਾਇ।।
ਜੋਗ ਜੁਗਤਿ ਨ ਜਾਣੈ ਅੰਧੁ।।
ਤੀਨੇ ਉਜਾੜੇ ਕਾ ਬੰਧੁ।।

ਸੋ ਜੋਗੀ ਜੋ ਜੁਗਤਿ ਪਛਾਣੈ।।
ਗੁਰਪਰਸਾਦੀ ਏਕੋ ਜਾਣੈ।।
ਕਾਜੀ ਸੋ ਜੋ ਉਲਟੀ ਕਰੈ।।
ਗੁਰਪਰਸਾਦੀ ਜੀਵਤੁ ਮਰੈ।।
ਸੋ ਬ੍ਰਾਹਮਣੁ ਜੋ ਬ੍ਰਹਮ ਵੀਚਾਰੈ।।
ਆਪਿ ਤਰੈ ਸਗਲੇ ਕੁਲ ਤਾਰੈ।।

(ਧਨਾਸਰੀ ਮਹਲਾ ੧)

**2.3.3.4** ਧਰਮ-ਸ਼ਾਸਤਰੀ ਅੰਤਰ-ਦ੍ਰਿਸ਼ਟੀਆਂ ਤੋਂ ਬਿਨਾਂ ਗੁਰੂ ਨਨਕ ਨੂੰ ਆਪਣੇ ਤੋਂ ਪਹਿਲਾਂ ਹੋ ਚੁੱਕੇ ਸੂਫ਼ੀਆਂ ਅਤੇ ਭਗਤਾਂ ਦੀਆਂ ਰਚਨਾਵਾਂ ਵੀ ਸਾਹਿਤਿਕ ਵਿਰਾਸਤ ਦੇ ਰੂਪ ਵਿਚ ਪ੍ਰਾਪਤ ਹੋਈਆਂ। ਪੰਜਾਬ ਵਿਚੋਂ ਆਪ ਨੂੰ ਸ਼ੇਖ਼ ਬਾਬਾ ਫ਼ਰੀਦ ਦੀ ਬਾਣੀ ਪ੍ਰਾਪਤ ਹੋਈ, ਜਿਸ ਵਿਚ ਇਕ ਰੱਬ ਨੂੰ ਪ੍ਰੇਮ ਕਰਨ ਦਾ ਉਪਦੇਸ਼ ਦਿੱਤਾ ਗਿਆ ਸੀ। ਗੁਰੂ ਦੇ ਮਹੱਤਵ ਨੂੰ ਦ੍ਰਿੜ੍ਹ ਕਰਵਾਇਆ ਗਿਆ ਸੀ ਅਤੇ ਚੰਗੇ ਕਰਮਾਂ ਦੀ ਪ੍ਰੇਰਣਾ ਦੇ ਕੇ ਵਿਅਕਤੀ ਨੂੰ ਦਰਵੇਸ਼ ਬਣਨ ਦਾ ਸੰਦੇਸ਼ ਦਿੱਤਾ ਗਿਆ ਸੀ। ਫ਼ਰੀਦ-ਬਾਣੀ ਤੋਂ ਬਿਨਾਂ ਭਗਤ ਨਾਮਦੇਵ, ਭਗਤ ਕਬੀਰ, ਭਗਤ ਰਵਿਦਾਸ ਅਤੇ ਹੋਰ ਨਿਰਗੁਣਵਾਦੀ ਸੰਤਾਂ-ਭਗਤਾਂ ਦੀ ਬਾਣੀ ਵੀ ਆਪ ਨੇ ਇਕੱਤਰ ਕੀਤੀ। ਇਨ੍ਹਾਂ ਸੰਤਾਂ-ਭਗਤਾਂ ਨੇ ਬ੍ਰਾਹਮਣਵਾਦੀ ਕਰਮ-ਕਾਂਡਾਂ ਨੂੰ ਮਿਥਿਆ ਦਰਸਾ ਕੇ ਪ੍ਰੇਮ ਭਗਤੀ ਦੇ ਮਾਧਿਅਮ ਦੁਆਰਾ ਪਰਮਾਤਮਾ ਪ੍ਰਾਪਤੀ ਦੀ ਵਿਧੀ ਸਮਝਾਈ ਸੀ। ਇਨ੍ਹਾਂ ਭਗਤਾਂ ਵਿਚ ਇਕ ਇਹ ਸਾਂਝ ਵੀ ਸੀ ਕਿ ਇਹ ਸਾਰੇ ਬ੍ਰਾਹਮਣਵਾਦੀ ਵਿਚਾਰਧਾਰਾ ਦੀ ਦ੍ਰਿਸ਼ਟੀ ਤੋਂ ਸ਼ੂਦਰ ਮੰਨੀਆਂ ਜਾਣ ਵਾਲੀਆਂ ਜਾਤੀਆਂ ਦੀ ਪ੍ਰਤਿਨਿਧਤਾ ਕਰਦੇ ਸਨ। ਇਸੇ ਕਾਰਨ ਇਨ੍ਹਾਂ ਨੇ ਬਾਰ-ਬਾਰ ਇਸ ਗੱਲ ਵੱਲ ਸੰਕੇਤ ਕੀਤਾ ਹੈ ਕਿ ਬ੍ਰਾਹਮਣ ਸ਼੍ਰੇਣੀ ਉਨ੍ਹਾਂ ਨੂੰ ਨਿਮਨ-ਜਾਤੀ ਦੇ ਸਦੱਸ ਕਹਿ ਕੇ ਉਨ੍ਹਾਂ ਦਾ ਅਪਮਾਨ ਕਰਨ ਦੀ ਕੋਸ਼ਿਸ਼ ਕਰਦੀ ਹੈ। ਇਨ੍ਹਾਂ ਸੰਤਾਂ-ਭਗਤਾਂ ਨੇ ਆਪਣੀ ਬਾਣੀ ਵਿਚ ਖ਼ੁਦ ਆਪਣੇ ਆਪ ਨੂੰ ਨਿਮਨ-ਜਾਤੀ ਦੇ ਵਿਅਕਤੀ ਘੋਸ਼ਿਤ ਕਰਕੇ ਬ੍ਰਾਹਮਣਵਾਦ ਦੀ ਖਿੱਲੀ ਉਡਾਈ। ਗੁਰੂ ਨਾਨਕ ਦੇਵ ਜੀ ਨੇ ਉਚ-ਜਾਤੀ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਆਪਣੇ ਆਪ ਨੂੰ 'ਡੀ-ਕਲਾਸ' ਕਰ ਲਿਆ ਅਤੇ ਆਪਣੇ ਆਪ ਨੂੰ 'ਢਾਡੀ' ਜਾਤੀ ਦਾ ਸਦੱਸ ਦਰਸਾ ਕੇ ਇਨ੍ਹਾਂ ਸੰਤਾਂ-ਭਗਤਾਂ ਨਾਲ ਆਪਣੀ ਵਿਚਾਰਧਾਰਕ ਸਾਂਝ ਦੀ ਪੁਸ਼ਟੀ ਕੀਤੀ। ਦੇਖੋ :

ਨੀਚਾ ਅੰਦਰ ਨੀਚ ਜਾਤਿ ਨੀਚੀ ਹੂ ਅਤਿ ਨੀਚ।।
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।

ਅਤੇ

ਹਉ ਢਾਡੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ।।

**2.3.3.5** ਗੁਰੂ ਨਾਨਕ ਦੇਵ ਜੀ ਵਲੋਂ ਪ੍ਰਸਤਾਵਿਤ ਵਿਚਾਰਧਾਰਾ ਨੂੰ ਹੋਰ ਸਿਖ ਗੁਰੂ ਸਾਹਿਬਾਨ ਨੇ ਪ੍ਰਚਾਰਿਆ ਅਤੇ ਪੁਸ਼ਟ ਕੀਤਾ। ਗੁਰਮਤਿ ਪਰੰਪਰਾ ਵਿਚ ਵਿਅਕਤੀ ਨੂੰ ਪ੍ਰਭੂ ਦੀ ਰਜ਼ਾ ਵਿਚ ਚਲਦਿਆਂ ਹੋਇਆਂ ਮੁਕਤੀ ਦਾ ਰਾਹ ਦੱਸਿਆ ਗਿਆ ਹੈ। ਇਸ ਪਰੰਪਰਾ ਵਿਚ ਕਰਮ-ਕਾਂਡਾਂ ਨੂੰ ਕੋਈ ਮਹੱਤਵ ਨਹੀਂ ਦਿੱਤਾ ਗਿਆ। ਬਲਕਿ ਮੜਾਇਆ ਗਿਆ ਹੈ ਕਿ ਹਰ ਵਿਅਕਤੀ ਪਦਾਰਥਕ ਜਗਤ ਵਿਚ ਰਹਿਣ ਦੇ ਬਾਵਜੂਦ ਕੰਵਲ-ਫੁੱਲ ਵਾਂਗ ਇਸ ਤੋਂ ਉਪਰ ਉੱਠੇ। ਇਸ ਤੋਂ ਨਿਰਲੇਪ ਰਹਿਣ ਦਾ ਪ੍ਰਯਾਸ ਕਰੇ ਅਤੇ ਗੁਰੂ ਦੀ ਸਿੱਖਿਆ ਉਪਰ ਚੱਲਦਿਆਂ ਹੋਇਆਂ ਆਪਣੇ ਮਨੁੱਖੀ ਜੀਵਨ ਨੂੰ ਸਫ਼ਲ ਬਣਾਵੇ। ਕਿਰਤ ਕਰਨੀ, ਨਾਮ ਜਪਣਾ ਅਤੇ ਵੰਡ ਛਕਣਾ, ਗੁਰਮਤਿ ਵਿਚਾਰਧਾਰਾ ਦੇ ਬੁਨਿਆਦੀ ਅੰਗ ਹਨ।

### 2.3.4.1 ਗੁਰੂ ਨਾਨਕ ਦੇਵ ਜੀ (1469–1539)

ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਤਾਂ ਰਾਗਾਂ ਵਿਚੋਂ 20 ਰਾਗਾਂ ਵਿਚ ਬਾਣੀ–ਰਚਨਾ ਕੀਤੀ ਹੈ। ਇਨ੍ਹਾਂ ਰਾਗਾਂ ਦਾ ਵੇਰਵਾ ਇਸ ਪ੍ਰਕਾਰ ਹੈ। ਸਿਰੀ ਰਾਗ, ਮਾਝ, ਗਉੜੀ, ਆਸਾ, ਗੁਜਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਮਲਾਰ, ਪਰਭਾਤੀ ਅਤੇ ਸਾਰੰਗ ਰਾਗ। ਸਲੋਕ ਸਹਸਕ੍ਰਿਤੀ ਸਲੋਕ ਵਾਰਾਂ ਤੇ ਵਧੀਕ ਅਤੇ ਜਪੁ ਸਾਹਿਬ ਕਿਸੇ ਰਾਗ ਵਿਸ਼ੇਸ਼ ਦੇ ਅੰਤਰਗਤ ਨਹੀਂ ਆਉਂਦੇ। ਗੁਰੂ ਸਾਹਿਬ ਨੇ ਕੁਲ 206 ਪਦੇ, 121 ਅਸ਼ਟਪਦੀਆਂ, 24 ਛੰਤਾਂ, 116 ਪਉੜੀਆਂ, 260 ਸਲੋਕਾਂ, 1 ਮੂਲ ਮੰਤਰ, 2 ਪਹਿਰਿਆਂ, 5 ਅਲਾਹਣੀਆਂ, 22 ਸੋਲਹੇ, 2 ਕੁਚਜੀ–ਸੁਚਜੀ ਅਤੇ ਲੰਬੀਆਂ ਬਾਣੀਆਂ ਦੇ 199 ਸ਼ਬਦਾਂ ਦੀ ਰਚਨਾ ਕੀਤੀ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਆਪ ਨੇ ਕੁਲ 958 ਪਦਾਂ ਦੀ ਰਚਨਾ ਕੀਤੀ ਹੈ। ਗੁਰੂ ਸਾਹਿਬ ਦੀਆਂ ਵੱਡੇ ਆਕਾਰ ਵਾਲੀਆਂ ਪ੍ਰਬੰਧਾਤਮਕ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:

### 2.3.4.2 ਜਪੁ ਸਾਹਿਬ :

ਇਹ ਗੁਰਮਤਿ ਦੀ ਕੇਂਦਰੀ ਬਾਣੀ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਸੰਕਲਿਤ ਹੈ। ਇਸ ਬਾਣੀ ਦੀਆਂ ਕੁਲ 38 ਪਉੜੀਆਂ ਹਨ। ਇਸ ਬਾਣੀ ਵਿਚ ਕਈ ਪਉੜੀਆਂ ਦੇ ਜੁੱਟ ਵੀ ਬਣੇ ਹੋਏ ਹਨ ਜਿਵੇਂ : ਸੁਣਿਐ, ਪੰਨੈ, ਕੁਦਰਤਿ ਅਤੇ ਆਦੇਸ ਵਾਲੀਆਂ ਚਾਰ–ਚਾਰ ਪਉੜੀਆਂ। ਅੰਤ ਵਿਚ ਅਧਿਆਤਮਕ ਉਡਾਰੀ ਦੀਆਂ ਪੰਜ ਅਵਸਥਾਵਾਂ (ਖੰਡਾਂ) ਦਾ ਜ਼ਿਕਰ ਹੈ–ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸਚਖੰਡ। ਇਸ ਬਾਣੀ ਵਿਚ ਗੁਰੂ ਜੀ ਨਾਮ ਜਪਣ ਦੇ ਮਹੱਤਵ ਨੂੰ ਦ੍ਰਿੜ੍ਹਾਉਂਦੇ ਹਨ। ਬਾਣੀ ਦੇ ਨਿਸ਼ਕਰਸ਼ ਦੀ ਸਥਾਪਨਾ ਕਰਦਿਆਂ ਹੋਇਆਂ ਆਪ ਨੇ ਫੁਰਮਾਇਆ ਹੈ:

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।।

### 2.3.4.3 ਸਿਧ ਗੋਸਟਿ :

ਇਸ ਬਾਣੀ ਵਿਚ ਸਿੱਧਾਂ ਨਾਲ ਸਮੇਂ–ਸਮੇਂ ਹੋਈਆਂ ਗੋਸ਼ਟਾਂ ਨਾਲ ਸੰਬੰਧਿਤ ਵੇਰਵੇ ਅਤੇ ਵਿਚਾਰ ਚਰਚਾ ਨੂੰ ਕਾਵਿਬੱਧ ਕੀਤਾ ਗਿਆ ਹੈ। ਭਾਈ ਗੁਰਦਾਸ ਜੀ ਦਾ ਮਤਿ ਹੈ ਕਿ ਇਸ ਬਾਣੀ ਦੀ ਰਚਨਾ ਅਚਲ ਵਟਾਲੇ ਕੀਤੀ ਗਈ ਜਦੋਂ ਗੁਰੂ ਸਾਹਿਬ ਸ਼ਿਵਰਾਤਰੀ ਦੇ ਮੇਲੇ ਸਮੇਂ ਉਥੇ ਗਏ ਸਨ। ਇਸ ਬਾਣੀ ਵਿਚ ਉਕਤ ਮੇਲੇ ਸਮੇਂ ਹੋਏ ਜੋਗੀਆਂ ਨਾਲ ਸੰਵਾਦ ਦਾ ਨਿਰੂਪਣ ਹੋਇਆ ਹੈ। ਬਾਣੀ ਦੀਆਂ ਕੁਲ 73 ਪਉੜੀਆਂਹਨ। ਪਉੜੀਆਂ ਵਿਚ ਕਾਵਿ–ਸਤਰਾਂ ਅਤੇ ਮਾਤ੍ਰਾਵਾਂ ਦੀ ਗਿਣਤੀ ਵਧਦੀ–ਘਟਦੀ ਰਹੀ ਹੈ। ਪਹਿਲੀਆਂ 18 ਪਉੜੀਆਂ ਵਿਚ ਚਾਰ–ਚਾਰ ਪੰਕਤੀਆਂ ਹਨ ਅਤੇ ਪਿਛਲੀਆਂ 55 ਵਿਚ ਛੇ–ਛੇ ਪੰਕਤੀਆਂ ਆਈਆਂ ਹਨ। ਇਸ ਬਾਣੀ ਵਿਚ ਪ੍ਰਭੂ ਦੇ ਨਾਮ ਰੂਪੀ ਸਚੇ ਸ਼ਬਦ ਦੀ ਮਹਿਮਾ ਅਤੇ ਮਹੱਤਵ ਦਾ ਗੁਣ–ਗਾਨ ਹੋਇਆ ਹੈ:

ਕਿਆ ਭਵੀਐ ਸਚਿ ਸੂਚਾ ਹੋਇ।।
ਸਾਚ ਸਬਦ ਬਿਨੁ ਮੁਕਤਿ ਨ ਕੋਇ।।

### 2.3.4.4 ਓਅੰਕਾਰ :

54 ਪਦਿਆਂ ਵਿਚ ਰਚੀ ਗਈ ਇਹ ਬਾਣੀ ਰਾਗ ਰਾਮਕਲੀ ਵਿਚ ਵਿਉਂਤਬੱਧ ਹੋਈ ਹੈ। ਇਹ ਗੁਰਮੁਖੀ ਵਰਣਮਾਲਾ ਉਤੇ ਆਧਾਰਿਤ ਹੈ, ਭਾਵੇਂ ਵੱਖ–ਵੱਖ ਪਦਿਆਂ ਦੇ ਆਰੰਭ ਵਿਚ 'ਪੱਟੀ' ਵਾਂਗ ਅੱਖਰਾਂ ਦਾ

ਵੇਰਵਾ ਜਾਂ ਉਚਾਰਣ ਨਹੀਂ ਦਿਤਾ ਗਿਆ। ਇਸ ਬਾਣੀ ਵਿਚ 10 ਪਦੇ ਚਾਰ-ਚਾਰ ਪੰਕਤੀਆਂ ਵਾਲੇ ਹਨ, 41 ਪਦੇ ਅੱਠ-ਅੱਠ ਪੰਕਤੀਆਂ ਵਾਲੇ ਹਨ ਅਤੇ 3 ਪਦੇ ਨੌਂ-ਨੌਂ ਪੰਕਤੀਆਂ ਵਾਲੇ ਹਨ।ਇਸ ਬਾਣੀ ਦੇ ਉਦੇਸ਼ ਨੂੰ ਸਪਸ਼ਟ ਕਰਦੇ ਹੋਏ ਆਪ ਫੁਰਮਾਉਂਦੇ ਹਨ ਕਿ ਪੜ੍ਹਨ-ਪੜ੍ਹਾਉਣ ਜਾਂ ਲਿਖਣ-ਲਿਖਾਉਣ ਦੀ ਤਾਂ ਹੀ ਕੋਈ ਸਾਰਥਿਕਤਾ ਹੈ ਜੇ ਇਨ੍ਹਾਂ ਕ੍ਰਿਆਵਾਂ ਦਾ ਸੰਬੰਧ ਪ੍ਰਭੂ ਦੇ ਨਾਮ ਨਾਲ ਜੁੜਨ ਦੀ ਜਾਂਚ ਸਿਖਾਉਂਦਾ ਹੋਵੇ। ਪਾਠਸ਼ਾਲਾ ਦੇ ਪਾਂਧੇ (ਅਧਿਆਪਕ) ਨੂੰ ਸੰਬੋਧਨ ਕਰਕੇ ਆਪ ਫੁਰਮਾਉਂਦੇ ਹਨ:

ਸੁਣਿ ਪਾਂਡੇ ਕਿਆ ਲਿਖਹੋ ਜੰਜਾਲਾ।।
ਲਿਖਿ ਰਾਮੁ ਨਾਮੁ ਗੁਰਮੁਖਿ ਗੋਪਾਲ।।

### 2.3.4.5 ਵਾਰ ਕਾਵਿ :

ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੇ ਪ੍ਰਸਿੱਧ ਲੋਕ ਕਾਵਿ ਰੂਪ 'ਵਾਰ' ਨੂੰ ਵੀ ਆਪਣੀ ਅਧਿਆਤਮਕ ਵਿਚਾਰਧਾਰਾ ਦੇ ਨਿਰੂਪਣ ਵਾਸਤੇ ਵਰਤਿਆ। ਆਪ ਦੁਆਰਾ ਰਚਿਤ ਤਿੰਨ ਵਾਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹਨ ਆਸਾ ਦੀ ਵਾਰ, ਮਾਝ ਦੀ ਵਾਰ ਅਤੇ ਮਲਾਰ ਦੀ ਵਾਰ। 'ਆਸਾ ਦੀ ਵਾਰ' ਸਿਖ ਰਹਿਤ ਮਰਯਾਦਾ ਦਾ ਇਕ ਅਨਿੱਖੜ ਅੰਗ ਬਣੀ ਹੈ ਅਤੇ ਇਸ ਦਾ ਨਿਤਾਪ੍ਰਤਿ ਅੰਮ੍ਰਿਤ ਵੇਲੇ ਗਾਇਨ ਕੀਤਾ ਜਾਂਦਾ ਹੈ। ਇਹ ਵਾਰ 'ਟੁੰਡੇ ਅਸਰਾਜੇ ਦੀ ਧੁਨੀ' ਉਪਰ ਗਾਉਣ ਦਾ ਆਦੇਸ਼ ਹੋਇਆ ਹੈ। ਜਿਸ ਤੋਂ ਪ੍ਰਤੱਖ ਹੋ ਜਾਂਦਾ ਹੈ ਕਿ ਲੋਕ-ਸੰਗੀਤ ਵਿਚ ਵੀ ਗਾਇਨ ਦੀਆਂ ਧੁਨੀਆਂ ਪਰਿਪੱਕ ਅਤੇ ਰੂੜ੍ਹ ਹੋ ਚੁਕੀਆਂ ਸਨ। ਇਸ ਵਾਰ ਵਿਚ ਸਮਾਜਿਕ-ਸਭਿਆਚਾਰਕ ਪਰਿਸਥਿਤੀਆਂ ਦਾ ਆਲੋਚਨਾਤਮਕ ਚਿਤ੍ਰਣ ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰੂ ਸਾਹਿਬ ਇਕ ਨਵੇਂ ਸਭਿਆਚਾਰ ਅਤੇ ਸਮਾਜਿਕ ਪ੍ਰਬੰਧ ਦਾ ਮਾਡਲ ਸਿਰਜਦੇ ਹਨ। ਇਸ ਵਾਰ ਦੀਆਂ ਕੁਲ 24 ਪਉੜੀਆਂ ਹਨ, ਜਿਨ੍ਹਾਂ ਨਾਲ 45 ਸਲੋਕ ਵੀ ਜੋੜੇ ਗਏ ਹਨ। 'ਮਾਝ ਦੀ ਵਾਰ' ਵਿਚ 27 ਪਉੜੀਆਂ ਅਤੇ 45 ਸਲੋਕ ਆਏ ਹਨ। ਇਸ ਵਾਰ ਨੂੰ 'ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ' ਦੀ ਧੁਨੀ ਉਪਰ ਗਾਉਣ ਦਾ ਆਦੇਸ਼ ਅੰਕਿਤ ਹੈ। 'ਮਲਾਰ ਦੀ ਵਾਰ' ਵਿਚ 26 ਪਉੜੀਆਂ ਹਨ ਜਿਨ੍ਹਾਂ ਵਿਚੋਂ 1 ਪਉੜੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਹੈ। ਪਉੜੀਆਂ ਨਾਲ 24 ਸਲੋਕ ਆਏ ਹਨ। ਇਸ ਵਾਰ ਨੂੰ 'ਰਾਣਾ ਕੈਲਾਸ਼ ਤਥਾ ਮਾਲਦੇ' ਦੀ ਧੁਨੀ ਉਪਰ ਗਾਉਣ ਦਾ ਆਦੇਸ਼ ਹੋਇਆ ਹੈ। ਇਨ੍ਹਾਂ ਤਿੰਨ ਵਾਰਾਂ ਵਿਚ ਗੁਰੂ ਸਾਹਿਬ ਆਪਣੇ ਸਮਕਾਲੀ ਯੁਗ ਅਤੇ ਜਗਤ ਦੀ ਆਲੋਚਨਾਤਮਕ ਤਸਵੀਰ ਪੇਸ਼ ਕਰਦੇ ਹਨ। ਇਹ ਵਾਰਾਂ ਬੀਰ ਰਸ ਨਾਲ ਭਰਪੂਰ ਹਨ ਅਤੇ ਪਾਠਕਾਂ ਨੂੰ ਉਤਸ਼ਾਹ ਪ੍ਰਦਾਨ ਕਰਦੀਆਂ ਹਨ।

### 2.3.4.6 ਸਮੁੱਚਾ ਸਾਹਿਤਿਕ ਪਰਿਪੇਖ :

ਇਨ੍ਹਾਂ ਲੰਮੀਆਂ ਪ੍ਰਬੰਧਾਤਮਕ ਬਾਣੀਆਂ ਤੋਂ ਬਿਨਾਂ ਪਟੀ, ਬਾਰਹਮਾਹ ਤੁਖਾਰੀ, ਥਿਤੀ, ਪਹਰੇ, ਸੋਦਰੁ, ਅਲਾਹਣੀਆਂ, ਕੁਚਜੀ, ਸੁਚਜੀ ਅਤੇ ਆਰਤੀ ਗੁਰੂ ਸਾਹਿਬ ਦੀਆਂ ਕੁਝ ਹੋਰ ਪ੍ਰਮੁੱਖ ਰਚਨਾਵਾਂ ਹਨ। ਗੁਰੂ ਜੀ ਦੇ ਬਾਣੀ-ਸੰਸਾਰ ਦੀ ਵੱਡੀ ਉਪਲਬਧੀ 'ਸ਼ਬਦ' (ਪਦਾ) ਨੂੰ ਅਨੁਭਵ ਦੇ ਪ੍ਰਗਟਾਵੇ ਲਈ ਵਰਤਣਾ ਹੈ। ਆਪ ਦੀ ਬਾਣੀ ਵਿਚ 'ਸ਼ਬਦ' ਸੁਤੰਤਰ ਰੂਪ ਵਿਚ ਵੀ ਆਇਆ ਹੈ ਅਤੇ ਕਈ ਵਾਰ ਕਿਸੇ ਲੰਬੀ ਬ੍ਰਿਤਾਂਤਿਕ ਬਾਣੀ ਦੀ ਇਕ ਕੜੀ ਵਜੋਂ ਵੀ ਪੇਸ਼ ਹੋਇਆ ਹੈ। ਕਿਸੇ ਵੀ ਰਚਨਾ ਵਿਚ ਜਦੋਂ 'ਨਾਨਕ' ਸ਼ਬਦ ਦਾ ਪ੍ਰਯੋਗ ਹੋ ਕੇ ਕਾਵਿ-ਪੰਕਤੀ ਸਮਾਪਤ ਹੋ ਜਾਂਦੀ ਹੈ ਤਾਂ ਇਕ 'ਸ਼ਬਦ' ਮੁਕੰਮਲ ਹੋ ਜਾਂਦਾ ਹੈ। ਗੁਰੂ ਸਾਹਿਬ ਦੀ ਬਾਣੀ ਭਾਰਤੀ ਰਾਗ-ਪ੍ਰਣਾਲੀ ਨਾਲ ਸੰਬੰਧਿਤ ਹੈ। ਗੁਰਮਤਿ ਸੰਗੀਤ ਦੇ ਖੋਜੀਆਂ ਦਾ ਮਤਿ ਹੈ ਕਿ ਗੁਰੂ ਸਾਹਿਬ ਨੇ ਆਮ ਤੌਰ ਤੇ ਉਨ੍ਹਾਂ ਰਾਗਾਂ ਦਾ ਪ੍ਰਯੋਗ ਕੀਤਾ ਹੈ, ਜਿਨ੍ਹਾਂ ਦੀ ਪ੍ਰਕ੍ਰਿਤੀ ਸ਼ਾਂਤ ਰਸ ਦੇ ਨੇੜੇ-ਤੇੜੇ ਰਹਿੰਦੀ ਹੈ। ਉਦਾਸੀ ਅਤੇ ਬ੍ਰਿਹਾ ਭਾਵ ਦੀ ਉਦੀਪਤੀ ਕਰਨ ਵਾਲੇ ਰਾਗਾਂ,

ਜਿਵੇਂ ਦੀਪਕ ਆਦਿ ਨੂੰ ਸ਼ੁੱਧ ਰੂਪ ਵਿਚ ਨਹੀਂ ਵਰਤਿਆ ਗਿਆ ਬਲਕਿ ਇਨ੍ਹਾਂ ਨਾਲ ਕਿਸੇ ਹੋਰ ਰਸ ਦੀ ਸੰਯੋਜਨਾ ਕਰ ਕੇ ਇਨ੍ਹਾਂ ਦੇ ਆਵੇਗ ਨੂੰ ਥੋੜਾ ਮੱਧਮਕ ਬਣਾ ਲਿਆ ਗਿਆ ਜਿਵੇਂ 'ਰਾਗ ਗਉੜੀ–ਦੀਪਕੀ' ਆਦਿ ਵਿਚ ਹੋਇਆ ਹੈ। ਆਪਦੀ ਬਾਣੀ ਵਿਚ ਅਨੁਪ੍ਰਾਸ, ਰੂਪਕ, ਉਪਮਾ, ਦ੍ਰਿਸ਼ਟਾਂਤ, ਸੁਭਾਵੋਕਤੀ, ਪੁਨਰੋਕਤੀ ਅਤੇ ਲੋਕੋਕਤੀ ਆਦਿਕ ਅਲੰਕਾਰਾਂ ਦਾ ਬੜਾ ਮੌਲਿਕ ਪ੍ਰਯੋਗ ਦ੍ਰਿਸ਼ਟੀਗੋਚਰ ਹੁੰਦਾ ਹੈ। ਸ਼ਾਂਤ ਰਸ ਦੇ ਨਾਲ–ਨਾਲ ਸ਼ਿੰਗਾਰ, ਕਰੁਣਾ, ਵੀਰ, ਹਾਸ, ਰੌਦਰ, ਭਿਆਨਕ, ਅਦਭੁਤ ਅਤੇ ਵੀਭਤਸ ਆਦਿਕ ਰਸ ਵੀ ਪ੍ਰਸੰਗ ਅਨੁਸਾਰ ਆਏ ਹਨ। ਆਪ ਨੇ ਆਪਣੇ ਅਨੁਭਵ ਨੂੰ ਪ੍ਰਕਾਸ਼ਮਾਨ ਕਰਨ ਵਾਸਤੇ ਅਜਿਹੀ ਪੰਜਾਬੀ ਬੋਲੀ ਦਾ ਪ੍ਰਯੋਗ ਕੀਤਾ ਹੈ, ਜਿਸ ਉਪਰ ਸਾਧ–ਭਾਖਾ ਦਾ ਵੀ ਕਾਫ਼ੀ ਪ੍ਰਭਾਵ ਨਜ਼ਰ ਆਉਂਦਾ ਹੈ। ਅਸਲ ਵਿਚ ਸਾਧ–ਭਾਖਾ ਉਸ ਸਮੇਂ ਸਮੁੱਚੇ ਭਾਰਤ ਦੀ ਸਾਂਝੀ ਬੋਲੀ (lingua-franca) ਬਣੀ ਹੋਈ ਹੈ। ਉਂਜ ਭਾਸ਼ਾ ਦੇ ਮਾਮਲੇ ਵਿਚ ਆਪ ਕੇਵਲ 'ਪੰਜਾਬੀ' ਦੇ ਪ੍ਰਯੋਗ ਦੀ ਹਿਦਾਇਤ ਕਰਦੇ ਹਨ ਅਤੇ ਇਸ ਭਾਸ਼ਾ ਤੋਂ ਬੇਮੁਖ ਹੋਣ ਵਾਲੇ ਮਤਲਬੀ ਲੋਕਾਂ ਦੇ ਆਚਰਣ ਦੀ ਆਲੋਚਣਾ ਕਰਦੇ ਹਨ। ਦੇਖੋ :

1. ਖਤ੍ਰੀਆਂ 3 ਧਰਮ ਛੋਡਿਆ ਮਲੇਛ ਭਾਖਿਆ ਰਾਹੀ।।

(ਰਾਗ ਧਨਾਸਰੀ)

2. ਘਰਿ ਘਰਿ ਮੀਆ ਸਭਨਾ ਜੀਆ ਬੋਲੀ ਅਵਰ ਤੁਮਾਰੀ।।

(ਰਾਗ ਬਸੰਤ)

## 2.3.5.1 ਗੁਰੂ ਅੰਗਦ ਦੇਵ ਜੀ (1504–1552)

ਗੁਰੂ ਅੰਗਦ ਦੇਵ ਜੀ ਨੇ 63 ਸਲੋਕਾਂ ਦੀ ਰਚਨਾ ਕੀਤੀ ਹੈ, ਜੋ ਗੁਰੂ ਗ੍ਰੰਥ ਸਾਹਿਬ, ਵਿਚ ਕਿਸੇ ਨਵੇ ਕਲੀ ਜਗ੍ਹਾ ਸੰਕਲਿਤ ਹੋਣ ਦੀ ਬਜਾਇ, ਹੋਰ ਗੁਰੂ ਸਾਹਿਬਾਨ ਦੀਆਂ ਬ੍ਰਿਤਾਂਤਿਕ–ਬਾਣੀਆਂ ਦਾ ਅੰਗ ਬਣੇ ਹਨ। ਆਪ ਗੁਰੂ ਨਾਨਕ ਦੇਵ ਜੀ ਦੇ ਸਿੱਖ ਬਣੇ ਅਤੇ ਆਪ ਦੀ ਵਡਿਆਈ ਨੂੰ ਪਹਿਚਾਣ ਕੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਤੋਂ ਬਾਅਦ ਆਪ ਨੂੰ ਗੁਰਗੱਦੀ ਬਖ਼ਸ਼ੀ। ਆਪ ਦੇ ਸਲੋਕ ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਦੀਆਂ ਵਾਰਾਂ ਦੇ ਨਾਲ ਸੰਕਲਿਤ ਹੋਏ ਹਨ। ਆਪ ਦੀ ਬਾਣੀ ਉਪਰ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਤੇ ਭਾਸ਼ਾ–ਯੋਜਨਾ ਦਾ ਪ੍ਰਭਾਵ ਬਹੁਤ ਸਪਸ਼ਟ ਹੈ। ਆਪ ਨੇ ਗੁਰੂ ਨਾਨਕ ਦੇ ਬਹੁਤ ਸਾਰੇ ਕਾਵਿ–ਕਥਨਾਂ ਦੀ ਵਿਆਖਿਆ ਵੀ ਕੀਤੀ ਹੈ। ਦੇਖੋ :

ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ।।
ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ।।

(ਆ.ਗ੍ਰੰ. ਪੰਨਾ ੧੭੪)

ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ।।
ਰੋਗ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ।।

(ਆ.ਗ੍ਰੰ. ਪੰਨਾ ੧੭੯)

## 2.3.6.1 ਗੁਰੂ ਅਮਰਦਾਸ ਜੀ (1479–1574)

ਆਪ ਗੁਰਮਤਿ ਧਾਰਾ ਦੇ ਦੂਜੇ ਸਤਿਗੁਰੂ ਅੰਗਦ ਦੇਵ ਜੀ ਦੇ ਸਿਖ ਬਣੇ ਅਤੇ ਬਾਰ੍ਹਾਂ ਵਰ੍ਹੇ ਗੁਰੂ ਮਰਯਾਦਾ ਨਾਲ ਜੁੜੇ ਰਹਿਣ ਉਪਰੰਤ ਆਪ ਨੂੰ ਗੁਰ–ਗੱਦੀ ਦੀ ਬਖ਼ਸ਼ਿਸ਼ ਹੋਈ। ਆਪ ਜੀ ਬਾਣੀ 18 ਰਾਗਾਂ ਵਿਚ

ਆਈ ਹੈ, ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ : ਸ੍ਰੀ ਰਾਗ, ਮਾਝ, ਗਉੜੀ, ਆਸਾ, ਗੁਜਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ। ਆਪ ਨੇ ਸਤਵਾਰ, ਅਲਾਹੁਣੀਆਂ, ਪੱਟੀ ਅਤੇ ਅਨੰਦੁ ਤੋਂ ਬਿਨਾਂ ਚਾਰ ਵਾਰਾਂ ਦੀ ਰਚਨਾ ਕੀਤੀ। ਗੁਜਰੀ ਕੀ ਵਾਰ, ਸੂਹੀ ਕੀ ਵਾਰ, ਰਾਮਕਲੀ ਕੀ ਵਾਰ ਅਤੇ ਮਾਰੂ ਕੀ ਵਾਰ। ਇਨ੍ਹਾਂ ਵਾਰਾਂ ਵਿਚ 85 ਪਉੜੀਆਂ ਅਤੇ 343 ਸਲੋਕ ਸੰਕਲਿਤ ਹਨ। ਆਪ ਨੇ ਦੁਪਦੇ, ਤਿਪਦੇ, ਚਉਪਦੇ, ਅਸ਼ਟਪਦੀਆਂ, ਛੰਤ, ਸਲੋਕ, ਕਾਫ਼ੀ ਅਤੇ ਸੋਲਹੇ ਆਦਿ ਕਾਵਿ-ਰੂਪਾਂ ਦੇ ਮਾਧਿਅਮ ਦੁਆਰਾ ਆਪਣੇ ਭਾਵਾਂ ਦਾ ਪ੍ਰਕਾਸ਼ ਕੀਤਾ।

**2.3.6.2** ਗੁਰੂ ਅਮਰਦਾਸ ਜੀ ਨੇ ਕਰਮ-ਕਾਂਡ ਦੀ ਨਿਸਫ਼ਲਤਾ, ਸਤੀ-ਪ੍ਰਥਾ ਦੀ ਅਰਥਹੀਣਤਾ, ਹਉਮੈ ਰੋਗ ਦੀ ਭਿਆਨਕਤਾ, ਮਨੁੱਖੀ ਦੇਹੀ ਦੀ ਪਵਿੱਤਰਤਾ ਅਤੇ ਮਨੁੱਖੀ ਜੀਵਨ ਦੇ ਪ੍ਰਯੋਜਨ ਬਾਰੇ, ਗੁਰਮਤਿ ਦੀਆਂ ਧਾਰਨਾਵਾਂ ਨੂੰ ਰੂਪਮਾਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਕ੍ਰਾਂਤੀਸ਼ੀਲਤਾ ਨੂੰ ਆਪਨੇ ਆਪਣੀ ਬਾਣੀ ਵਿਚ ਨਿਰੰਤਰ ਪ੍ਰਵਾਹਮਾਨ ਰੱਖਿਆ। ਆਪ ਦੀ ਵਿਚਾਰਧਾਰਾ ਦਾ ਨਿਰੂਪਣ ਕਰਨ ਵਾਲੇ ਕੁਝ ਇਕ ਪ੍ਰਮੁੱਖ ਪ੍ਰਮਾਣ ਦੇਖੋ :

**2.3.6.3 ਕਰਮ-ਕਾਂਡਾਂ ਦੀ ਨਿਸਫ਼ਲਤਾ ਸੰਬੰਧੀ :**

ਕਰਮ ਕਾਂਡ ਬਹੁ ਕਰਹਿ ਆਚਾਰ।।
ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ।।
ਬੰਧਨਿ ਬਾਧਿਓ ਮਾਇਆ ਫਾਸ।।
ਜਨ ਨਾਨਕ ਛੂਟੈ ਗੁਰਪਰਗਾਸ।।੪।।

(ਗਉੜੀ ਗੁਆਰੇਰੀ ਮਹਲਾ ੩)

**2.3.6.4. ਸਤੀ ਪ੍ਰਥਾ ਬਾਰੇ**

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ।।
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ।।

(ਵਾਰ ਸੂਹੀ ਮਹਲਾ ੩)

**2.3.6.5 ਜਾਤ-ਪਾਤ ਦੀ ਅਰਥਹੀਣਤਾ ਸੰਬੰਧੀ :**

ਜਾਤਿ ਕਾ ਗਰਬੁ ਨ ਕਰੀਅਹੁ ਕੋਈ।।
ਬ੍ਰਹਮ ਬਿੰਦੇ ਸੋ ਬ੍ਰਾਹਮਣ ਹੋਈ।।
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ।।
ਇਸ ਗਰਬੁ ਤੇ ਚਲਹਿ ਬਹੁਤ ਵਿਕਾਰਾ।।ਰਹਾਉ।।

**2.3.6.6 ਪ੍ਰਮੁਖ ਬਾਣੀਆਂ :** ਗੁਰੂ ਅਮਰਦਾਸ ਜੀ ਦੀ ਬਾਣੀ 'ਅਨੰਦ' ਨੂੰ ਗੁਰਮਤਿ ਮਰਯਾਦਾ ਵਿਚ ਬਹੁਤ ਮਹਤਵ ਪ੍ਰਾਪਤ ਹੈ। ਇਸ ਬਾਣੀ ਵਿਚ ਗੁਰੂ ਸਾਹਿਬ ਨੇ ਆਨੰਦ ਦੇ ਸਰੂਪ ਨੂੰ ਸੁਨਿਸ਼ਚਿਤ ਕੀਤਾ ਹੈ। ਆਪ ਅਨੁਸਾਰ ਆਨੰਦ ਦਾ ਬੋਧ ਸਤਿਗੁਰੂ ਦੀ ਪ੍ਰਾਪਤੀ ਨਾਲ ਜੁੜਿਆ ਹੋਇਆ ਹੈ।

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ।।
ਸਤਿਗੁਰੂ 3 ਪਾਇਆ ਸਹਜ ਸੇਤੀਮਨਿ ਵਜੀਆ ਵਾਧਾਈਆ।।

ਅਤੇ

ਅਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ।।
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ।।

(ਅਨੰਦੁ ਸਾਹਿਬ)

**2.3.6.7** ਗੁਰੂ ਅਮਰਦਾਸ ਜੀ ਨੇ ਇਕ ਬਾਣੀ 'ਪੱਟੀ' ਦੀ ਰਚਨਾ ਵੀ ਕੀਤੀ ਹੈ। ਇਸ ਬਾਣੀ ਦੁਆਰਾ ਪਾਂਧਿਆਂ (ਅਧਿਆਪਕਾਂ) ਦੇ ਲੋਭੀ ਕਿਰਦਾਰ ਉਪਰ ਵਿਅੰਗ ਕੀਤਾ ਗਿਆ ਹੈ। ਗੁਰੂ ਜੀ ਦੀ ਇਕ ਹੋਰ ਉੱਲੇਖ ਯੋਗ ਰਚਨਾ 'ਵਾਰ ਸਤ' (ਸਤਵਾਰਾ) ਹੈ। ਇਹ ਬਿਲਾਵਲ ਰਾਗ ਵਿਚ ਉਚਾਰੀ ਗਈ ਹੈ। ਗੁਰੂ ਜੀ ਨੇ ਚਾਰ ਅਧਿਆਤਮਕ ਵਾਰ ਦੀ ਰਚਨਾ ਵੀ ਕੀਤੀ, ਜਿਨਾਂ ਵਿਚੋਂ ਦੋ ਵਾਰਾਂ (ਗੂਜਰੀ ਕੀ ਵਾਰ ਅਤੇ ਰਾਮਕਲੀ ਕੀ ਵਾਰ) ਨੂੰ ਕ੍ਰਮਵਾਰ 'ਸਿਕੰਦਰ ਬਿਰਾਹਮ' ਅਤੇ 'ਜੋਧੇ ਵੀਰੈ ਪੂਰਬਾਣੀ' ਦੀਆਂ ਧੁਨੀਆਂ ਉਪਰ ਗਾਉਣ ਦਾ ਆਦੇਸ਼ ਹੋਇਆ ਹੈ। ਗੁਰੂ ਸਾਹਿਬ ਨੇ ਪੰਜਾਬੀ ਭਾਸ਼ਾ ਦੀ ਰਚਨਾਤਮਕ ਸਮਰੱਥਾ ਦਾ ਭਰਪੂਰ ਪ੍ਰਯੋਗ ਕੀਤਾ ਅਤੇ ਆਪਦੇ ਬਹੁਤ ਸਾਰੇ ਕਥਨ ਪੰਜਾਬੀ ਦੇ ਲੋਕੋਕਤੀ ਸਾਹਿੱਤ ਦਾ ਭੰਡਾਰ ਬਣ ਗਏ ਹਨ। ਦੇਖੋ :

(ੳ) ਮਾਇਆਧਾਰੀ ਅਤਿ ਅੰਨਾ ਬੋਲਾ।।

(ਅ) ਲੋਭੀ ਕਾ ਵੇਸਾਹੁ ਨ ਕੀਜੈ।।

(ੲ) ਨਿੰਦਾ ਭਲੀ ਕਿਸੈ ਕੀ ਨਾਹੀ...।।

(ਸ) ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖ ਹੋਇ।।

(ਹ) ਹਰਿ ਮੰਦਰ ਏਹ ਸਰੀਰ ਹੈ...।।

## 2.3.7.1 ਗੁਰੂ ਰਾਮਦਾਸ ਜੀ (1534-1581)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ 31 ਰਾਗਾਂ ਵਿਚੋਂ ਆਪ ਨੇ 29 ਰਾਗਾਂ ਵਿਚ ਬਾਣੀ-ਰਚਨਾ ਕੀਤੀ ਹੈ। ਕੇਵਲ ਦੋ ਰਾਗਾਂ ਕੇਦਾਰਾ ਅਤੇ ਜੈਜਾਵੰਤੀ ਵਿਚ ਆਪ ਦੀ ਬਾਣੀ ਨਹੀਂ ਮਿਲਦੀ। ਗੁਰੂ ਜੀ ਦੀਆਂ ਵਿਸ਼ੇਸ਼ ਬਾਣੀਆਂ ਵਿਚ ਪਹਰੇ, ਵਣਜਾਰਾ, ਕਰਹਲੇ, ਕਾਫ਼ੀ, ਛਕੇ-ਛੰਤ, ਘੋੜੀਆਂ, ਲਾਵਾਂ ਅਤੇ ਵਾਰਾਂ ਸ਼ਾਮਲ ਹਨ। ਸੂਹੀ ਰਾਗ ਵਿਚ ਰਚਿਤ 'ਲਾਵਾਂ' ਦੇ ਮਾਧਿਅਮ ਦੁਆਰਾ ਆਪ ਨੇ ਪਰਵਿਰਤੀ ਕਰਮ (ਗ੍ਰਿਹਸਥ ਧਰਮ) ਦੇ ਮਹਤਵ ਨੂੰ ਦ੍ਰਿੜ੍ਹ ਕਰਵਾਇਆ। ਆਪ ਨੇ ਫੁਰਮਾਇਆ ਹੈ:

ਹਰਿ ਪਹਿਲੜੀ ਲਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ।।
ਬਾਣੀ ਬ੍ਰਹਮਾਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ।।

(ਆ.ਗ੍ਰੰ. ਪੰਨਾ ੭੭੩)

**2.3.7.2** ਸਿਰੀ ਰਾਗ ਵਿਚ 'ਵਣਜਾਰਾ' ਸਿਰਲੇਖ ਹੇਠ ਇਕ ਸ਼ਬਦ ਮਿਲਦਾ ਹੈ। ਇਸ ਵਿਚ ਪ੍ਰਭੂ-ਪ੍ਰੇਮ ਦਾ ਵਣਜਾਰਾ ਬਣ ਲਈ ਪ੍ਰੇਰਿਆ ਗਿਆ ਹੈ। 'ਕਰਹਲੇ' ਸ਼ੀਰਸ਼ਕ ਅਧੀਨ ਦੋ ਸ਼ਬਦ ਰਾਗ ਗਉੜੀ ਪੂਰਬੀ ਵਿਚ ਪ੍ਰਾਪਤ ਹੁੰਦੇ ਹਨ। 'ਕਰਹਲਾ' ਊਠ ਨੂੰ ਕਹਿੰਦੇ ਹਨ। ਇਥੇ 'ਕਰਹਲਾ' ਤੋਂ ਭਾਵ ਭਟਕਦੇ ਹੋਏ ਜੀਵ ਤੋਂ ਲਿਆ ਗਿਆ ਹੈ। ਛਕੇ ਛੰਤ, ਛੇ ਛੰਤਾਂ ਨੂੰ ਕਿਹਾ ਗਿਆ ਹੈ। 'ਘੋੜੀਆਂ' ਸਿਰਲੇਖ ਹੇਠ ਰਾਗ ਵਡਹੰਸੁ ਵਿਚ ਦੋ ਸ਼ਬਦ ਮਿਲਦੇ ਹਨ। 'ਘੋੜੀ' ਇਕ ਲੋਕਗੀਤ ਹੈ। ਜਿਸ ਵਿਚ ਵਿਆਹ ਸਮੇਂ ਲਾੜੇ ਦੇ ਘੋੜੀ ਚੜ੍ਹਨ, ਬਿਖੜਾ ਪੈਂਡਾ ਕੱਟਣ ਅਤੇ ਪ੍ਰਭੂ ਨਾਲ ਮਿਲਾਪ ਬਾਰੇ ਉਪਦੇਸ਼ ਦਿੱਤਾ ਗਿਆ ਹੈ। ਦੇਖੋ :

ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ।।
ਧੰਨੁ ਮਾਣਸ ਜਨਮੁ ਪੁੰਨਿ ਪਾਇਆ ਰਾਮ।।

(ਆ.ਗ੍ਰੰ. ਪੰਨਾ ੫੭੫)

**2.3.7.3** ਗੁਰੂ ਰਾਮਦਾਸ ਜੀ ਨੇ 8 ਅਧਿਆਤਮਕ ਵਾਰਾਂ ਦੀ ਰਚਨਾ ਵੀ ਕੀਤੀ ਹੈ, ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ : ਸ੍ਰੀ ਰਾਗ ਕੀ ਵਾਰ, ਗਉੜੀ ਕੀ ਵਾਰ, ਬਿਹਾਗੜਾ ਕੀ ਵਾਰ, ਵਡਹੰਸ ਕੀ ਵਾਰ, ਸੋਰਠਿ ਕੀ ਵਾਰ, ਬਿਲਾਵਲ ਕੀ ਵਾਰ, ਸਾਰੰਗ ਕੀ ਵਾਰ ਅਤੇ ਕਾਨੜੇ ਕੀ ਵਾਰ। ਗੁਰੂ ਸਾਹਿਬ ਦੁਆਰਾ ਰਚਿਤ 'ਗਉੜੀ ਕੀ ਵਾਰ' ਵਿਚ ਇਕ ਆਦਰਸ਼ਕ ਗੁਰਸਿੱਖ ਦੀ ਰਹਿਤ ਮਰਯਾਦਾ ਸੁਨਿਸ਼ਚਿਤ ਕੀਤੀ ਗਈ ਹੈ। ਦੇਖੋ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।।
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ।।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ।।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮ ਧਿਆਵੈ।।

(ਆ.ਗ੍ਰੰ. ਪੰਨਾ 309)

**2.3.7.4** ਗੁਰੂ ਰਾਮਦਾਸ ਜੀ ਦੀ ਬਾਣੀ ਸੰਗੀਤਾਤਮਕਤਾ ਨਾਲ ਭਰਪੂਰ ਹੈ। ਇਹ ਸਰਸ, ਸਰੋਦੀ ਅਤੇ ਰਸੀਲੀ ਹੈ। ਆਪ ਵਾਕੰਸ਼ਾਂ ਦੇ ਖ਼ੂਬਸੂਰਤ ਦੁਹਰਾਉ ਨਾਲ ਆਪਣੀ ਬਾਣੀ ਨੂੰ ਵਿਸਮਾਦੀ ਰੰਗ ਪ੍ਰਦਾਨ ਕਰਦੇ ਹਨ। ਆਪ ਦੁਆਰਾ ਦੁਹਰਾਏ ਗਏ ਕੁਝ ਇਕ ਵਾਕੰਸ਼ ਇਸ ਪ੍ਰਕਾਰ ਹਨ : ਹਰਿ ਅੰਮ੍ਰਿਤ ਭਿੰਨੇ ਲੋਇਣਾ, ਮੇਰੇ ਪਿਆਰੇ, ਮੇਰੀ ਜਿੰਦੜੀਏ, ਬਲਿ ਰਾਮ ਜੀਉ, ਮੇਰੇ ਗੋਵਿੰਦਾ, ਰਾਮ ਰਾਜੇ ਆਦਿਕ। ਆਪ ਦੀ ਸੰਗੀਤਾਤਮਕ ਅਤੇ ਸਰੋਦੀ ਸ਼ੈਲੀ ਦਾ ਇਕ ਪ੍ਰਮਾਣ ਦੇਖੋ :

ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ।।
ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ।।
ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ।।
ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨ ਧੰਨਾ।।

(ਆਸਾ ਦੀ ਵਾਰ , ਛੰਤ ਘਰ ੪)

## 2.3.8.1 ਗੁਰੂ ਅਰਜਨ ਦੇਵ ਜੀ (1563–1606)

ਗੁਰਮਤਿ ਕਾਵਿ ਦੇ ਅੰਤਰਗਤ ਗੁਰੂ ਅਰਜਨ ਦੇਵ ਜੀ ਦੀ ਬਾਣੀ ਸਭ ਨਾਲੋਂ ਵੱਧ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਦੁਆਰਾ ਰਚਿਤ 2218 ਸ਼ਬਦ ਸੰਕਲਿਤ ਹਨ। ਆਪ ਨੇ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਵਿਚੋਂ ਜੈਜਾਵੰਤੀ ਨੂੰ ਛੱਡ ਕੇ 30 ਰਾਗਾਂ ਵਿਚ ਰਚਨਾ ਕੀਤੀ ਹੈ। ਆਪ ਦੀਆਂ ਕੁਝ ਪ੍ਰਮੁਖ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:

## 2.3.8.2 ਬਾਰਹਮਾਹਾ ਮਾਂਝ :

ਲੋਕ ਕਾਵਿ ਪਰੰਪਰਾ ਵਿਚ ਪ੍ਰਾਪਤ ਰੂਪਾਕਾਰ 'ਬਾਰਹਮਾਹਾ' ਨੂੰ ਗੁਰੂ ਸਾਹਿਬ ਨੇ ਜੀਵਾਤਮਾ ਦੀ ਅਧਿਆਤਮਕ ਵੇਦਨਾ ਨੂੰ ਰੂਪਮਾਨ ਕਰਨ ਵਾਸਤੇ ਵਰਤਿਆ ਹੈ। ਇਸ ਬਾਣੀ ਦੇ ਕੁਲ 14 ਪਦੇ ਹਨ।

ਪਹਿਲੇ ਪਦੇ ਵਿਚ ਬਾਣੀ ਦੀ ਪ੍ਰਸਤਾਵਨਾ ਪੇਸ਼ ਹੋਈ ਹੈ। ਇਸ ਤੋਂ ਬਾਅਦ ਚੇਤ ਤੋਂ ਸ਼ੁਰੂ ਕਰਕੇ ਕ੍ਰਮਵਾਰ ਫੱਗਣ ਤਕ ਵੱਖ-ਵੱਖ ਬਾਰਾਂ ਮਹੀਨਿਆਂ ਦੇ ਮੌਸਮੀ ਚਰਿੱਤਰ ਅਤੇ ਜੀਵਾਤਮਾ ਦੇ ਕਰਤੱਵ ਬਾਰੇ ਨਿਰਦੇਸ਼ ਦਿੱਤੇ ਗਏ ਹਨ। ਅੰਤਿਮ ਪਦੇ ਵਿਚ ਗੁਰੂ ਸਾਹਿਬ ਨੇ ਨਿਸ਼ਕਰਸ਼ ਦੀ ਸਥਾਪਨਾ ਕਰਦਿਆਂ ਹੋਇਆ ਲਿਖਿਆ ਹੈ ਕਿ ਸਾਰੇ ਮਹੀਨੇ ਅਤੇ ਮਹੂਰਤ ਸ਼ੁਭ ਹਨ ਕਿਉਂਕਿ ਜਿਸ ਉਪਰ ਪ੍ਰਭੂ ਦੀ ਕ੍ਰਿਪਾ ਹੋ ਜਾਂਦੀ ਹੈ, ਉਸਦਾ ਪਾਰ ਉਤਾਰਾ ਹੋ ਜਾਂਦਾ ਹੈ:

ਮਾਹ ਦਿਵਸ ਮੂਰਤ ਭਲੇ ਜਿਨ ਕਉ ਨਦਰਿ ਕਰੇ।।
ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ।।੧੪।।

### 2.3.8.3 ਬਾਵਨ ਅੱਖਰੀ :

ਗਉੜੀ ਰਾਗ ਵਿਚ ਰਚੀ ਗਈ ਇਹ ਬਾਣੀ, ਦੇਵਨਾਗਰੀ ਵਰਣਮਾਲਾ ਦੇ 52 ਅੱਖਰਾਂ ਨੂੰ ਅਗਰਭੂਮੀ ਵਿਚ ਰੱਖ ਕੇ ਗੁਰੂ ਅਤੇ ਪਰਮਾਤਮਾ ਦੀ ਮਹਿਮਾ ਦਾ ਬਖਾਣ ਕਰਦੀ ਹੈ। ਹਰ ਪਉੜੀ ਦੇ ਆਰੰਭ ਵਿਚ ਇੱਕ-ਇੱਕ ਸਲੋਕ ਅੰਕਿਤ ਹੈ। ਪਉੜੀਆਂ ਦੀ ਕੁਲ ਗਿਣਤੀ 55 ਹੈ। ਬਾਣੀ ਦੇ ਮੁੱਢ ਵਿਚ ਮੰਗਲਾਚਰਣ ਹੈ, ਜੋ ਸਲੋਕ ਰੂਪ ਵਿਚ ਹੈ। ਇਹੀ ਸਲੋਕ ਅੰਤ ਵਿਚ ਪੜ੍ਹਨ ਦਾ ਆਦੇਸ਼ ਵੀ ਹੋਇਆ ਹੈ।

### 2.3.8.4 ਸੁਖਮਨੀ :

ਇਹ ਬਾਣੀ ਗਉੜੀ ਰਾਗ ਵਿਚ ਰਚੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹੋਰ ਬ੍ਰਿਤਾਂਤਿਕ ਰਚਨਾਵਾਂ ਵਿਚੋਂ ਇਹ ਆਕਾਰ ਵਿਚ ਸਭ ਤੋਂ ਲੰਬੇਰੀ ਹੈ। ਇਸ ਬਾਣੀ ਵਿਚ 24 ਅਸ਼ਟਪਦੀਆਂ ਹਨ। ਹਰ ਅਸ਼ਟਪਦੀ ਵਿਚ 8 ਪਦੇ ਅਤੇ ਹਰ ਪਦੇ ਵਿਚ 10 ਪੰਕਤੀਆਂ ਹਨ। ਅਸ਼ਟਪਦੀਆਂ ਦੇ ਆਰੰਭ ਵਿਚ ਇਕ-ਇਕ ਸਲੋਕ ਆਇਆ ਹੈ, ਜੋ ਆਮ ਕਰਕੇ ਦੋਹਿਰਾ ਰੂਪ ਦਾ ਹੈ ਪਰ ਕਿਧਰੇ-ਕਿਧਰੇ ਇਸ ਦਾ ਅਪਵਾਦ ਵੀ ਹੈ। ਇਸ ਬਾਣੀ ਵਿਚ ਉਸ ਸਥਾਈ ਸੁਖ ਦੇ ਸਰੂਪ ਅਤੇ ਪ੍ਰਾਪਤੀ ਦੀ ਵਿਧੀ ਬਾਰੇ ਬੋਧ ਕਰਵਾਇਆ ਗਿਆ ਹੈ, ਜੋ ਮਨੁੱਖੀ ਜੀਵਨ ਦਾ ਲਕਸ਼ ਹੁੰਦਾ ਹੈ। ਇਸ ਸੁਖ ਦੀ ਪ੍ਰਕ੍ਰਿਤੀ ਨੂੰ ਸਪਸ਼ਟ ਕਰਦਿਆਂ ਹੋਇਆ ਗੁਰੂ ਜੀ ਨੇ ਫੁਰਮਾਇਆ ਹੈ:

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।।
ਭਗਤ ਜਨਾ ਕੈ ਮਨਿ ਬਿਸ੍ਰਾਮ।।

### 2.3.8.5 ਥਿਤੀ :

ਇਹ ਬਾਣੀ ਲੋਕ ਕਾਵਿ-ਰੂਪਾਂ ਦੀਆਂ ਰੂੜ੍ਹੀਆਂ ਨੂੰ ਵਿਸਤਾਰਦੀ ਹੋਈ ਬਾਣੀ-ਸਿਰਜਣਾ ਦੇ ਨਵੇਂ ਆਯਾਮ ਸਿਰਜਦੀ ਹੈ। ਇਸ ਬਾਣੀ ਦੀਆਂ 17 ਪਉੜੀਆਂ ਹਨ ਅਤੇ ਹਰ ਪਉੜੀ ਦੇ ਆਰੰਭ ਵਿਚ ਇਕ ਸਲੋਕ ਹੈ। ਇਸ ਬਾਣੀ ਵਿਚ ਪ੍ਰਭੂ ਦੇ ਸਿਮਰਨ ਨੂੰ ਹੋਰ ਸਭ ਕਰਮ-ਕਾਂਡਾਂ ਤੋਂ ਸ੍ਰੇਸ਼ਠ ਅਤੇ ਅਰਥਪੂਰਨ ਦਰਸਾਇਆ ਗਿਆ ਹੈ। ਗੁਰੂ ਜੀ ਨੇ ਸਪਸ਼ਟ ਕੀਤਾ ਹੈ ਕਿ ਭਰਮ-ਭੁਲੇਖਿਆ, ਦੁਰਮਤਿ, ਮਾਇਆ, ਵਿਕਾਰਾਂ, ਮੰਤਰਾਂ-ਤੰਤਰਾਂ, ਨਿੰਦਾ-ਚੁਗਲੀ, ਤ੍ਰਿਸ਼ਨਾ ਅਤੇ ਕਰਮ-ਕਾਂਡਾਂ ਤੋਂ ਮੁਕਤ ਹੋਏ ਬਗ਼ੈਰ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ। ਉਸ ਪਰਮਾਤਮਾ ਦੀ ਪਹਿਚਾਣ ਅਤੇ ਪ੍ਰਾਪਤੀ ਗੁਰੂ ਦੀ ਕ੍ਰਿਪਾ ਦੁਆਰਾ ਹੁੰਦੀ ਹੈ।

### 2.3.8.6 ਵਾਰਾਂ :

ਗੁਰੂ ਅਰਜਨ ਦੇਵ ਜੀ ਨੇ 6 ਵਾਰਾਂ ਦੀ ਰਚਨਾ ਕੀਤੀ ਹੈ ਜੋ ਕ੍ਰਮਵਾਰ ਰਾਗ ਗਉੜੀ, ਗੁਜਰੀ, ਜੈਤਸਰੀ, ਰਾਮਕਲੀ, ਮਾਰੂ ਅਤੇ ਬਸੰਤ ਵਿਚ ਰਚੀਆਂ ਗਈਆਂ ਹਨ। ਇਹ ਵਾਰਾਂ ਗੁਰੂ ਸਾਹਿਬ ਦੀ ਕਾਵਿ-ਕੀਰਤੀ

ਦਾ ਇਕ ਨਵੇਕਲਾ ਪ੍ਰਮਾਣ ਪੇਸ਼ ਕਰਦੀਆਂ ਹਨ। ਕਈ ਵਾਰਾਂ ਵਿਚ ਮੁਲਤਾਨੀ (ਡੱਖਣੀ) ਭਾਸ਼ਾ ਦਾ ਪ੍ਰਯੋਗ ਹੋਇਆ ਹੈ। ਵਾਰਾਂ ਵਿਚ ਬੀਰ-ਰਸ ਦੀ ਨਿਸ਼ਪਤੀ ਬੜੇ ਜ਼ੋਰਦਾਰ ਅੰਦਾਜ਼ ਵਿਚ ਹੋਈ ਹੈ। ਇਕ ਪ੍ਰਮਾਣ ਦੇਖੋ :

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ।।
ਹੋਹੁ ਸਭਨ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ।।

(ਰਾਮਕਲੀ ਕੀ ਵਾਰ)

**2.3.8.7** ਇਨ੍ਹਾਂ ਬਾਣੀਆਂ ਤੋਂ ਬਿਨਾਂ ਦਿਨ ਰੈਣਿ, ਬਿਰਹੜੇ, ਅੰਜੁਲੀਆ, ਸੋਲਹੇ, ਸਲੋਕ ਸਹਸਕ੍ਰਿਤੀ, ਗਾਥਾ, ਫੁਨਹੇ ਅਤੇ ਚਉਬੋਲੇ ਵੀ ਆਪ ਦੀ ਕਾਵਿ-ਕੀਰਤੀ ਦਾ ਅਦਭੁਤ ਪ੍ਰਮਾਣ ਪੇਸ਼ ਕਰਦੇ ਹਨ। ਗੁਰੂ ਸਾਹਿਬ ਨੇ ਦੋਹਿਰਾ, ਦਵਈਆ, ਚੌਪਈ, ਸਿਰਖੰਡੀ, ਸਵਈਆ, ਨਿਸ਼ਾਨੀ, ਝੂਲਣਾ, ਤੋਮਰ ਅਤੇ ਤਾਟੰਕ ਆਦਿ ਛੰਦਾਂ ਦਾ ਪ੍ਰਯੋਗ ਕੀਤਾ ਹੈ। ਅਲੰਕਾਰ-ਵਿਧਾਨ ਦੀ ਦ੍ਰਿਸ਼ਟੀ ਤੋਂ ਵੀ ਆਪ ਦੀ ਬਾਣੀ ਵਿਚ ਬਹੁਤ ਵਿਵਿਧਤਾ ਹੈ। ਆਪ ਨੇ ਉਪਮਾ, ਰੂਪਕ, ਲੋਕੋਕਤੀ, ਵਿਸ਼ੇਸ਼ੋਕਤੀ, ਅਤੁਲਯੋਗਤਾ, ਅਨੁਪ੍ਰਾਸ, ਅਵੱਗਿਆ, ਭ੍ਰਾਂਤੀ, ਯਮਕ, ਵਿਭਾਵਨਾ, ਉਲਾਸ, ਦੀਪਕ, ਪ੍ਰਮਾਣ ਆਦਿਕ ਅਲੰਕਾਰਾਂ ਦੀ ਸਿਰਜਣਾ ਕੀਤੀ ਹੈ। ਆਪ ਦੁਆਰਾ ਵਰਤੇ ਗਏ ਪ੍ਰਤੀਕ ਅਤੇ ਚਿੰਨ੍ਹ ਵੀ ਅਤਿਅੰਤ ਮੌਲਿਕ ਹਨ।

## 2.3.8.7 ਗੁਰੂ ਤੇਗ ਬਹਾਦਰ ਜੀ (1621-1675)

ਗੁਰੂ ਤੇਗ ਬਹਾਦਰ ਜੀ ਨੇ 59 ਸ਼ਬਦਾਂ ਅਤੇ 57 ਸਲੋਕਾਂ ਦੀ ਰਚਨਾ ਕੀਤੀ। ਆਪ ਦੀ ਵਿਚਾਰਧਾਰਾ ਦਾ ਬੁਨਿਆਦੀ ਆਧਾਰ, ਆਪਦਾ ਸਮਤਾ-ਦਰਸ਼ਨ ਹੈ। ਭਾਰਤੀ ਦਰਸ਼ਨ ਵਿਚ ਸੰਸਾਰ ਨੂੰ ਦਵੰਦਾਂ ਦੀ ਖੇਡ ਮੰਨਿਆ ਗਿਆ ਹੈ। ਦਵੰਦ ਦਾ ਅਰਥ ਹੈ-ਦੋ ਵਿਰੋਧੀ ਭਾਵ ਜਾਂ ਸ਼ਕਤੀਆਂ। ਕਿਉਂਕਿ ਦਵੰਦ ਜੀਵਨ ਦੀ ਬੁਨਿਆਦੀ ਸ਼ਰਤ ਹਨ, ਇਸ ਲਈ ਇਨ੍ਹਾਂ ਵਿਚਲੇ ਸਦੀਵੀ ਸੰਘਰਸ਼ ਨੂੰ ਸਮਾਪਤ ਨਹੀਂ ਕੀਤਾ ਜਾ ਸਕਦਾ ਪਰੰਤੂ ਇਨ੍ਹਾਂ ਪ੍ਰਤੀ ਇਕ ਨਿਰਲੇਪ ਜਾਂ ਨਿਰਪੱਖ ਦ੍ਰਿਸ਼ਟੀਕੋਣ ਜ਼ਰੂਰ ਅਪਣਾਇਆ ਜਾ ਸਕਦਾ ਹੈ। ਗੁਰੂ ਤੇਗ ਬਹਾਦਰ ਜੀ ਸੁਖ-ਦੁਖ, ਮਾਨ-ਅਪਮਾਨ, ਹਰਖ-ਸੋਗ, ਉਸਤਤਿ-ਨਿੰਦਾ, ਸੁਰਗ-ਨਰਕ, ਬੈਰੀ-ਮੀਤ, ਕੰਚਨ-ਲੋਹ, ਅੰਮ੍ਰਿਤ-ਬਿਖ ਅਤੇ ਰਾਓ-ਰੰਕ ਨੂੰ ਨਿਸ਼ਪੱਖ ਭਾਵ ਨਾਲ ਵੇਖਦੇ ਅਤੇ ਚਿਤਰਦੇ ਹਨ। ਦੇਖੋ :

ਸੁਖੁ ਦੁਖੁ ਦੋਨੋ ਸਮ ਕਰਿ ਜਨੈ ਅਉਰ ਮਾਨੁ ਅਪਮਾਨਾ।।
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ।।
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ।।
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ।।

(ਰਾਗ ਗਉੜੀ)

ਗੁਰੂ ਸਾਹਿਬ ਦੀ ਬਾਣੀ ਵਿਚ ਵੈਰਾਗ, ਕਰੁਣਾ ਅਤੇ ਜੀਵਨ ਦੀ ਨਾਸ਼ਮਾਨਤਾ ਦੇ ਚਿਤਰ ਰੂਪਮਾਨ ਹੋਏ ਹਨ। ਆਪ ਜੀਵਨ ਦੀ ਛਿਣ-ਭੰਗਰਤਾ ਵੱਲ ਧਿਆਨ ਦਿਵਾਉਂਦੇ ਹਨ। ਜਿਹੜੇ ਲੋਕ ਵਿਕਾਰਾਂ ਪਿੱਛੇ ਲੱਗ ਕੇ ਸਾਰੀ ਉਮਰ ਧਨ-ਸੰਪਤੀ ਇਕੱਠੇ ਕਰਦੇ ਰਹਿੰਦੇ ਹਨ, ਉਨ੍ਹਾਂ ਨੂੰ ਗੁਰੂ ਸਾਹਿਬ ਦੀ ਬਾਣੀ ਜੀਵਨ ਦੇ ਵਾਸਤਵਿਕ ਮਨੋਰਥ ਦੀ ਸੋਧ ਦਿੰਦੀ ਹੈ। ਆਪ ਨੇ ਸਪਸ਼ਟ ਰੂਪ ਵਿਚ ਇਹ ਚੇਤਾਵਨੀ ਦਿੱਤੀ ਹੈ ਕਿ ਸੰਸਾਰਿਕ ਪ੍ਰਾਪਤੀਆਂ ਪਿਛੇ ਲੱਗ ਕੇ ਅਧਿਆਤਮਕ ਲਕਸ਼ ਨੂੰ ਭੁੱਲ ਜਾਣਾ ਅਨੁਚਿਤ ਹੈ। ਆਪ ਫੁਰਮਾਉਂਦੇ ਹਨ :

ਕਹਾ ਨਰ ਅਪਨੋ ਜਨਮ ਗਵਾਵੈ।।
ਮਾਇਆ ਮਦਿ ਬਿਖਿਆ ਰਸਿ ਰਚਿਓ ਰਾਮ ਸਰਨਿ ਨਹੀ ਆਵੈ।।ਰਹਾਉ।।
ਇਹ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ।।
ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ।।

(ਰਾਗ ਸਾਰੰਗ)

ਗੁਰੂ ਤੇਗ਼ ਬਹਾਦਰ ਜੀ ਨੇ ਪੰਦਰਾਂ ਰਾਗਾਂ ਵਿਚ ਆਪਣੀ ਬਾਣੀ ਰਚੀ ਹੈ। ਆਪ ਆਪਣੇ ਸਮਕਾਲੀਆਂ ਨੂੰ ਬੜੇ ਸਤਿਕਾਰਯੁਕਤ ਢੰਗ ਨਾਲ ਸੰਬੋਧਨ ਕਰਦੇ ਹਨ, ਜਿਵੇਂ : ਸਾਧੋ, ਪ੍ਰਾਣੀ, ਨਰ, ਮਾਈ ਆਦਿਕ। ਆਪ ਦੀ ਬਾਣੀ ਵਿਚ ਕਰੁਣ ਰਸ ਪ੍ਰਧਾਨ ਹੈ ਪਰੰਤੂ ਸ਼ਾਂਤ, ਅਦਭੁਤ, ਭਿਆਨਕ ਅਤੇ ਰੌਦਰ ਰਸ ਨੂੰ ਵੀ ਆਪ ਨੇ ਖ਼ੂਬ ਨਿਭਾਇਆ ਹੈ। ਸਲੋਕਾਂ ਵਿਚ ਦੋਹਰਾ ਛੰਦ ਦਾ ਪ੍ਰਯੋਗ ਬੜੀ ਕੁਸ਼ਲਤਾ ਨਾਲ ਹੋਇਆ ਹੈ। ਆਪ ਦੀ ਬਾਣੀ ਵਿਚ ਬਿੰਬਾਵਲੀ ਅਤੇ ਹੋਰ ਭਾਸ਼ਕ-ਜੁਗਤਾਂ, ਬਾਣੀ ਦੀ ਭਾਵਨਾ ਅਤੇ ਮੁਖ ਸੁਰ ਦੇ ਅਨੁਕੂਲ ਹਨ। ਇਸ ਵਿਚ ਭਾਵਨਾ ਦੇ ਅਨੁਕੂਲ ਹੀ ਭਾਸ਼ਕ-ਸੰਰਚਨਾ ਨਿਰਮਿਤ ਹੋਈ ਹੈ।

## 2.3.9.1 ਗੁਰੂ ਗੋਬਿੰਦ ਸਿੰਘ

ਗੁਰੂ ਗੋਬਿੰਦ ਸਿੰਘ ਸੰਸਕ੍ਰਿਤ, ਬ੍ਰਜ-ਭਾਸ਼ਾ ਅਤੇ ਪੰਜਾਬੀ ਦੇ ਮਹਾਨ ਵਿਦਵਾਨ ਸਨ। ਠੇਠ ਪੰਜਾਬੀ ਵਿਚ ਆਪ ਦੀਆਂ ਬਹੁਤੀਆਂ ਰਚਨਾਵਾਂ ਨਹੀਂ ਹਨ। ਸਿਰਫ਼ 'ਚੰਡੀ ਦੀ ਵਾਰ' ਅਤੇ 'ਦੋ ਸ਼ਬਦ' ਠੇਠ ਪੰਜਾਬੀ ਵਿਚ ਪ੍ਰਾਪਤ ਹੁੰਦੇ ਹਨ। ਆਪ ਦੁਆਰਾ ਰਚਿਆ ਗਿਆ ਬਹੁਤਾ ਸਾਹਿੱਤ-ਬ੍ਰਜ-ਭਾਸ਼ਾ ਵਿਚ ਹੈ। ਆਪ ਦੀ ਸਭ ਤੋਂ ਪ੍ਰਮੁਖ ਬਾਣੀ 'ਜਾਪੁ ਸਾਹਿਬ' ਹੈ। ਜੋ ਗੁਰਮਤਿ ਮਰਯਾਦਾ ਦਾ ਇਕ ਅਭਿੰਨ ਅੰਗ ਹੈ। ਇਸ ਵਿਚ ਪਰਮਾਤਮਾ ਦੇ ਅਨੇਕ 'ਸਿਫ਼ਤੀ-ਨਾਵਾਂ' ਦਾ ਜਾਪ ਹੋਇਆ ਹੈ। ਇਸ ਬਾਣੀ ਦੇ ਕੁਲ 199 ਬੰਦ ਹਨ, ਜਿਨ੍ਹਾਂ ਵਿਚ 10 ਪ੍ਰਕਾਰ ਦੇ ਛੰਦਾਂ ਦਾ ਪ੍ਰਯੋਗ ਹੋਇਆ ਹੈ। ਕਾਵਿ-ਸ਼ੈਲੀ ਦੇ ਪੱਖੋਂ ਇਹ ਇਕ ਬੇਜੋੜ ਰਚਨਾ ਹੈ। 'ਸੁਧਾ ਸਵਈਏ', 'ਬਚਿਤ੍ਰ ਨਾਟਕ', 'ਅਕਾਲ ਉਸਤਤਿ ' ਅਤੇ 'ਚੰਡੀ ਚਰਿਤ੍ਰ' ਆਪ ਦੀਆਂ ਕੁਝ ਹੋਰ ਪ੍ਰਮੁੱਖ ਬਾਣੀਆਂ ਹਨ, ਜੋ ਦਸਮ ਗ੍ਰੰਥ ਵਿਚ ਸੰਕਲਿਤ ਹਨ।

## 2.3.9.2 ਚੰਡੀ ਦੀ ਵਾਰ :

ਗੁਰੂ ਸਾਹਿਬ ਦੀਆਂ ਪ੍ਰਬੰਧਾਤਮਕ ਬਾਣੀਆਂ ਵਿਚੋਂ 'ਚੰਡੀ ਦੀ ਵਾਰ' ਪੰਜਾਬੀ ਭਾਸ਼ਾ ਵਿਚ ਰਚੀ ਗਈ ਹੈ। ਇਹ 'ਦੁਰਗ ਸ਼ਪਤਸ਼ਤੀ' ਉਪਰ ਆਧਾਰਿਤ ਇਕ ਬੀਰਰਸੀ ਰਚਨਾ ਹੈ। ਇਸ ਰਚਨਾ ਦੇ 55 ਬੰਦ ਹਨ। ਆਰੰਭ ਵਿਚ 'ਮੰਗਲਾਚਰਣ' ਹੈ। ਜਿਸ ਵਿਚ ਆਪ ਨੇ ਭਗਉਤੀ (ਤਲਵਾਰ) ਰੂਪ ਵਿਚ ਪਰਮਾਤਮਾ ਦੀ ਆਰਾਧਨਾ ਕਰਨ ਉਪਰੰਤ ਨੌਂ ਗੁਰੂ ਸਾਹਿਬਾਨ (ਗੁਰੂ ਨਾਨਕ ਤੋਂ ਗੁਰੂ ਤੇਗ਼ ਬਹਾਦਰ ਤਕ) ਦੀ ਆਰਾਧਨਾ ਕੀਤੀ ਹੈ। ਇਸ ਤੋਂ ਉਪਰੰਤ ਦੇਵੀ ਦੁਰਗਾ ਅਤੇ ਦਾਨਵਾਂ ਦੇ ਦਰਮਿਆਨ ਹੋਏ ਯੁੱਧ ਦਾ ਵਰਣਨ ਕੀਤਾ ਗਿਆ ਹੈ। ਇਸ ਵਾਰ ਨੂੰ 'ਵਾਰ ਭਗਉਤੀ ਜੀ ਦੀ' ਜਾਂ 'ਵਾਰ ਦੁਰਗਾ ਕੀ' ਵੀ ਕਿਹਾ ਜਾਂਦਾ ਹੈ। ਇਸ ਰਚਨਾ ਵਿਚ ਗੁਰੂ ਜੀ ਦੀ ਯੁੱਧ-ਵਰਣਨ ਸ਼ੈਲੀ ਅਤੇ ਅਲੰਕਾਰਿਕ ਵਰਣਨ ਪੂਰੇ ਸਿਖਰ ਉਪਰ ਪਹੁੰਚੇ ਹੋਏ ਹਨ। ਦੇਖੋ:

ਉਮਲ ਲਥੇ ਜੋਧੇ ਮਾਰੂ ਬਜਿਆ।।
ਬਦਲ ਜਿਉਂ ਮਹਿਖਾਸੁਰ ਰਣ ਵਿਚ ਗਜਿਆ।।
ਇੰਦਰ ਜੇਹਾ ਜੋਧ ਮੈਥਉ ਭਜਿਆ।।
ਕਉਣੁ ਵਿਚਾਰੀ ਦੁਰਗਾ ਜਿਨ ਰਣ ਸਜਿਆ।।

## 2.3.10.1 ਗੁਰਮਤਿ ਧਾਰਾ ਦੇ ਹੋਰ ਕਵੀ :

ਭਾਈ ਮਰਦਾਨਾ, ਭਾਈ ਗੁਰਦਾਸ, ਬਾਬਾ ਸੁੰਦਰ, ਭਾਈ ਸਤਾ ਅਤੇ ਭਾਈ ਬਲਵੰਡ ਆਦਿਕ ਨੂੰ ਵੀ ਗੁਰਮਤਿ ਕਾਵਿ ਦੇ ਅੰਤਰਗਤ ਸਤਿਕਾਰਯੋਗ ਸਥਾਨ ਹਾਸਲ ਹੈ। ਭਾਈ ਮਰਦਾਨ ਗੁਰੂ ਨਾਨਕ ਦੇਵ ਜੀ ਦਾ ਸੰਗੀ ਸੀ। ਆਪ ਦੇ 2 ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹਨ। ਭਾਈ ਗੁਰਦਾਸ (1559–1637) ਦੀਆਂ 40 ਵਾਰਾਂ ਗੁਰਮਤਿ ਗਿਆਨ ਅਤੇ ਸਿਖ ਦਰਸ਼ਨ ਦਾ ਇਕ ਮਹਾਨ ਕੋਸ਼ ਹਨ। ਇਸੇ ਕਾਰਨ ਇਨ੍ਹਾਂ ਨੂੰ 'ਗੁਰਬਾਣੀ ਦੀ ਕੁੰਜੀ' ਵੀ ਕਿਹਾ ਜਾਂਦਾ ਹੈ। ਆਪ ਨੇ ਠੇਠ ਪੰਜਾਬੀ ਭਾਸ਼ਾ ਦਾ ਪ੍ਰਯੋਗ ਕੀਤਾ ਅਤੇ ਲਹਿੰਦੀ ਜਾਂ ਸਾਧ-ਭਾਸ਼ਾ ਦੀ ਥਾਂ ਕੇਂਦਰੀ (ਮਾਝੀ) ਪੰਜਾਬੀ ਨੂੰ ਅਪਣਾਇਆ। ਦੇਖੋ :

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰ ਭਾਰੀ।।
ਅਰਜਨ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।।
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।।
ਦਲਿ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।।

(ਪਹਿਲੀ ਵਾਰ)

**2.3.10.2** ਗੁਰੂ ਅਮਰਦਾਸ ਦੀ ਦੇ ਪੜਪੋਤੇ ਬਾਬਾ ਸੁੰਦਰ ਜੀ ਦੀ ਇਕ ਬਾਣੀ 'ਸੱਦ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹੈ। ਰਾਇ ਬਲਵੰਡ ਅਤੇ ਸਤਾ ਰਬਾਬੀ ਦੀ ਇਕ ਵਾਰ ਵੀ ਇਸ ਮਹਾਨ ਗ੍ਰੰਥ ਵਿਚ ਸ਼ਾਮਲ ਕੀਤੀ ਗਈ ਹੈ। ਭੱਟ ਕਵੀਆਂ ਦੇ 123 ਸਵਈਏ ਗੁਰੂ ਗ੍ਰੰਥ ਸਾਹਿਬ ਦੇ ਅੰਤਿਮ ਭਾਗ ਵਿਚ ਆਏ ਹਨ। ਇਨ੍ਹਾਂ ਤੋਂ ਬਿਨਾਂ ਪੰਦਰਾਂ ਭਗਤਾਂ (ਸ਼ੇਖ ਫ਼ਰੀਦ, ਭਗਤ ਕਬੀਰ, ਭਗਤ ਨਾਮਦੇਵ, ਭਗਤ ਰਵਿਦਾਸ, ਭਗਤ ਤ੍ਰਿਲੋਚਨ, ਭਗਤ ਬੇਣੀ, ਭਗਤ ਧੰਨਾ, ਭਗਤ ਜੈਦੇਵ, ਭਗਤ ਭੀਖਣ, ਭਗਤ ਪਰਮਾਨੰਦ, ਭਗਤ ਸੈਣ, ਭਗਤ ਪੀਪਾ, ਭਗਤ ਸਧਨਾ, ਭਗਤ ਰਾਮਾਨੰਦ ਅਤੇ ਭਗਤ ਸੂਰਦਾਸ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਉਣ ਕਰਕੇ ਇਹ ਬਾਣੀ ਵੀ ਗੁਰਮਤਿ ਕਾਵਿ ਦਾ ਇਕ ਅਭਿੰਨ ਅੰਗ ਬਣ ਗਈ ਹੈ।

## 2.3.10.3 ਉਪਸੰਹਾਰ

ਗੁਰਮਤਿ ਕਾਵਿ ਮਧਕਾਲੀਨ ਪੰਜਾਬੀ ਸਾਹਿਤ ਦੀ ਸਭ ਤੋਂ ਗੌਰਵਮਈ ਅਤੇ ਊਰਜਾਵੰਤ ਕਾਵਿ ਧਾਰਾ ਹੈ। ਇਸ ਨੇ ਆਪਣੇ ਤੋਂ ਪਿਛੋਂ ਆਉਣ ਵਾਲੀਆਂ ਸਮੁਚੀਆਂ ਸਾਹਿਤਿਕ ਧਾਰਾਵਾਂ ਨੂੰ ਪ੍ਰਭਾਵਿਤ ਕੀਤਾ ਹੈ। ਇਸ ਵਿਚ ਪਰਮਾਤਮਾ ਦੇ ਨਿਰਗੁਣ ਸਰੂਪ ਦਾ ਗਾਇਨ ਹੋਇਆ ਹੈ। ਪ੍ਰੇਮਾਭਗਤੀ, ਪ੍ਰਭੂ-ਸਿਮਰਨ, ਗੁਰੂ ਦੀ ਟੇਕ ਅਤੇ ਮੋਕਸ਼ ਦੀ ਪ੍ਰਾਪਤੀ ਇਸ ਕਾਵਿ ਦੇ ਪ੍ਰਮੁਖ ਵਿਸ਼ੈ ਰਹੇ ਹਨ। ਇਹ ਧਾਰਾ ਮਨੁਖ ਦੀ ਸਮਾਨਤਾ ਉਪਰ ਬਲ ਦਿੰਦੀ ਹੈ ਅਤੇ ਜ਼ਾਤ ਜਾਂ ਜਨਮ ਦੇ ਕਾਰਨ ਮਨੁੱਖ-ਮਨੁੱਖ ਵਿਚ ਕੋਈ ਭੇਦ ਭਾਵ ਨਹੀਂ ਕਰਦੀ। ਇਸ ਕਾਵਿ ਵਿਚ ਕਰਮ-ਕਾਂਡਾਂ, ਦੇਵੀ-ਦੇਵਤਿਆਂ, ਤੀਰਥ-ਯਾਤਰਾਵਾਂ, ਜ਼ਾਤ-ਪਾਤ, ਮੂਰਤੀ-ਪੂਜਾ ਆਦਿ ਧਾਰਨਾਵਾਂ ਨੂੰ ਅਰਥਹੀਣ ਘੋਸ਼ਿਤ ਕੀਤਾ ਗਿਆ ਹੈ। ਮਨੁੱਖ ਨੂੰ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਰਹਿ ਕੇ, ਵਿਕਾਰਾਂ ਤੋਂ ਬਚ ਕੇ ਪ੍ਰਭੂ-ਪ੍ਰਾਪਤੀ ਦੇ ਮਾਰਗ ਉਪਰ ਚੱਲਣ ਲਈ ਪ੍ਰੇਰਿਤ ਕੀਤਾ ਗਿਆ ਹੈ। ਸ਼ੈਲੀ, ਬ੍ਰਿਤਾਂਤ-ਪ੍ਰਬੰਧ, ਭਾਸ਼ਾ ਅਤੇ ਸੰਗੀਤ ਆਦਿਕ ਪੱਖਾਂ ਤੋਂ ਵੀ ਮੱਧ ਯੁਗ ਦੀ ਕੋਈ ਹੋਰ ਇਸ ਦੀ ਬਰਾਬਰੀ ਨਹੀਂ ਕਰ ਸਕਦੀ। ਇਸ ਕਾਵਿ ਦੀ ਉਤਕ੍ਰਿਸ਼ਟਤਾ ਅਤੇ ਮਹਿਮਾ ਸ੍ਵੈਸਿੱਧ ਹੈ।

## ਪ੍ਰਸ਼ਨ :

ਪਾਠ ਵਿਚ ਦਿੱਤੀ ਗਈ ਸਮੱਗਰੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

1. ਗੁਰਮਤਿ ਕਾਵਿ ਦੇ ਵਿਚਾਰਧਾਰਕ ਪਰਿਪੇਖ ਉਪਰ ਇਕ ਵਿਸ਼ਲੇਸ਼ਣ ਲੇਖ ਲਿਖੋ।
2. ਗੁਰਮਤਿ ਕਾਵਿ ਦੇ ਵਿਭਿੰਨ ਰੂਪਾਂ, ਸ਼ਿਲਪ ਅਤੇ ਸ਼ੈਲੀ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ।
3. ਗੁਰਮਤਿ ਕਾਵਿ, ਪੰਜਾਬੀ ਸਾਹਿੱਤ ਦੀ ਸ਼ਿਰੋਮਣੀ ਕਾਵਿ ਧਾਰਾ ਹੈ; ਇਸ ਕਥਨ ਦੀ ਵਿਆਖਿਆ ਕਰੋ।
4. ਪੰਜਾਬੀ ਗੁਰਮਤਿ ਕਾਵਿ ਦੇ ਸਾਹਿਤਕ ਅਤੇ ਵਿਚਾਰਧਾਰਕ ਪੱਖਾਂ ਬਾਰੇ ਇਤਿਹਾਸਕ ਦ੍ਰਿਸ਼ਟੀ ਤੋਂ ਚਾਨਣਾ ਪਾਓ। (ਅਪਰੈਲ 2011)
5. ਮੱਧਕਾਲੀਨ ਪੰਜਾਬੀ ਸਾਹਿਤ ਵਿਚ ਗੁਰਮਤਿ ਸਾਹਿਤ ਦਾ ਕੀ ਸਥਾਨ ਬਣਦਾ ਹੈ? ਚਰਚਾ ਕਰੋ। (ਅਪਰੈਲ 2013)
6. ਮੱਧਕਾਲੀ ਪੰਜਾਬੀ ਸਾਹਿਤ ਵਿਚ ਗੁਰਮਤਿ ਕਾਵਿ ਦੇ ਯੋਗਦਾਨ ਦੀ ਚਰਚਾ ਕਰੋ। (ਅਪਰੈਲ 2014)
7. ਗੁਰਮਤਿ ਸਾਹਿਤ ਦੇ ਇਤਿਹਾਸ ਉੱਤੇ ਚਾਨਣਾ ਪਾਓ। (ਮਈ 2016)

## ਸਹਾਇਕ ਪੁਸਤਕਾਵਲੀ


1. ਡਾ. ਮੋਹਨ ਸਿੰਘ ਦੀਵਾਨਾ, *ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ਼,* ਲਾਹੌਰ, 1939
2. ਡਾ. ਸ਼ੇਰ ਸਿੰਘ, *ਗੁਰਮਤਿ ਦਰਸ਼ਨ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਸੱਤਵੀਂ ਵਾਰ, 1988
3. ਪ੍ਰੋ. ਬ੍ਰਹਮਜਗਦੀਸ਼ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ : ਸੰਪਾਦਨਾ, ਸਰੂਪ ਅਤੇ ਸੰਦੇਸ਼,* ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2008
4. ਪ੍ਰੋ. ਬ੍ਰਹਮਜਗਦੀਸ਼ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ : ਬਾਣੀ ਅਤੇ ਬਾਣੀਕਾਰ,* ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2008
5. ਜਗਬੀਰ ਸਿੰਘ ਡਾ., *ਪੰਜਾਬੀ ਸਾਹਿੱਤ ਦਾ ਇਤਿਹਾਸ : ਆਦਿਕਾਲ-ਭਗਤੀਕਾਲ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981

**ਪਾਠ ਨੰ: 2.4** **– ਪ੍ਰੋ. ਬ੍ਰਹਮਜਗਦੀਸ਼ ਸਿੰਘ**

# ਪੰਜਾਬੀ ਸੂਫ਼ੀ-ਕਾਵਿ

## 2.4.1 ਭੂਮਿਕਾ

ਭਾਰਤ ਵਿਚ ਮੁਸਲਮਾਨਾਂ ਦੀ ਹਕੂਮਤ ਕਾਇਮ ਹੋਣ ਤੋਂ ਪਿਛੋਂ ਬਹੁਤ ਸਾਰੇ ਸੂਫ਼ੀ ਦਰਵੇਸ਼ ਵੀ ਪੰਜਾਬ ਵਿਚ ਆ ਗਏ। ਇਹ ਦਰਵੇਸ਼ ਪਰਸਪਰ ਸਦਭਾਵਨਾ, ਨਿਮਰਤਾ, ਮੁਹੱਬਤ, ਅਤੇ ਗ਼ਰੀਬੀ ਦਾ ਸੰਦੇਸ਼ ਦਿੰਦੇ ਸਨ। ਬੇਸ਼ਕ ਇਨ੍ਹਾਂ ਦਾ ਸੰਬੰਧ ਇਸਲਾਮ ਨਾਲ ਸੀ ਪਰੰਤੂ ਇਕ ਮੁਤਅੱਸਬੀ ਜਾਂ ਫ਼ਿਕਰਾਪ੍ਰਸਤ ਨਹੀਂ ਸਨ ਬਲਕਿ ਮਜ਼ਹਬ ਦੀਆਂ ਸੌੜੀਆਂ ਸੀਮਾਵਾਂ ਤੋਂ ਉਪਰ ਉੱਠ ਕੇ ਹਰ ਧਰਮ ਦੇ ਪ੍ਰਾਣੀ ਨੂੰ ਰੂਹਾਨੀ ਸੰਦੇਸ਼ ਦਿਦੇ ਸਨ। ਇਨ੍ਹਾਂ ਦੇ ਤਕੀਆਂ ਅਤੇ ਜਮਾਅਤਖਾਨਿਆਂ ਵਿਚ ਹਰ ਮਜ਼ਹਬ ਅਤੇ ਜਾਤ-ਜਮਾਤ ਦੇ ਵਿਅਕਤੀ ਨੂੰ ਆਉਣ ਦੀ ਪੂਰੀ ਖੁਲ੍ਹ ਸੀ। ਇਹੀ ਕਾਰਨ ਹੈ ਕਿ ਪੰਜਾਬ ਦੇ ਬਹੁਤ ਸਾਰੇ ਲੋਕ ਇਨ੍ਹਾਂ ਸੂਫ਼ੀ ਦਰਵੇਸ਼ਾਂ ਦੇ ਟਿਕਾਣਿਆਂ ਉਪਰ ਜਾ ਕੇ ਅਧਿਆਤਮਕ ਸਿੱਖਿਆ ਗ੍ਰਹਿਣ ਕਰਨ ਲੱਗੇ। ਪੰਜਾਬ ਦੀ ਕਿਰਸਾਨੀ ਨਾਲ ਸੰਬੰਧਿਤ ਜੱਟ-ਜ਼ਿਮੀਦਾਰ ਅਤੇ ਨਿਮਨ ਜਾਤੀਆਂ ਅਥਵਾ ਸ਼੍ਰੇਣੀਆਂ ਦੇ ਬਹੁਤ ਸਾਰੇ ਲੋਕ ਅਜਿਹੇ ਸੂਫੀਆਂ ਦੇ ਪ੍ਰਭਾਵ ਅਧੀਨ ਮੁਸਲਮਾਨ ਵੀ ਬਣ ਗਏ। ਇਹੀ ਕਾਰਨ ਹੈ ਕਿ ਕੁਝ ਹੀ ਸਦੀਆਂ ਵਿਚ ਪੂਰਬੀ ਅਤੇ ਪੱਛਮੀ ਪੰਜਾਬ ਦੇ ਜਿਨ੍ਹਾਂ ਸ਼ਹਿਰਾਂ ਅਤੇ ਕਸਬਿਆਂ ਵਿਚ ਸੂਫ਼ੀਆਂ ਦੇ ਟਿਕਾਣੇ ਸਨ। ਉਨ੍ਹਾਂ ਵਿਚ ਹਿੰਦੂਆਂ ਤੋਂ ਮੁਸਲਮਾਨ ਧਰਮ ਵਿਚ ਆਏ ਲੋਕਾਂ ਦੀ ਬਹੁਗਿਣਤੀ ਹੋ ਗਈ। ਇਨ੍ਹਾਂ ਸੂਫ਼ੀ ਦਰਵੇਸ਼ਾਂ ਵਿਚੋਂ ਬਹੁਤ ਸਾਰੇ ਲੋਕ ਕਵੀ ਵੀ ਸਨ ਅਤੇ ਉਨ੍ਹਾਂ ਨੇ ਆਮ ਲੋਕਾਂ ਦੀ ਜ਼ਬਾਨ ਵਿਚ ਸੂਫ਼ੀਆਨਾ ਕਲਾਮ ਦੀ ਰਚਨਾ ਕੀਤੀ। ਪੰਜਾਬੀ ਸਾਹਿੱਤ ਵਿਚ ਸੂਫ਼ੀ ਕਾਵਿ ਦਾ ਆਰੰਭ ਹਜ਼ਰਤ ਸ਼ੇਖ਼ ਫ਼ਰੀਦ (1173-1266) ਦੇ ਆਗਮਨ ਨਾਲ ਹੋਇਆ ਅਤੇ ਉਨ੍ਹਾਂ ਤੋਂ ਉਪਰੰਤ ਸ਼ਾਹ ਮੀਰਾ ਜੀ ਚਿਸ਼ਤੀ। ਸ਼ਾਹ ਹੁਸੈਨ, ਸੁਲਤਾਨ ਬਾਹੂ, ਸ਼ਾਹ ਸ਼ਰਫ਼ ਬਟਾਲਵੀ, ਬਾਬਾ ਬੁਲ੍ਹੇ ਸ਼ਾਹ, ਅਲੀ ਹੈਦਰ ਅਤੇ ਖ਼ੁਆਜਾ ਫਰਦ ਫ਼ਕੀਰ ਵਰਗੇ ਬਹੁਤ ਸਾਰੇ ਸੂਫ਼ੀ ਦਰਵੇਸ਼ਾਂ ਨੇ ਪੰਜਾਬੀ ਬੋਲੀ ਵਿਚ ਸੂਫ਼ੀਆਨਾ ਕਲਾਮ ਦੀ ਰਚਨਾ ਕੀਤੀ। ਇਉਂ ਪੰਜਾਬ ਵਿਚ ਸੂਫ਼ੀ ਕਾਵਿ ਦੀ ਅਮੀਰ ਪਰੰਪਰਾ ਬਾਰ੍ਹਵੀਂ ਸਦੀ ਤੋਂ ਲੈ ਕੇ ਉਨੀਵੀਂ ਸਦੀ ਤਕ ਨਿਰੰਤਰ ਪ੍ਰਵਾਹਮਾਨ ਰਹੀ।

## 2.4.2 ਪ੍ਰਯੋਜਨ

ਇਸ ਪਾਠ ਦਾ ਪ੍ਰਯੋਜਨ ਮੱਧਕਾਲੀਨ ਪੰਜਾਬੀ ਸਾਹਿੱਤ ਦੀ ਅਤਿਅੰਤ ਅਮੀਰ ਅਤੇ ਲੋਕਪ੍ਰਿਅ ਕਾਵਿ ਪਰੰਪਰਾ 'ਸੂਫ਼ੀ ਕਾਵਿ' ਦੇ ਇਤਿਹਾਸ, ਵਸਤੂ-ਸਾਮਗਰੀ, ਸ਼ਿਲਪ ਅਤੇ ਸ਼ੈਲੀ ਬਾਰੇ ਜ਼ਰੂਰੀ ਜਾਣਕਾਰੀ ਪ੍ਰਦਾਨ ਕਰਨਾ ਹੈ। ਪੰਜਾਬੀ ਸਾਹਿਤ ਵਿਚ ਸੂਫ਼ੀ ਕਾਵਿ ਪਰੰਪਰਾ, ਬਹੁਤ ਪ੍ਰਾਚੀਨ ਹੈ ਅਤੇ ਸ਼ੇਖ਼ ਬਾਬਾ ਫ਼ਰੀਦ ਜੀ ਦੀ ਅਜ਼ਮਤ ਦੁਆਰਾ ਪੰਜਾਬੀ ਸਾਹਿੱਤ ਦੇ ਆਦਿ ਕਾਲ ਵਿਚ ਹੀ ਪੈਦਾ ਹੋ ਗਈ ਸੀ ਅਤੇ ਡਾ. ਮੋਹਨ ਸਿੰਘ ਦੀਵਾਨਾ, ਧਨੀ ਰਾਮ ਚਾਤ੍ਰਿਕ ਵਰਗੇ ਆਧੁਨਿਕ ਕਵੀਆਂ ਦੇ ਅੰਗ-ਸੰਗ ਵੀਹਵੀਂ ਸਦੀ ਤਕ ਨਿਰੰਤਰ ਗਤੀਸ਼ੀਲ ਰਹੀ ਹੈ ਪਰੰਤੂ ਪੰਜਾਬੀ ਸਾਹਿੱਤ ਦਾ ਮੱਧਕਾਲ, ਇਸਦੇ ਉਭਾਰ ਅਤੇ ਨਿਖਾਰ ਨਾਲ ਵਿਸ਼ੇਸ਼ ਤੌਰ ਤੇ ਸੰਬੰਧਿਤ ਰਿਹਾ ਹੈ। ਸ਼ਾਹ ਹੁਸੈਨ, ਅਲੀ ਹੈਦਰ, ਬੁਲ੍ਹੇ ਸ਼ਾਹ, ਖ਼ੁਆਜਾ ਫ਼ਰਦ ਫਕੀਰ ਅਤੇ ਹਾਸ਼ਮ ਵਰਗੇ ਪ੍ਰਮੁਖ ਸੂਫ਼ੀ ਕਵੀ ਇਸੇ ਕਾਲ ਵਿਚ ਪੈਦਾ ਹੋਏ। ਇਸ ਕਾਰਨ ਪੰਜਾਬੀ ਸੂਫੀ ਕਾਵਿ ਨੂੰ ਮੱਧਕਾਲ ਦੇ ਹਵਾਲੇ ਨਾਲ ਯਾਦ ਕੀਤਾ ਜਾਂਦਾ ਹੈ। ਵਿਚਾਰਾਧੀਨ ਪਾਠ ਵਿਚ ਅਸੀਂ ਸੂਫ਼ੀ ਕਾਵਿ ਦੇ

ਇਤਿਹਾਸ ਬਾਰੇ ਆਪਣੇ ਵਿਦਿਆਰਥੀਆਂ ਜ਼ਰੂਰੀ ਜਾਣਕਾਰੀ ਪ੍ਰਦਾਨ ਕਰ ਰਹੇ ਹਾਂ।

**2.4.3.1 ਸੂਫ਼ੀ ਕਾਵਿ : ਵਿਚਾਰਧਾਰਕ ਆਧਾਰ**

ਭਾਵੇਂ ਭਾਰਤ ਵਿਚ ਸੂਫ਼ੀਵਾਦ, ਇੱਥੇ ਮੁਸਲਮਾਨੀ ਹਕੂਮਤ ਦੀ ਸਥਾਪਨਾ ਦੇ ਨਾਲ ਹੀ ਪਹੁੰਚਿਆ ਪਰੰਤੂ ਅਰਬ, ਈਰਾਨ ਅਤੇ ਈਰਾਕ, ਆਦਿ ਦੇਸ਼ਾਂ ਵਿਚ ਸੂਫ਼ੀਵਾਦ ਅੱਠਵੀਂ-ਨੌਵੀਂ ਸਦੀ ਵਿਚ ਸਥਾਪਿਤ ਹੋ ਗਿਆ ਸੀ। ਅੱਠਵੀਂ ਤੋਂ ਪੰਦਰ੍ਹਵੀਂ ਸਦੀ ਦੇ ਦਰਮਿਆਨ ਵਿਸ਼ਵ ਵਿਚ ਸੂਫ਼ੀਵਾਦ ਦੇ ਚਾਰ ਕੇਂਦਰ ਬਹੁਤ ਪ੍ਰਸਿੱਧ ਹੋਏ-ਖੁਰਾਸਾਨ, ਮਰਣ, ਈਰਾਕ ਅਤੇ ਬਗ਼ਦਾਦ। 'ਸੂਫ਼' ਅਰਬੀ ਭਾਸ਼ਾ ਦਾ ਸ਼ਬਦ ਹੈ। ਜਿਸਦੇ ਅਰਥ ਹਨ ਉੱਨ ਦੇ ਬਣੇ ਵਸਤਰ। ਇਸ ਤਰ੍ਹਾਂ ਸੂਫੀ ਉਸ ਦਰਵੇਸ਼ ਨੂੰ ਕਿਹਾ ਜਾਦਾ ਸੀ। ਜੋ ਉੱਨ ਦੇ ਬਣੇ ਕੱਪੜੇ ਪਹਿਨਦਾ ਸੀ। ਈਰਾਨ ਵਿਚ ਸੂਫ਼ੀਆਂ ਨੂੰ 'ਪਸ਼ਮੀਨਾਪੋਸ਼' ਵੀ ਕਿਹਾ ਜਾਂਦਾ ਸੀ। ਮੁਢਲੇ ਸਮੇ ਵਿਚ ਸੂਫ਼ੀ ਇਹੀ ਵਸਤਰ ਪਹਿਨਦੇ ਸਨ। 'ਸੂਫ਼ੀ' ਤੋਂ ਹੀ ਤਸਵੁਫ਼ ਸ਼ਬਦ ਹੋਂਦ ਵਿਚ ਆਇਆ, ਜਿਸਦਾ ਅਰਥ ਹੈ-ਰੱਬੀ ਗਿਆਨ। ਸੂਫ਼ੀ ਵਿਚਾਰਧਾਰਾ ਅਤੇ ਚਿੰਤਨ ਨੂੰ ਤਸਵੁਫ਼ ਵੀ ਕਿਹਾ ਜਾਦਾ ਹੈ। ਭਾਵੇਂ ਨੌਵੀਂ ਸਦੀ ਦੇ ਮੁੱਢ ਤਕ ਸੂਫ਼ੀ ਮਤਿ ਨੇ ਕੋਈ ਵਿਸ਼ੇਸ਼ ਸ਼ਕਲ ਅਖ਼ਤਿਆਰ ਨਹੀਂ ਸੀ ਕੀਤੀ ਪਰੰਤੂ ਨੌਵੀਂ ਸਦੀ ਦੇ ਅੰਤ ਤੋਂ ਗਿਆਰ੍ਹਵੀਂ ਸਦੀ ਦੇ ਅੰਤ ਤਕ ਜ਼ੁਲਨੂਨ ਮਿਸਰੀ, ਅਬੂ ਯਜ਼ੀਦ, ਜ਼ੁਨੈਦ ਅਤੇ ਮਨਸੂਰ ਦੀ ਅਗਵਾਈ ਵਿਚ ਸੂਫ਼ੀ ਮਤਿ ਨੇ ਇਕ ਨਿਸ਼ਚਿਤ ਪਰੰਪਰਾ ਦਾ ਰੂਪ ਧਾਰਨ ਕਰ ਲਿਆ। ਇਸ ਕਾਲ ਵਿਚ ਸੂਫ਼ੀ ਮਤ ਦੇ ਦਾਰਸ਼ਨਿਕ ਅਤੇ ਨੈਤਿਕ ਆਧਾਰਾਂ ਬਾਰੇ ਕਈ ਪੁਸਤਕਾਂ ਵੀ ਰਚੀਆਂ ਗਈਆਂ। ਇਨ੍ਹਾਂ ਪੁਸਤਕਾਂ ਵਿਚ ਪੰਜਾਬ ਦੇ ਸੂਫ਼ੀ ਫ਼ਕੀਰ ਦਾਤਾ ਗੰਜ ਬਖ਼ਸ਼ ਰਚਿਤ ਕਸ਼ਫ਼-ਅਲ-ਮਹਿਜੂਬ ਵਿਸ਼ੇਸ਼ ਮਹਤਵ ਰਖਦੀ ਹੈ। ਹਜ਼ਰਤ ਦਾਤਾ ਹੀਜ ਬਖ਼ਸ਼ (ਸ਼ੇਖ਼ ਅਲੀ ਮਖ਼ਦੂਮ ਹੁਜਵੀਰੀ) ਗਿਆਰ੍ਹਵੀਂ ਸਦੀ ਵਿਚ ਗ਼ਜ਼ਨੀ ਤੋਂ ਲਾਹੌਰ ਪਹੁੰਚੇ ਸਨ ਅਤੇ ਇਥੇ ਹੀ ਉਨ੍ਹਾਂ ਨੇ ਆਪਣਾ ਬਹੁਤਾ ਜੀਵਨ ਬਿਤਾਇਆ। ਇਨ੍ਹਾਂ ਹੀ ਦਿਨਾਂ ਵਿਚ ਮਹਾਨ ਫ਼ਾਰਸੀ ਕਵੀ ਅਤੇ ਸੂਫ਼ੀ ਦਰਵੇਸ਼ ਫਰੀਦੁੱਦੀਨ ਅੱਤਾਰ ਨੇ ਵੀ ਭਾਰਤ ਦੀ ਯਾਤਰਾ ਕੀਤੀ।

**2.4.3.2** ਭਾਰਤ ਵਿਚ ਸੂਫ਼ੀਆਂ ਦਾ ਚਿਸ਼ਤੀ ਸਿਲਸਿਲਾ ਕਾਫ਼ੀ ਪ੍ਰਸਿੱਧ ਰਿਹਾ ਹੈ। ਅਫ਼ਗਾਨਿਸਤਾਨ ਦੇ ਇਕ ਨਗਰ 'ਚਿਸ਼ਤ' ਤੋਂ ਪੈਦਾ ਹੋਏ ਇਸ ਸਿਲਸਿਲੇ ਨੇ ਭਾਰਤੀ ਸੂਫ਼ੀ ਚਿਸ਼ਤ ਵਿਚ ਆਏ, ਉਨ੍ਹਾਂ ਵਿਚ ਇਕ ਅਬੂ ਇਸਹਾਕ ਸਾਮੀ ਵੀ ਸੀ, ਜੋ ਸੀਰੀਆ ਤੋਂ ਇੱਥੇ ਪਹੁੰਚਿਆ। ਉਸਦਾ ਸੰਬੰਧ ਹਜ਼ਰਤ ਅਲੀ ਅਤੇ ਖ਼ੁਆਜ ਹਸਨ ਬਸਰੀ ਨਾਲ ਜਾ ਜੁੜਦਾ ਹੈ। 'ਸੀਅਰੁਲ ਔਲੀਆ' ਅਨੁਸਾਰ ਖ਼ੁਆਜ ਮੁਈਨੁੱਦੀਨ ਚਿਸ਼ਤੀ, ਖ਼ੁਆਜਾ ਹਸਨ ਬਸਰੀ ਦੇ ਚੌਦਵੇਂ ਖਲੀਫ਼ੇ ਸਨ। ਖ਼ੁਆਜਾ ਮੁਈਨੁੱਦੀਨ ਚਿਸ਼ਤੀ ਨੇ ਬਾਰ੍ਹਵੀਂ ਸਦੀ ਦੇ ਆਰੰਭ ਵਿਚ ਚਿਸ਼ਤ ਨੂੰ ਛੱਡ ਕੇ ਅਜਮੇਰ ਵਿਖੇ ਆਪਣਾ ਟਿਕਾਣਾ ਬਣਾ ਲਿਆ। ਦਿੱਲੀ ਵਿਖੇ ਚਿਸ਼ਤੀ ਸਿਲਸਿਲੇ ਦੀ ਵਾਗਡੋਰ ਖ਼ੁਆਜਾ ਕੁਤਬੁੱਦੀਨ ਬਖ਼ਤਯਾਰ ਕਾਕੀ ਨੇ ਸੰਭਾਲੀ ਹੋਈ ਸੀ ਜੋ ਕਿ ਮੁਈਨੁੱਦੀਨ ਚਿਸ਼ਤੀ ਦੇ ਮੁਰੀਦ ਸਨ। ਇਕ ਵਾਰ ਖ਼ੁਆਜਾ ਕਾਕੀ ਜੀ ਮੁਲਤਾਨ ਗਏ, ਜੋ ਉਨ੍ਹਾਂ ਦਿਨਾਂ ਵਿਚ ਦੀਨੀ ਸਿੱਖਿਆ ਦਾ ਵਡਾ ਕੇਂਦਰ ਹੁੰਦਾ ਸੀ। ਫ਼ਰੀਦ ਜੀ ਉਸ ਸਮੇਂ ਇਸ ਕੇਂਦਰ ਵਿਚ ਆਪਣੀ ਤਾਲੀਮ ਹਾਸਲ ਕਰ ਰਹੇ ਸਨ। ਕਾਕੀ ਜੀ ਨੇ ਫ਼ਰੀਦ ਦੀ ਪ੍ਰਤਿਭਾ ਨੂੰ ਪਹਿਚਾਣ ਲਿਆ ਅਤੇ ਆਪਣੇ ਪਾਸ ਦਿੱਲੀ ਬੁਲਾ ਲਿਆ। ਕਾਕੀ ਜੀ ਦੇ ਇੰਤਕਾਲ ਫ਼ੁਰਮਾਉਣ ਉਪਰੰਤ ਫ਼ਰੀਦ ਜੀ ਨੇ ਪਾਕਪਟਨ ਕੇਂਦਰ ਸਥਾਪਿਤ ਕਰ ਲਿਆ ਅਤੇ ਇਤਿਹਾਸ ਵਿਚ ਇਕ ਮਹਾਨ ਸੂਫ਼ੀ ਕਵੀ ਤੇ ਚਿੰਤਕ ਵਜੋਂ ਬਹੁਤ ਪ੍ਰਸਿੱਧ ਹੋਏ। ਫ਼ਰੀਦ ਜੀ ਦੇ ਉਪਰੰਤ ਪੰਜਾਬ ਵਿਚ ਸੂਫ਼ੀਆਂ ਦੇ ਕਈ ਹੋਰ ਸਿਲਸਿਲੇ ਵੀ ਪ੍ਰਸਿੱਧ ਹੋਏ ਜਿਵੇਂ ਕਾਦਰੀ, ਨਕਸ਼ਬੰਦੀ ਅਤੇ ਸੁਹਰਾਵਰਦੀ ਆਦਿਕ ਪਰੰਤੂ ਕਵਿਤਾ ਦੇ ਰੂਪ ਵਿਚ ਸੂਫ਼ੀ ਧਾਰਾ ਸੋਲ੍ਹਵੀਂ ਸਦੀ ਦੇ ਆਰੰਭ ਵਿਚ ਹੀ ਪੁਨਰ-ਜੀਵਿਤ ਹੁੰਦੀ ਹੈ। ਮਧਕਾਲ ਵਿਚ ਪੈਦਾ ਹੋਣ ਵਾਲੇ ਪ੍ਰਮੁਖ ਸੂਫ਼ੀ ਕਵੀਆਂ ਦਾ ਸਿਲਸਿਲੇ ਵਾਰ ਇਤਿਹਾਸ ਇਸ ਪ੍ਰਕਾਰ ਹੈ:

**2.4.4.1 ਸ਼ਾਹ ਮੀਰ ਜੀ ਚਿਸ਼ਤੀ (ਮ੍ਰਿਤੂ 1496ਈ.)**

ਚਿਸ਼ਤੀ ਸੰਪਰਦਾਇ ਵਿਚ ਫ਼ਰੀਦ ਜੀ ਤੋਂ ਬਾਅਦ ਸ਼ਾਹ ਮੀਰ ਜੀ ਚਿਸ਼ਤੀ ਕਾਫ਼ੀ ਪ੍ਰਸਿੱਧ ਹੋਏ। ਆਪ

ਖ਼ੁਆਜਾ ਸੱਯਦ ਮਹੀਉਦੀਨ ਗੇਸੂ ਦਰਾਜ਼ ਦੇ ਖ਼ਲੀਫ਼ੇ ਸਨ। ਆਪ ਦੀਆਂ ਪ੍ਰਸਿੱਧ ਰਚਨਾਵਾਂ ਇਹ ਹਨ– ਰਿਸਾਲਾ ਖ਼ੁਸ਼ਨਾਮਾ, ਰਿਸਾਲਾ ਖ਼ੁਸ਼ ਨਿਗਜ਼, ਸ਼ਹਾਦੁਤੁਲ ਹਕੀਕਤ, ਜਲਤਰੰਗ, ਗੁਲਬਾਸ ਆਦਿਕ। ਅਬਦੁਲ ਗਫ਼ੂਰ ਕੁਰੈਸ਼ੀ ਨੇ ਆਪ ਦੇ ਪੰਜਾਬੀ ਕਲਾਮ ਦੇ ਕੁਝ ਅੰਸ਼ 'ਪੰਜਾਬੀ ਅਦਬ ਦੀ ਕਹਾਣੀ' ਵਿਚ ਪੇਸ਼ ਕੀਤੇ ਹਨ। ਇਨ੍ਹਾਂ ਵਿਚੋਂ ਇਕ ਅੰਸ਼ ਇਸ ਪ੍ਰਕਾਰ ਹੈ :

ਸਿਫ਼ਤ ਕਰੂੰ ਮੈਂ ਅਲਾਹ ਕੇਰੀ, ਜੋ ਪੂਰੀ ਪੂਰਨ ਪੂਰ।
ਕਾਦਿਰ ਕੁਦਰਤ ਅੰਗੀਕਾਰੋਂ, ਨਾਂਹ ਨੇੜੇ ਨਾਂਹ ਦੂਰ।।
ਨਾਂਹ ਇਸ ਰੂਪ ਨਾਂਹ ਇਸ ਰੇਖਾ, ਨਾਂਹ ਇਸ ਥਾਂ ਮਕਾਨ।
ਨੀਹ ਗੁਨਾ ਗੁਨਵੰਤਾ ਕਰਦਾ, ਕਿਸ ਮੁਖ ਕਰੂੰ ਬਿਆਨ।

## 2.4.4.2 ਫ਼ਰੀਦ ਸਾਨੀ ਜਾਂ ਸ਼ੇਖ਼ ਇਬਰਾਹੀਮ (1450–1575)

ਆਪ ਸ਼ੇਖ਼ ਬਾਬਾ ਫ਼ਰੀਦ ਗੰਜਿ ਸ਼ਕਰ ਦੀ ਗੱਦੀ ਦੇ ਬਾਰ੍ਹਵੇਂ ਗੱਦੀਨਸ਼ੀਨ ਸਨ। ਆਪ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਨ ਅਤੇ ਗੁਰੂ ਜੀ ਨਾਲ ਆਪ ਦੀ ਮੁਲਾਕਾਤ ਵੀ ਹੋਈ ਸੀ। 'ਨਸੀਹਤਨਾਮਾ' ਆਪ ਦੀ ਇੱਕੋ-ਇੱਕ ਰਚਨਾ ਹੈ ਜਿਸਦਾ ਕਲਮੀ ਨੁਸਖ਼ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਪਿਆ ਹੈ। ਆਪ ਦੇ ਕਲਾਮ ਦੀ ਇਕ ਵੰਨਗੀ ਦੇਖੋ :

ਸੋ ਵੱਖਰ ਮੇਰੇ ਪੱਲੂ ਨਾਹੀ ਜਿਤੁ ਸਾਹਿਬ ਕਾ ਮਨ ਰੀਝੈ।
ਸਾਹਿਬ ਸਿਉਂ ਮਾਣ ਕਿਵੇਂ ਹਾਂ ਮਾਣੇ ਕੀਜੈ।...
ਮੇਰਾ ਸਾਹਿਬ ਚੰਗਾ ਗੁਣ ਦਿਹੰਦਾ ਕਹੈ ਫਰੀਦ ਸੁਣਾਵੈ।
ਬਿਨ ਗੁਰ ਨਿਸ ਦਿਨ ਫਿਰਾਂ ਨੀ ਮਾਏ ਪਿਰ ਕੇ ਹਾਵੈ।

## 2.4.5.1 ਸ਼ਾਹ ਹੁਸੈਨ (1539–1599)

ਸ਼ਾਹ ਹੁਸੈਨ ਦਾ ਸੰਬੰਧ ਸੂਫ਼ੀਆਂ ਦੇ ਕਾਦਿਰੀ ਸਿਲਸਿਲੇ ਨਾਲ ਸੀ। ਚਿਸ਼ਤੀ ਸੰਪਰਦਾਇ ਤੋਂ ਬਾਅਦ ਸੂਫ਼ੀਆਂ ਦੇ ਜਿਸ ਸਿਲਸਿਲੇ ਨੇ ਪੰਜਾਬ ਵਿਚ ਲੋਕਪ੍ਰਿਅਤਾ ਹਾਸਲ ਕੀਤੀ, ਉਹ ਕਾਦਿਰੀ ਸਿਲਸਿਲਾ ਸੀ। ਅਸਲ ਵਿਚ ਸ਼ੇਖ਼ ਫ਼ਰੀਦ ਤੋਂ ਬਾਅਦ ਕਾਦਿਰੀ ਸਿਲਸਿਲਾ ਪੰਜਾਬ ਵਿਚ ਬਹੁਤ ਮਕਬੂਲ ਹੋਇਆ। ਸ਼ਾਹ, ਹੁਸੈਨ ਦੇ ਜੀਵਨ ਬਾਰੇ 'ਤਹਿਕੀਕਤੇ ਚਿਸ਼ਤੀ' (ਨੂਰ ਅਹਿਮਦ ਚਿਸ਼ਤੀ) ਅਤੇ 'ਤਜ਼ਕਰਾ-ਏ-ਔਲੀਆਇ ਹਿੰਦ' (ਮਿਰਜ਼ਾ ਮੁਹੰਮਦ ਦੇਹਲਵੀ) ਵਿਚ ਕਾਫ਼ੀ ਵੇਰਵੇ ਪ੍ਰਾਪਤ ਹੁੰਦੇ ਹਨ। 'ਤਜ਼ਕਰੇ' ਦੇ ਲੇਖਕ ਅਨੁਸਾਰ ਸ਼ਾਹ ਹੁਸੈਨ ਦੇ ਵੱਡੇ-ਵੱਡੇਰੇ ਕਾਇਸਥ ਹਿੰਦੂ ਸਨ। ਬਾਵਾ ਬੁੱਧ ਸਿੰਘ ਨੇ ਸ਼ਾਹ ਹੁਸੈਨ ਦਾ ਸੰਬੰਧ ਢੱਡੇ ਰਾਜਪੂਤਾਂ ਨਾਲ ਦੱਸਿਆ ਹੈ ਇਨ੍ਹਾਂ ਨੇ ਫੀਰੋਜ਼ ਸ਼ਾਹ ਤੁਗ਼ਲਕ ਦੇ ਸਮੇਂ ਵਿਚ ਇਸਲਾਮ ਕਬੂਲ ਕੀਤਾ ਸੀ। ਆਪਣੇ ਜੀਵਨ ਦੇ ਮੁਢਲੇ ਵਰ੍ਹਿਆਂ ਵਿਚ ਸ਼ਾਹ ਹੁਸੈਨ ਸ਼ਰੀਅਤ ਦਾ ਪੂਰਨ ਤੌਰ ਤੇ ਪਾਬੰਦ ਸੀ ਪਰੰਤੂ ਬਾਅਦ ਵਿਚ ਉਹ ਸ਼ਰੀਅਤ ਤੋਂ ਵਿਦਰੋਹੀ ਹੋ ਗਿਆ ਅਤੇ ਸ਼ਰੀਅਤ ਦੇ ਬੰਧਨਾਂ ਨੂੰ ਤਿਆਗ ਕੇ ਸੂਫ਼ੀ ਬਣ ਗਿਆ। ਆਪ ਦੇ ਬਹੁਤ ਸਾਰੇ ਖ਼ਲੀਫ਼ੇ ਹੋਏ ਹਨ।

**2.4.5.2** ਸ਼ਾਹ ਹੁਸੈਨ ਦੇ ਕਲਾਮ ਬਾਰੇ ਚਰਚਾ ਕਰਦਾ ਹੋਇਆ ਡਾ. ਅਸਲਮ ਰਾਣਾ ਲਿਖਦਾ ਹੈ ਕਿ ਬਾਬਾ ਫ਼ਰੀਦ ਸ਼ਕਰਗੰਜ ਦੇ ਬਾਅਦ ਕੋਈ ਤਿੰਨ ਸਦੀਆਂ ਦੀ ਚੁੱਪ ਤੇ ਖ਼ਲਾਅ ਤੋਂ ਬਾਅਦ ਸ਼ਾਹ ਹੁਸੈਨ ਦਾ ਨਾਮ ਆਉਂਦਾ ਹੈ, ਜਿਨ੍ਹਾਂ ਦੀਆਂ ਕਾਫ਼ੀਆਂ, ਤਸਵੁਫ਼, ਮੌਸੀਕੀ ਅਤੇ ਅਵਾਮੀ ਮਕਬੂਲੀਅਤ ਦੇ ਇਤਬਾਰ ਨਾਲ ਉੱਚ ਦਰਜੇ ਦੀਆਂ ਹਾਸਿਲ ਨੇ (ਦਿਲਾਂ ਦਾ ਮਹਿਰਮ : ਸ਼ਾਹ ਹੁਸੈਨ)। ਸ਼ਾਹ ਹੁਸੈਨ ਦੇ ਜੀਵਨ ਨਾਲ ਸੰਬੰਧਿਤ ਇਕ ਹੋਰ ਵੇਰਵਾ ਮਾਧੋ ਨਾਲ ਨਾਲ ਉਨ੍ਹਾਂ ਦੇ ਇਸ਼ਕ ਦਾ ਹੈ। ਮਾਧੋ ਲਾਲ,

ਸ਼ਾਹਦਰੇ ਦਾ ਰਹਿਣ ਵਾਲਾ ਇਕ ਬ੍ਰਾਹਮਣ ਮੁੰਡਾ ਸੀ। ਉਹ ਸ਼ਾਹ ਹੁਸੈਨ ਦੀਆਂ ਮਜਲਿਸਾਂ ਵਿਚ ਆਇਆ ਕਰਦਾ ਸੀ। ਉਸ ਦੀ ਸੁੰਦਰਤਾ ਨੇ ਸ਼ਾਹ ਹੁਸੈਨ ਨੂੰ ਐਸਾ ਖਿੱਚਿਆ ਕਿ ਉਹ ਇਕ ਪਲ ਲਈ ਵੀ ਉਸਦੀ ਜੁਦਾਈ ਨੂੰ ਬਰਦਾਸ਼ਤ ਨਹੀਂ ਸੀ ਕਰ ਸਕਦਾ। ਮਾਧੋ ਦੇ ਪ੍ਰੇਮ ਨੇ ਹੁਸੈਨ ਵਿਚੋਂ ਦਵੈਤ ਭਾਵ ਨੂੰ ਸਾੜ ਕੇ ਸੁਆਹ ਕਰ ਦਿੱਤਾ। ਬਾਵਾ ਬੁੱਧ ਸਿੰਘ ਦੇ ਕਥਨ ਅਨੁਸਾਰ ਸ਼ਾਹ ਹੁਸੈਨ, ਗੁਰੂ ਅਰਜਨ ਦੇਵ ਜੀ ਨੂੰ ਵੀ ਮਿਲਿਆ ਸੀ ਅਤੇ ਆਪਣੀਆਂ ਕਾਫ਼ੀਆਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕਰਨ ਦੀ ਬੇਨਤੀ ਕੀਤੀ ਸੀ, ਜਿਸ ਨੂੰ ਗੁਰੂ ਸਾਹਿਬ ਨੇ ਅਸਵੀਕਾਰ ਕਰ ਦਿੱਤਾ ਸੀ।

### 2.4.5.3 ਕਾਵਿ ਕਲਾ :

ਸ਼ਾਹ ਹੁਸੈਨ ਨੇ ਆਪਣੇ ਸੂਫ਼ੀ ਅਨੁਭਵ ਦਾ ਪ੍ਰਗਟਾਵਾ ਕਾਫ਼ੀਆਂ ਦੇ ਮਾਧਿਅਮ ਦੁਆਰਾ ਕੀਤਾ। ਉਸ ਦੀਆਂ ਕਾਫ਼ੀਆਂ ਦਾ ਸਭ ਤੋਂ ਪੁਰਾਣਾ ਖਰੜਾ ਪੰਜਾਬ ਯੂਨੀਵਰਸਿਟੀ, ਲਾਹੌਰ ਵਿਚ ਪਿਆ ਹੈ। ਇਸ ਵਿਚ 45 ਕਾਫ਼ੀਆਂ ਸੰਕਲਿਤ ਹਨ। ਡਾ. ਮੋਹਨ ਸਿੰਘ ਦੀਵਾਨਾ ਨੇ ਆਪਣੀ ਪੁਸਤਕ 'ਮੁਕੰਮਲ ਕਲਾਮ ਸ਼ਾਹ ਹੁਸੈਨ ਲਾਹੌਰੀ' ਵਿਚ ਉਸ ਦੀਆਂ 162 ਕਾਫ਼ੀਆਂ ਦਿੱਤੀਆਂ ਹਨ। ਭਾਵੇਂ ਸ਼ਾਹ ਹੁਸੈਨ ਤੋਂ ਪਹਿਲਾਂ ਵੀ ਕਾਫ਼ੀ-ਰੂਪ' ਪੰਜਾਬੀ ਸਾਹਿੱਤ ਵਿਚ ਮਿਲਦਾ ਸੀ ਪਰ ਇਸ ਕਾਵਿ-ਰੂਪ ਨੂੰ ਜੋ ਪਰਿਪੱਕਤਾ ਅਤੇ ਕਲਾਤਮਕਤਾ ਸ਼ਾਹ ਹੁਸੈਨ ਨੇ ਦਿੱਤੀ। ਉਹ ਆਪਣੀ ਮਿਸਾਲ ਆਪ ਹੈ। ਇਨ੍ਹਾਂ ਕਾਫ਼ੀਆਂ ਵਿਚ ਇਸ਼ਕ ਦਾ ਤੀਬਰ ਅਹਿਸਾਸ ਅਭਿਵਿਅਕਤ ਹੋਇਆ ਹੈ। ਦੇਖੋ :

ਦਰਦ ਵਿਛੋੜੇ ਦਾ ਹਾਲ, ਨੀ ਮੈਂ ਕੈਨੂੰ ਆਖਾਂ।
ਸੂਲਾਂ ਮਾਰ ਦੀਵਾਨੀ ਕੀਤੀ
ਬਿਰਹੋਂ ਪਿਆ ਸਾਡੇ ਖ਼ਿਆਲ, ਨੀ ਮੈਂ ਕੈਨੂੰ ਆਖਾਂ।
ਧੁਖਣ ਧੂੰਏਂ ਸਾਹਾਂ ਵਾਲੇ
ਜਾਂ ਫੋਲਾਂ ਤਾਂ ਲਾਲ, ਨੀ ਮੈਂ ਕੈਨੂੰ ਆਖਾਂ।
ਸੂਲਾਂ ਦੀ ਰੋਟੀ ਦੁਖਾਂ ਦਾ ਬਾਲਣ
ਹੱਡਾਂ ਦਾ ਬਾਲਣ ਬਾਲ, ਨੀ ਮੈਂ ਕੈਨੂੰ ਆਖਾਂ।
ਜੰਗਲ ਜੰਗਲ ਫਿਰਾਂ ਢੂੰਡੇਂਦੀ
ਰਾਂਝਣ ਮੇਰੇ ਨਾਲ, ਨੀ ਮੈਂ ਕੈਨੂੰ ਆਖਾਂ।
ਕਹੈ ਹੁਸੈਨ ਫ਼ਕੀਰ ਸਾਂਈ ਦਾ
ਵੇਖ ਨਿਮਾਣਿਆਂ ਦਾ ਹਾਲ, ਨੀ ਮੈਂ ਕੈਨੂੰ ਆਖਾਂ।

**2.4.5.4** ਸ਼ਾਹ ਹੁਸੈਨ ਨੂੰ 'ਮਸਤੀ ਦਾ ਕਵੀ' ਕਿਹਾ ਜਾਂਦਾ ਹੈ। ਮਸਤੀ, ਸੂਫ਼ੀਆਂ ਦੀ 'ਹਾਲ-ਅਵਸਥਾ' ਜਾਂ ਬੇਖ਼ੁਦੀ ਦੀ ਅਵਸਥੀ ਨੂੰ ਪ੍ਰਗਟ ਕਰਨ ਵਾਲਾ ਸ਼ਬਦ ਹੈ। ਸ਼ਾਹ ਹੁਸੈਨ ਪ੍ਰਭੂ ਨੂੰ ਹਰ ਥਾਂ ਹਾਜ਼ਰ-ਨਾਜ਼ਰ ਵੇਖਦਾ ਹੈ। ਉਹ ਮਨੁਖ ਨੂੰ ਚੰਗੇ ਕਰਮ ਕਰਨ ਲਈ ਪ੍ਰੇਰਦਾ ਹੈ ਕਿਉਂਕਿ ਪ੍ਰਭੂ ਦੀ ਦਰਗਾਹ ਵਿਚ ਮਨੁਖ ਦੇ ਚੰਗੇ-ਮੰਦੇ ਕਰਮ ਦੇਖ ਕੇ ਹੀ ਉਸ ਬਾਰੇ ਕੋਈ ਫ਼ੈਸਲਾ ਲਿਆ ਜਾਂਦਾ ਹੈ। ਇਸ ਪ੍ਰਸੰਗ ਵਿਚ ਸ਼ਾਹ-ਹੁਸੈਨ ਦਾ ਇਕ ਕਾਵਿ-ਕਥਨ ਦੇਖੋ :

ਅਮਲਾਂ ਦੇ ਉਪਰ ਹੋਗ ਨਿਬੇੜਾ, ਕਿਆ ਸੂਫ਼ੀ ਕਿਆ ਭੰਗੀ।
ਜੋ ਰੱਬ ਭਾਵੈ ਸੋਈ ਥੀਸਾ, ਸਾਈ ਬਾਤ ਹੈ ਚੰਗੀ।
ਆਪੇ-ਏਕ ਅਨੇਕ ਕਹਾਵੈ। ਸਾਹਿਬ ਹੈ ਬਹੁ ਰੰਗੀ।
ਕਹੈ ਹੁਸੈਨ ਸੁਹਾਗਣਿ ਸੋਈ। ਜੋ ਸ਼ਹੁ ਦੇ ਰੰਗ ਰੰਗੀ।

**2.4.5.5** ਸ਼ਾਹ ਹੁਸੈਨ ਦੀ ਕਾਵਿ ਕਲਾ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਾ ਹੋਇਆ ਮੀਆਂ ਮੌਲਾਂ ਬਖਸ਼ ਕੁਸ਼ਤਾ ਲਿਖਦਾ ਹੈ, ਸ਼ਾਹ ਹੁਸੈਨ ਨੂੰ ਖ਼ਿਆਲ ਆਇਆ ਕਿ ਠੁਮਰੀ, ਦਾਦਰਾ, ਖ਼ਿਆਲ ਆਦਿ ਦੇ ਬੋਲਾਂ ਨੂੰ ਹਿੰਦੀ ਦੀ ਥਾਂ ਪੰਜਾਬੀ ਵਿਚ ਪੇਸ਼ ਕੀਤਾ ਜਾਵੇ। ਸੋ ਉਨ੍ਹਾਂ ਨੇ ਮੁਖ਼ਤਲਿਫ਼ ਰਾਗਾਂ ਵਿਚ ਕਾਫ਼ੀਆਂ ਲਿਖੀਆਂ, ਜੋ ਪੰਜਾਬੀ ਬੋਲੀ ਵਿਚ ਪਹਿਲੀ ਸਫ਼ਲ ਕੋਸ਼ਿਸ਼ ਅਤੇ ਮਾਨਯੋਗ ਸਰਮਾਇਆ ਹੈ। ਉਸ ਦੁਆਰਾ ਵਰਤੇ ਗਏ ਕੁਝ ਪ੍ਰਮੁਖ ਰਾਗ ਇਹ ਹਨः ਸ੍ਰੀ ਰਾਗ, ਮਾਝ, ਗਉੜੀ, ਆਸਾ, ਸੋਰਠਿ, ਧਨਾਸਰੀ, ਜੈਜਾਵੰਤੀ, ਤਿਲੰਗਾ, ਸਿੰਧੜਾ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਢੋਲਾ, ਖਟ, ਤੁਖਾਰੀ, ਕਿਦਾਰਾ, ਭੈਰਵੀ, ਬਸੰਤ, ਹਿੰਡੋਲ, ਸਾਰੰਗ, ਕਾਨੜਾ ਅਤੇ ਕਲਿਆਣ। ਸ਼ਾਹ ਹੁਸੈਨ ਦੀ ਬੋਲੀ ਠੇਠ ਪੰਜਾਬੀ ਹੈ। ਡਾ. ਜੀਤ ਸਿੰਘ ਸੀਤਲ ਦੇ ਸ਼ਬਦਾਂ ਵਿਚ ''ਉਸਦੀ ਰਚਨਾ ਵਿਚ ਰਸ, ਲੋਚ, ਮਿਠਾਸ ਅਤੇ ਰਵਾਨੀ ਦੇ ਨਾਲ-ਨਾਲ ਜੋਸ਼ ਹੈ। ਤਸਵੁਫ਼ ਵਿਚ ਉਚ-ਖ਼ਿਆਲੀ ਹੈ, ਅਧਿਆਤਮਕਤਾ ਹੈ। ਨਿਮਰਤਾ ਹੈ। ਆਜਜ਼ੀ ਹੈ। ਇਖ਼ਲਾਕ ਹੈ। ਫ਼ਲਸਫ਼ਾ ਹੈ ਤੇ ਮੁਹੱਬਤ ਦੀ ਸਿੱਖਿਆ ਹੈ। ਉਸ ਨੇ ਕਿਸੇ ਵੀ ਕਾਫ਼ੀ ਵਿਚ ਸ਼ਰਾਬ, ਰਾਗ-ਰੰਗ ਜਾਂ ਬੁਲ੍ਹੇ ਵਰਗਾ ਹਾਸਾ-ਠੱਠਾ ਪੇਸ਼ ਨਹੀਂ ਕੀਤਾ ਸਗੋਂ ਬਾਬਾ ਫ਼ਰੀਦ ਵਾਂਗ ਦੱਸਿਆ ਹੈ ਕਿ ਦੁਨੀਆਂ ਨਾਸ਼ਮਾਨ ਹੈ। ਮਾਲ, ਧਨ, ਦੌਲਤ ਸਭ ਵਕਤੀ ਹਨ। (ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਪੰਨਾ 311)

**2.4.5.6** ਸ਼ਾਹ ਹੁਸੈਨ ਨੇ ਪਹਿਲੀ ਵਾਰ ਪੰਜਾਬੀ ਕਵਿਤਾ ਵਿਚ ਈਰਾਨੀ ਸਭਿਆਚਾਰ ਵਾਲੇ ਨਿੱਘੇ, ਧੜਕਦੇ ਅਤੇ ਵੇਗਮਈ ਇਸ਼ਕ ਦੇ ਜਜ਼ਬੇ ਨੂੰ ਰੂਪਮਾਨ ਕੀਤਾ ਹੈ। ਵਲਵਲੇ ਦੀ ਤੀਖਣਤਾ, ਜਜ਼ਬੇ ਦੀ ਡੂੰਘਾਈ, ਦੇਸੀ ਚੌਗਿਰਦੇ ਵਿਚੋਂ ਲਈ ਬਿੰਬਾਵਲੀ ਨਾਲ ਭਖ਼ਦੀ, ਤਰਲ ਅਤੇ ਲਹਿੰਦੀ ਦੀ ਮਿੱਸ ਵਾਲੀ ਬੋਲੀ ਦੀ ਵਰਤੋਂ ਵਿਚ ਹੋਰ ਕੋਈ ਸੂਫ਼ੀ ਕਵੀ ਸ਼ਾਹ ਹੁਸੈਨ ਦੀ ਬਰਾਬਰੀ ਨਹੀਂ ਕਰ ਸਕਦਾ। ਉਸਦੇ ਅਲੰਕਾਰ ਅਤੇ ਪ੍ਰਤੀਕ ਨਿਤਾਪ੍ਰਤੀ ਦੇ ਜੀਵਨ ਵਿਚੋਂ ਲਏ ਗਏ ਹਨ, ਜਿਵੇਂ : ਪੂਣੀ, ਚਰਖ਼ਾ, ਛੱਲੀ, ਬਇੜ, ਤੰਦ, ਅਟੇਰਨ, ਤਾਣਾ, ਨਲੀਆਂ, ਮੰਨੇ, ਗੋੜ੍ਹ, ਪੱਛੀ, ਖੱਡੀ, ਅੱਟੀਆਂ, ਡੋਲੀ, ਕਹਾਰ, ਖੂਹ, ਲੱਜ, ਪਾਣੀ, ਆਤਣ, ਜੰਗਲ ਅਤੇ ਹਲਟ ਆਦਿਕ। ਉਸਦਾ ਪ੍ਰਤੀਕਾਤਮਕ ਅਭਿਵਿਅੰਜਨ, ਅਧਿਆਤਮਕ ਜਗਤ ਦੀ ਪੇਸ਼ਕਾਰੀ ਵਾਸਤੇ ਪੂਰੀ ਤਰ੍ਹਾਂ ਸਮਰੱਥ ਸਿੱਧ ਹੁੰਦਾ ਹੈ।

## 2.4.6.1 ਸੁਲਤਾਨ ਬਾਹੂ (1630-1691)

ਹਜ਼ਰਤ ਸੁਲਤਾਨ ਬਾਹੂ ਦਾ ਸੰਬੰਧ ਸੂਫ਼ੀਆਂ ਦੇ ਸਰਵਰੀ ਕਾਦਿਰੀ ਫ਼ਿਰਕੇ ਨਾਲ ਸੀ। ਉਸ ਦੇ ਵਡਿੱਕੇ ਅਰਬ ਤੋਂ ਹਿਜਰਤ ਕਰਕੇ ਝੰਗ ਵਿਚ ਆਣ ਵੱਸੇ ਸਨ। ਉਸਦਾ ਜਨਮ ਝੰਗ ਦੇ ਇਕ ਪਿੰਡ ਅਵਾਣ ਵਿਚ ਹੋਇਆ ਸੀ। ਮੌਲਾ ਬਖ਼ਸ਼ ਕੁਸ਼ਤਾ ਨੇ ਆਪ ਨੂੰ ਜਮਾਂਦਰੂ ਵਲੀ ਅਤੇ ਅੱਲਾਹ ਲੋਕ ਮੰਨਿਆ ਹੈ। ਸੁਲਤਾਨ ਬਾਹੂ ਆਪਣੀ ਸ਼ਨਾਖ਼ਤ ਬਾਰੇ ਗੱਲ ਕਰਦਾ ਹੋਇਆ ਆਪਣੀ ਪੁਸਤਕ 'ਐਨੁਲ ਫ਼ਕਰ' ਵਿਚ ਲਿਖਦਾ ਹੈ ਕਿ ਉਸਦੀ ਮਾਤਾ ਬੀਬੀ ਰਾਸਤੀ ਨੇ ਉਸਦਾ ਨਾਮ 'ਬਾਹੂ' (ਬਾ+ਹੂ = ਉਸ ਅਲ੍ਹਾ ਦੇ ਨਾਲ ਰਹਿਣ ਵਾਲਾ) ਰੱਖ ਕੇ ਉਸਨੂੰ ਅਜਿਹਾ ਸੰਸਕਾਰ ਬਖ਼ਸ਼ਿਆ ਹੈ ਕਿ ਉਹ ਸਦਾ ਅਲ੍ਹਾ ਦੇ ਅੰਗ-ਸੰਗ ਰਹਿੰਦਾ ਹੈ। ਇਸ ਪ੍ਰਸੰਗ ਨੂੰ ਹੋਰ ਅੱਗੇ ਵਧਾਉਂਦਾ ਹੋਇਆ ਮੁਮਤਾਜ਼ ਬਲੋਚ ਝੰਗ ਲਿਖਦਾ ਹੈ ਕਿ ਬਾਹੂ ਨੇ ਆਪਣੇ ਸਾਹ ਨਾਲ ਤੇ ਆਪਣੇ ਕਲਾਮ ਨਾਲ 'ਹੂ' (ਅਲ੍ਹਾ) ਦਾ ਜ਼ਿਕਰ ਇੰਜ ਕੀਤਾ ਹੈ ਕਿ 'ਹੂ' ਦੇ ਜ਼ਿਕਰ ਨਾਲ ਬਾਹੂ ਦਾ ਅਤੇ ਬਾਹੂ ਦੇ ਜ਼ਿਕਰ ਨਾਲ 'ਹੂ' ਦਾ ਜ਼ਿਕਰ ਆਪਣੇ ਆਪ ਹੋ ਜਾਂਦਾ ਹੈ। (ਲਹਿਰਾਂ, ਮਈ 1985)। ਬਾਹੂ ਦੀਆਂ ਸਭ ਸੀਹਰਫੀਆਂ 'ਹੂ' ਦੀ ਹੇਕ ਵਾਲੀਆਂ ਹਨ ਅਤੇ ਇਹ ਪੰਜਾਬੀ ਸੂਫ਼ੀ ਕਾਵਿ ਦਾ ਮੀਲ-ਪੱਥਰ ਬਣੀਆਂ ਹੋਈਆਂ ਹਨ। ਦੇਖੋ :

ਅਲਿਫ਼-ਇਹ ਤਨ ਮੇਰਾ ਚਸ਼ਮਾਂ ਹੋਵੇ, ਮੁਰਸ਼ਿਦ ਵੇਖ ਨ ਰੱਜਾਂ ਹੂ।
ਲੂੰ ਲੂੰ ਦੇ ਮੁੱਢ ਲੱਖ ਲੱਖ ਚਸ਼ਮਾਂ, ਇਕ ਖੋਲ੍ਹਾਂ ਇਕ ਕੱਜਾਂ ਹੂ।
ਇਤਨਾ ਡਿੱਠਿਆ ਸਬਰ ਨ ਆਵੇ, ਹੋਰ ਕਿਤਹਿ ਵਲ ਭੱਜਾਂ ਹੂ।
ਮੁਰਸ਼ਿਦ ਦਾ ਦੀਦਾਰ ਹੈ ਬਾਹੂ, ਲੱਖ ਕਰੋੜਾਂ ਹੱਜਾਂ ਹੂ।

**2.4.6.2** ਸੁਲਤਾਨ ਬਾਹੂ ਅਰਬੀ ਅਤੇ ਫ਼ਾਰਸੀ ਦਾ ਵਿਦਵਾਨ ਸੀ। 'ਤਵਾਰੀਖ਼ੇ ਸੁਲਤਾਨ ਬਾਹੂ' ਅਨੁਸਾਰ ਉਸਨੇ 140 ਪੁਸਤਕਾਂ ਅਰਬੀ ਅਤੇ ਫ਼ਾਰਸੀ ਵਿਚ ਲਿਖੀਆਂ। ਪੰਜਾਬੀ ਵਿਚ ਉਸ ਦੀਆਂ ਸੀਹਰਫ਼ੀਆਂ ਅਤੇ ਦੋਹੜੇ ਹੀ ਪ੍ਰਾਪਤ ਹੁੰਦੇ ਹਨ। ਉਹ ਰੱਬ ਅਤੇ ਮਨੁੱਖੀ ਏਕਤਾ ਤੇ ਅਭੇਦਤਾ ਦੇ ਭਾਵਾਂ ਨੂੰ ਬੜੀ ਸ਼ਿੱਦਤ ਨਾਲ ਬਿਆਨ ਕਰਦਾ ਹੈ। ਬਾਹੂ ਨੇ ਇਸ਼ਕ ਮਿਜ਼ਾਜੀ ਅਤੇ ਇਸ਼ਕ ਹਕੀਕੀ ਦੋਹਾਂ ਦੇ ਬਾਰੇ ਵਿਚ ਖੁਲ੍ਹ ਕੇ ਲਿਖਿਆ ਹੈ। ਉਸਨੇ ਆਪਣੀਆਂ ਰਚਨਾਵਾਂ ਵਿਚ ਦਰਸਾਇਆ ਹੈ ਕਿ ਇਸ਼ਕ ਦਾ ਦਰਜਾ ਈਮਾਨ ਤੋਂ ਉੱਚਾ ਹੈ। ਇਸ਼ਕ ਦਾ ਦਰਜਾ ਇਲਮ ਤੋਂ ਵੀ ਉੱਚਾ ਹੈ ਅਤੇ ਇਸ਼ਕ ਕੁਰਬਾਨ ਹੋਣਾ ਜਾਣਦਾ ਹੈ। ਉਸਦੇ ਕਲਾਮ ਵਿਚ ਤਵੱਕਲ (ਭਰੋਸਾ)। ਫ਼ਕਰ (ਫ਼ਕੀਰੀ), ਜ਼ਿਕਰ (ਸਿਮਰਨ) ਤੌਹੀਦ (ਅਦਵੈਤ)। ਵਹਿਦਤ (ਭਗਤੀ), ਫ਼ਿਕਰ (ਚਿੰਤਨ), ਆਰਿਫ਼ (ਬ੍ਰਹਮ ਗਿਆਨ) ਆਦਿਕ ਸੰਕਲਪ ਮਿਲਦੇ ਹਨ। ਉਸਨੇ ਪੰਜਾਬੀ ਕਾਵਿ ਵਿਚ ਪਹਿਲੀ ਵਾਰ 'ਸੀਹਰਫ਼ੀ' ਕਾਵਿ-ਰੂਪ ਦਾ ਪ੍ਰਯੋਗ ਕੀਤਾ ਅਤੇ ਇਸਨੂੰ ਸਿਖਰ ਤੇ ਲੈ ਗਿਆ। ਬਾਹੂ ਦੇ ਦੋਹੜਿਆਂ ਦਾ ਛੰਦ ਤਾਟੰਕ ਹੈ। ਜਿਸ ਦੀ ਹਰ ਤੁਕ ਵਿਚ 16ਰ14 ਤੇ ਬਿਸਰਾਮ ਹੁੰਦਾ ਹੈ। ਦਵਈਏ ਦੇ ਮਗਰ ਦੋ ਮਾਤ੍ਰਾਵਾਂ ਵਧਾ ਦੇਣ ਨਾਲ ਤਾਟੰਕ ਛੰਦ ਬਣ ਜਾਂਦਾ ਹੈ। ਡਾ. ਮੋਹਨ ਸਿੰਘ ਦੀਵਾਨਾ ਨੇ 'ਸੂਫ਼ੀਆਂ ਦਾ ਕਲਾਮ' ਪੁਸਤਕ ਵਿਚ ਸੁਲਤਾਨ ਬਾਹੂ ਦਾ ਇਕ 'ਮਾਂਹਗਾ' (ਉਹ ਦਾਹੜੀ ਹੈ ਪੁਰ ਮੂੰਹ ਤਵੀਜ਼ਾਂ ਵਾਲੜੀਏ!) ਵੀ ਦਿੱਤਾ ਹੈ।

## 2.4.7.1 ਸ਼ਾਹ ਸ਼ਰਫ਼ ਬਟਾਲਵੀ (1640–1724)

ਸ਼ਾਹ ਸ਼ਰਫ ਦੇ ਵੱਡੇ-ਵਡੇਰੇ ਖੱਤਰੀ ਸਨ। ਜਿਨ੍ਹਾਂ ਨੇ ਪਿਛੋਂ ਇਸਲਾਮ ਕਬੂਲ ਲਿਆ ਸੀ। ਰੂਹਾਨੀ ਤਾਲੀਮ ਹਾਸਲ ਕਰਨ ਲਈ ਉਹ ਬਟਾਲੇ ਤੋਂ ਲਾਹੌਰ ਆ ਗਿਆ ਅਤੇ ਸ਼ੇਖ਼ ਮੁਹੰਮਦ ਫ਼ਾਜ਼ਿਲ ਕਾਦਰੀ ਨੂੰ ਮੁਰਸ਼ਿਦ ਧਾਰ ਕੇ ਫ਼ਕੀਰੀ ਦੇ ਮਾਰਗ ਉੱਤੇ ਤੁਰ ਪਿਆ। ਉਸ ਦੇ ਕਲਾਮ ਵਿਚ ਰੱਬ ਨਾਲ ਮਿਲਣ ਦੀ ਤਾਂਘ ਦ੍ਰਿਸ਼ਟੀਗੋਚਰ ਹੁੰਦੀ ਹੈ। ਉਸਨੇ ਤਿਆਗ, ਸਿਮਰਨ, ਸੇਵਾ ਅਤੇ ਰੱਬੀ ਇਸ਼ਕ ਆਦਿਕ ਵਿਸ਼ਿਆਂ ਨੂੰ ਬਿਆਨ ਕੀਤਾ ਹੈ। ਸ਼ਾਹ ਸ਼ਰਫ਼ ਦੀ ਇਕ ਰਚਨਾ 'ਸ਼ੁਤਰਨਾਮ' ਵਿਚ 'ਉਠ' ਦੇ ਰੂਪਕ ਦੁਆਰਾ ਰੂਹਾਨੀ ਭੇਤਾਂ ਨੂੰ ਪ੍ਰਗਟ ਕੀਤਾ ਹੈ। ਸ਼ੁਤਰ ਨੂੰ ਆਪਣੇ ਰੱਬ ਉੱਤੇ ਪੂਰਨ ਭਰੋਸਾ ਹੈ। ਇਸ ਲਈ ਉਸ ਨੇ ਆਪਣੇ ਨੱਕ ਵਿਚ ਦਰਵੇਸ਼ੀ ਦੀ ਨਕੇਲ ਪੁਆ ਲਈ ਹੈ। ਏਸੇ ਦੇ ਫ਼ਲਸਰੂਪ ਉਸ ਨੂੰ ਰੂਹਾਨੀ ਭੇਤ ਸਮਝ ਆਉਣ ਲੱਗੇ ਹਨ :

ਜੇਕਰ ਸ਼ੁਤਰ ਕਬੂਲ ਨਾਂਹ ਕਰਦਾ, ਸੱਤੇ ਰੋਜ਼ ਅਜ਼ਲ।
ਵਾਕਿਫ਼ ਰਮਜ਼ ਨਾਂਹ ਹੁੰਦਾ ਮੂੜਕੇ, ਇਸ਼ਕ ਹਮੇਲ ਨਾ ਪਾਉਂਦਾ ਗਲ।

## 2.4.8.1 ਬੁਲ੍ਹੇ ਸ਼ਾਹ (1680–1758)

ਅਬਦੁੱਲਾ ਜਾਂ ਬੁਲ੍ਹੇ ਸ਼ਾਹ ਦਾ ਜਨਮ ਪਿੰਡ ਪਾਂਡੋਕੇ (ਤਹਿਸੀਲ ਕਸੂਰ ਜ਼ਿਲਾ ਲਾਹੌਰ) ਵਿਚ ਸਖੀ ਮੁਹੰਮਦ ਦਰਵੇਸ਼ ਦੇ ਘਰ ਹੋਇਆ। ਕਸੂਰ ਦੇ ਮੌਲਵੀ ਗ਼ੁਲਾਮ ਮੁਰਤਜ਼ਾ ਪਾਸੌਂ ਸਿੱਖਿਆ ਪ੍ਰਾਪਤ ਕੀਤੀ। ਬਾਅਦ ਵਿਚ ਉਹ ਇਨਾਇਤ ਸ਼ਾਹ ਬਾਦਰੀ (ਅਰਾਈ) ਦਾ ਮੁਰੀਦ ਬਣ ਗਿਆ। ਜਦੋਂ ਬੁਲ੍ਹੇ ਸ਼ਾਹ ਨੇ ਸ਼ਾਹ ਸਾਹਿਬ ਪਾਸ ਰੱਬ ਨੂੰ ਪਾਉਣ ਦੀ ਬੇਨਤੀ ਕੀਤੀ ਤਾਂ ਉਸ ਨੇ ਕਿਹਾ : ਬੁਲ੍ਹਿਆ! ਰੱਬ ਦਾ ਕੀ ਪਾਉਣਾ, ਇਧਰੋਂ ਪੱਟਣਾ ਤੇ ਓਧਰ ਲਾਉਣਾ। ਬੁਲ੍ਹਾ ਇਸ ਰਮਜ਼ ਨੂੰ ਸਮਝ ਗਿਆ ਕਿ ਦੁਨੀਆਂ ਤੋਂ ਮਨ ਨੂੰ ਮੋੜ

ਕੇ ਰੱਬ ਦੀ ਦਿਸ਼ਾ ਵੱਲ ਲੈ ਜਾਣਾ ਹੀ ਰੱਬ ਦੀ ਪ੍ਰਾਪਤੀ ਦਾ ਮੁਢਲਾ ਅਸੂਲ ਹੈ। ਬੁਲ੍ਹੇ ਸ਼ਾਹ ਨੇ ਆਪਣੀਆਂ ਕਾਫ਼ੀਆਂ ਵਿਚ ਇਨਾਇਤ ਸ਼ਾਹ ਦੀ ਅਜ਼ਮਤ ਬਾਰੇ ਕਈ ਥਾਵਾਂ ਤੇ ਸੰਕੇਤ ਕੀਤਾ ਹੈ ਜਿਵੇਂ:

ਜਿਹੜਾ ਸਾਨੂੰ ਸੱਯਦ ਆਖੇ। ਦੋਜ਼ਖ ਮਿਲਣ ਸਜ਼ਾਈਆਂ।
ਜਿਹੜਾ ਸਾਨੂੰ ਰਾਈਂ ਆਖੇ, ਬਹਿਸ਼ਤੀਂ ਪੀਂਘਾਂ ਪਾਈਆਂ।
ਜੇ ਤੂੰ ਲੋੜੇਂ ਬਾਗ਼ ਬਹਾਰਾਂ, ਤਾਲਿਬ ਹੋ ਜਾ ਰਾਈਆਂ।

**2.4.8.2** ਡਾ. ਅਸਲਮ ਰਾਣਾ ਨੇ ਬੁਲ੍ਹੇ ਸ਼ਾਹ ਨੂੰ 'ਪੰਜਾਬੀ ਦਾ ਬੇਬਾਕ ਸ਼ਾਇਰ' ਅਤੇ 'ਹਕੀਕਤਾਂ ਦਾ ਤਰਜਮਾਨ' ਆਖਿਆ ਹੈ। (ਰਮਜ਼ ਰਵਾਇਤ, ਪੰਨਾ 119) ਬੁਲ੍ਹੇ ਸ਼ਾਹ ਦੇ ਕਾਵਿ ਦਾ ਕੇਂਦਰੀ ਸੰਕਲਪ ਇਸ਼ਕ ਹੈ। ਉਹ ਸ਼ਰ੍ਹਾ ਦੀ ਪਾਬੰਦੀ ਨੂੰ ਸਵੀਕਾਰ ਨਹੀਂ ਕਰਦਾ। ਇਸ ਪ੍ਰਸੰਗ ਵਿਚ ਉਸਦੀ ਇਕ ਕਾਫ਼ੀ ਦੇ ਕੁਝ ਅੰਸ਼ ਦੇਖੋ:

ਫੂਕ ਮੁਸਲਾ ਭੰਨ ਸੁਟ ਲੋਟਾ।
ਨਾ ਫੜ ਤਸਬੀ ਕਾਸਾ ਸੋਟਾ।
ਆਸ਼ਕ ਕਹਿੰਦਾ ਦੇ ਦੇ ਹੋਕਾ।
ਤਰਕ ਹਲਾਲੋਂ ਖਾਹ ਮੁਰਦਾਰ।
ਇਸ਼ਕ ਦੀ ਨਵੀਉਂ ਨਵੀਂ ਬਹਾਰ।

**2.4.8.3** ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚ ਮੁਰਸ਼ਿਦ-ਭਗਤੀ ਉੱਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਮੁਰਸ਼ਿਦ ਨਾਲ ਇਸ਼ਕ ਕਮਾਉਣ ਦੁਆਰਾ ਰਸੂਲ ਅਤੇ ਰੱਬ ਦੀ ਪ੍ਰਾਪਤੀ ਹੋ ਸਕਦੀ ਹੈ। ਮੁਰਸ਼ਿਦ-ਭਗਤੀ ਵਿਚ ਬੁਲ੍ਹਾ, ਈਰਾਨਦੇ ਪ੍ਰਸਿੱਧ ਕਵੀ ਮੌਲਾਨਾ ਰੂਮੀ ਨਾਲ ਰਲਦਾ-ਮਿਲਦਾ ਹੈ, ਜਿਸ ਦੀਆਂ ਆਪਣੇ ਮੁਰਸ਼ਿਦ ਸ਼ਮਸ ਤਬਰੇਜ਼ ਨਾਲ ਇਸ਼ਕ ਦੀਆਂ ਕਥਾਵਾਂ ਪੂਰੇ ਵਿਸ਼ਵ ਵਿਚ ਪ੍ਰਸਿੱਧ ਹਨ। ਇਕ ਵਾਰ ਸ਼ਾਹ ਇਨਾਇਤ, ਬੁਲ੍ਹੇ ਦੀਆਂ ਸ਼ਰ੍ਹਾ ਵਿਰੋਧੀ ਟਿੱਪਣੀਆਂ ਸੁਣ ਕੇ ਉਸ ਨਾਲ ਸਖ਼ਤ ਨਾਰਾਜ਼ ਹੋ ਗਿਆ ਸੀ ਅਤੇ ਉਸਨੂੰ ਮਿਲਣਾ-ਜੁਲਣਾ ਬੰਦ ਕਰ ਦਿੱਤਾ ਸੀ। ਵਿਛੋੜੇ ਦੀ ਇਸ ਅਵਸਥਾ ਨੂੰ ਬੁਲ੍ਹੇ ਸ਼ਾਹ ਨੇ ਅਨੁਭਵ ਅਤੇ ਅਨੁਭੂਤੀ ਦੀ ਜਿਸ ਸ਼ਿੱਦਤ ਨਾਲ ਬਿਆਨ ਕੀਤਾ ਹੈ, ਉਹ ਪੰਜਾਬੀ ਸੂਫ਼ੀ ਕਵਿਤਾ ਨੂੰ ਨਵੀਆਂ ਸਿਖਰਾਂ ਤੇ ਲੈ ਜਾਂਦੀ ਹੈ। ਦੇਖੋ:

ਬਹੁੜੀ ਵੇ ਤਬੀਬਾ, ਮੈਂਡੀ ਜਿੰਦ ਗਈਆ।
ਤੈਂਡੇ ਇਸ਼ਕ ਨਚਾਇਆ, ਕਰਕੇ ਥਈਆ ਥਈਆ।
ਇਸ਼ਕ ਡੇਰਾ ਮੇਰੇ ਅੰਦਰ ਕੀਤਾ।
ਭਰ ਕੇਜ਼ਹਿਰ ਪਿਆਲਾ ਪੀਤਾ।
ਝਬਦੀ ਆਵੀਂ ਵੇ ਤਬੀਬਾ ਨਹੀਂ ਤੇ ਮੈ ਮਰ ਗਈਆ।
ਤੈਡੇ ਇਸ਼ਕ ਨਚਾਇਆ, ਕਰਕੇ ਥਈਆ ਥਈਆ।੩

**2.4.8.4** ਬੁਲ੍ਹੇ ਸ਼ਾਹ ਇਕ ਸਪਸ਼ਟ ਵਕਤਾ ਸੂਫ਼ੀ ਕਵੀ ਸੀ। ਉਹ ਨਿਝੱਕ ਹੋ ਕੇ ਖਰੀਆਂ-ਖਰੀਆਂ ਕਹਿਣ ਦਾ ਆਦੀ ਸੀ। ਉਹ ਧਰਮਸਾਲਾ ਵਿਚ ਬੈਠ ਕੇ ਅਧਰਮ ਕਰਨ ਵਾਲੇ ਕਥਿਤ ਧਾਰਮਿਕ ਆਗੂਆਂ ਨੂੰ 'ਧੜਵਈ' ਕਹਿੰਦਾ ਹੈ ਅਤੇ ਠਾਕੁਰਦੁਆਰਿਆਂ ਵਿਚ ਬੈਠੇ ਦੰਭੀ ਲੋਕਾਂ ਨੂੰ 'ਠੱਗ' ਆਖਦਾਹੈ। ਬੁਲ੍ਹੇ ਸ਼ਾਹ ਦਾ ਨਿਸਚਾ ਹੈ ਕਿ ਜਿੰਨੀ ਦੇਰ ਤੱਕ ਮਨੁੱਖ ਸੱਚੇ ਦਿਲੋਂ ਪਰਮਾਤਮਾ ਦਾ ਨਹੀ ਹੁੰਦਾ, ਓਨਾ ਚਿਰ

ਉਸਦੇ ਸਾਰੇ ਧਰਮ-ਕਰਮ ਪਾਖੰਡ ਹੁੰਦੇ ਹਨ। ਉਹ ਕੇਵਲ ਲੋਕ-ਦਿਖਾਵੇ ਲਈ ਸ਼ਰ੍ਹਾ ਦਾ ਪਾਲਣ ਕਰਦਾ ਹੈ। ਬੁਲ੍ਹਾ ਆਪਣੀ ਇਸ ਧਾਰਨਾ ਨੂੰ ਬੜੇ ਸਪਸ਼ਟ ਢੰਗ ਨਾਲ ਬਿਆਨ ਕਰਦਾ ਹੈ:

ਐਵੇਂ ਮੱਥਾ ਜ਼ਿਮੀਂ ਘਸਾਈਦਾ।
ਲੰਮਾ ਪੈ ਮਹਿਰਾਬ ਦਿਖਾਈਦਾ।
ਪੜ੍ਹ ਕਲਮਾ ਲੋਕ ਹਸਾਈਦਾ।
ਦਿਲ ਅੰਦਰ ਸਮਝ ਨ ਲਿਆਈਦਾ।
ਕਦੀ ਬਾਤ ਵੀ ਸੱਚੀ ਲੁਕਦੀ ਏ।
ਇਕ ਨੁਕਤੇ ਵਿਚ ਗੱਲ ਮੁਕਦੀ ਏ।

**2.4.8.5** ਬੁਲ੍ਹੇ ਸ਼ਾਹ ਇਕ ਅਦਵੈਤਵਾਦੀ ਸੂਫ਼ੀ ਕਵੀ ਸੀ। ਉਸ ਨੇ ਇਹ ਮਹਿਸੂਸ ਕਰ ਲਿਆ ਸੀ ਕਿ 'ਫ਼ਤਹਿ ਮੁਹੰਮਦ' ਜਾਂ 'ਰਾਮਦਾਸ' ਵਿਚ ਉਸੇ ਅਲ੍ਹਾ ਦਾ ਵਜੂਦ ਧੜਕਦਾ ਹੈ। ਨਾ ਉਹ ਮੋਮਿਨ ਹੈ, ਨਾ ਕਾਫ਼ਿਰ ਹੈ; ਨਾਪਾਕ ਹੈ, ਨਾ ਪਲੀਤ ਹੈ; ਨਾ ਮੂਸਾ ਹੈ ਨਾ ਫਰਊਨ ਹੈ। ਉਹ ਜੋ ਹੈ, ਸੋ ਹੈ। ਬੁਲ੍ਹੇ ਸ਼ਾਹ ਦੇ ਇਸੇ ਅਦਵੈਤਵਾਦ ਦੇ ਕਾਰਨ ਉਸ ਨੂੰ ਸੂਫ਼ੀਆਂ ਵਿਚ ਸ਼ਿਰੋਮਣੀ ਸਥਾਨ ਹਾਸਲ ਹੈ (ਡਾ. ਲਾਜਵੰਤੀ ਰਾਮ ਕ੍ਰਿਸ਼ਨ, ਪੰਜਾਬੀ ਸੂਫ਼ੀ ਪੋਇਟਸ)। ਬੁਲ੍ਹੇ ਸ਼ਾਹ ਦੀ ਕੁਲ ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ : 158 ਕਾਫ਼ੀਆਂ, 48 ਦੋਹੜੇ, 40 ਗੰਢਾਂ, 3 ਸੀਹਰਫ਼ੀਆਂ, 1 ਅਠਵਾਰਾ, 1 ਬਾਰਾਮਾਹ, 1 ਡਾ. ਮੁਹੰਮਦ ਬਾਕਰ ਨੇ ਬੁਲ੍ਹੇ ਸ਼ਾਹ ਨੂੰ 'ਤਜਰਬੇ ਤੇ ਮੁਸ਼ਾਹਦੇ ਦਾ ਬਾਦਸ਼ਾਹ' ਕਿਹਾ ਹੈ (ਲਹਿਰਾਂ, ਅਕਤੂਬਰ 1991) ਇਹ ਤਜਰਬਾ ਇਕ ਪਾਸੇ ਸ਼ਰੀਅਤ ਅਨੁਸਾਰ ਜੀਵਨ ਨੂੰ ਅਮਲ ਵਿਚ ਢਾਲ ਕੇ ਪ੍ਰਾਪਤ ਹੁੰਦਾ ਹੈ ਤਾਂ ਦੂਜੇ ਪਾਸੇ ਬੁਲ੍ਹੇ ਸ਼ਾਹ ਮਾਨਵੀ ਹਸਤੀ ਨੂੰ ਦੁਰਲਭ ਕਹਿ ਕੇ ਇਸਦਾ ਯੋਗ ਮੁੱਲ ਪਾਉਣ ਦੀ ਸਿੱਖਿਆ ਦੇ ਰਿਹਾ ਹੈ। ਉਹ ਆਪਣੇ ਸਮਕਾਲੀ ਯਥਾਰਥ ਤੋਂ ਵੀ ਬੇਲਾਗ ਨਹੀਂ ਸੀ ਬਲਕਿ ਉਸਨੇ ਆਪਣੇ ਇਤਿਹਾਸਕ-ਸਭਿਆਚਾਰਕ ਪਰਿਪੇਖ ਨੂੰ ਬੜੀ ਸ਼ਹਿਰਦਤਾ ਅਤੇ ਸਾਫ਼ਗੋਈ ਨਾਲ ਬਿਆਨ ਕੀਤਾ ਹੈ।

## 2.4.9.1 ਸ਼ਾਹ ਮੁਰਾਦ (ਮ੍ਰਿਤੂ 1702 ਈ.)

ਸ਼ਾਹ ਮੁਰਾਦ ਦਾ ਸੰਬੰਧ ਸੂਫ਼ੀਆਂ ਦੇ ਕਾਦਰੀ ਫ਼ਿਰਕੇ ਨਾਲ ਸੀ। ਉਸ ਨੇ ਤਸਵੁਫ਼ ਅਤੇ ਦਰਵੇਸ਼ੀ ਦੇ ਜਜਬੇ ਨਾਲ ਭਰਪੂਰ ਕਲਾਮ ਦੀ ਰਚਨਾ ਕੀਤੀ ਹੈ। ਉਸਨੇ ਪੰਜਾਬੀ ਵਿਚ ਸਤਵਾਰਾ, ਬਾਰਾਮਾਹ, ਮਦਹ, ਗ਼ਜ਼ਲ ਅਤੇ ਬੈਂਤ ਆਦਿਕ ਅਨੇਕ ਸਿਨਫ਼ਾਂ ਉਪਰ ਆਪਣੀ ਕਲਮ ਨੂੰ ਅਜ਼ਮਾਇਆ। ਉਸ ਨੂੰ ਪੰਜਾਬੀ ਗ਼ਜ਼ਲ ਦਾ ਬਾਨੀ ਮੰਨਿਆ ਜਾਦਾ ਹੈ। ਉਹ ਮਜ਼੍ਹਬੀ ਦੀਵਾਰਾਂ ਤੋਂ ਉਪਰ ਉੱਠ ਕੇ ਪ੍ਰਭੂ ਦੀ ਬੰਦਗੀ ਕਰਨ ਵਾਲਾ ਸੂਫ਼ੀ ਫ਼ਕੀਰ ਸੀ। ਉਸ ਨੇ ਰਾਗ ਕਾਨੜਾ, ਦੇਵਗੰਧਾਰੀ, ਜੈਜਾਵੰਤੀ, ਬਸੰਤ ਅਤੇ ਰਾਮਕਲੀ ਵਿਚ ਆਪਣਾ ਕਲਾਮ ਆਖਿਆ। ਉਸ ਦੀ ਇਕ ਸੂਫ਼ੀਆਨਾ ਗ਼ਜ਼ਲ ਦੇ ਕੁਝ ਅਸ਼ਆਰ ਦੇਖੋ :

ਖ਼ੁਦਾਵੰਦਾ ਮਿਲਾ ਮੈਨੂੰ ਸਜਣ, ਇਤਨੀਆਂ ਉਡੀਕਾਂ ਕਿਉਂ।
ਉਡੀਕਾਂ ਮੈਂ ਗਿਣਾਂ ਤਾਰੇ ਤੇ ਸਿਰ ਨੂੰ ਲਾਈਆਂ ਲੀਕਾਂ ਕਿਉਂ।
ਤੇਰੀ ਹਾਲਤ ਤੁਈਂ ਜਾਣੇ ਮੁਰਾਦ ਆਪਣੀ ਦੁਆ ਈਹਾ,
ਖ਼ੁਦਾਵੰਦ ਮਿਲਾ ਮੈਨੂੰ ਸੱਜਣ ਇਤਨੀਆਂ ਉਡੀਕਾਂ ਕਿਉਂ।

## 2.4.10.1 ਅਲੀ ਹੈਦਰ (1690-1785)

ਅਲੀ ਹੈਦਰ ਦਾ ਜਨਮ ਜ਼ਿਲਾ ਮੁਲਤਾਨ ਦੇ ਇਕ ਪਿੰਡ ਕਾਜ਼ੀਆਂ ਵਿਚ ਹੋਇਆ। ਉਹ ਖ਼ੁਆਜਾ ਫ਼ਖ਼ਰੁੱਦੀਨ ਦੇਹਲਵੀ ਦਾ ਮੁਰੀਦ ਸੀ। ਉਸ ਦੇ ਕਲਾਮ ਵਿਚ ਚਿਸ਼ਤੀ ਅਤੇ ਕਾਦਰੀ, ਦੋਹਾਂ ਸਿਲਸਿਲਿਆਂ

ਪ੍ਰਤੀ ਸ਼ਰਧਾ ਝਲਕਦੀ ਹੈ। ਪੰਜਾਬੀ ਵਿਚ ਅਲੀ ਹੈਦਰ ਦੀਆਂ ਕਈ ਤਸਵੁਫ਼ੀ ਰਚਨਾਵਾਂ ਮਿਲਦੀਆਂ ਹਨ। ਜਿਨ੍ਹਾਂ ਵਿਚੋਂ ਹੇਠ ਲਿਖਤ ਬਹੁਤ ਪ੍ਰਸਿੱਧ ਹੋਈਆਂ 6 ਸੀਹਰਫ਼ੀਆਂ, 1 ਨਜ਼ਮ, ਦੀਵਾਨ, ਨਾਅਤ, ਕਿੱਸਾ ਹੀਰ-ਓ-ਰਾਂਝਾ। ਉਸ ਨੇ ਆਪਣੇ ਕਲਾਮ ਵਾਸਤੇ ਇਕ ਬੜੇ ਮੌਲਿਕ ਛੰਦ ਦਾ ਪ੍ਰਯੋਗ ਕੀਤਾ, ਜੋ ਵਰਣਿਕ ਸਵਈਏ ਦਾ ਹੀ ਬਦਲਿਆ ਹੋਇਆ ਰੂਪ ਪ੍ਰਤੀਤ ਹੁੰਦਾ ਹੈ। ਵਰਣਿਕ ਸਵੱਈਏ ਵਿਚ 12+11=23 ਵਰਣ ਹੁੰਦੇ ਹਨ। ਅਲੀ ਹੈਦਰ ਲੋੜ ਅਨੁਸਾਰ ਵਰਣਾਂ ਦੀ ਗਿਣਤੀ ਵਧਾ-ਘਟਾ ਵੀ ਲੈਂਦਾ ਹੈ। ਬਾਵਾ ਬੁੱਧ ਸਿੰਘ ਨੇ ਅਲੀ ਹੈਦਰ ਦੇ ਕਲਾਮ ਵਿਚਲੀ ਰਵਾਨੀ ਦੀ ਬਹੁਤ ਪ੍ਰਸ਼ੰਸਾ ਕੀਤੀ ਹੈ। ਪ੍ਰੋ. ਮੋਹਨ ਸਿੰਘ ਨੇ ਆਪਣੀ ਇਕ ਕਵਿਤਾ 'ਆਉ ਨੱਚੀਏ' ਵਿਚ ਅਲੀ ਹੈਦਰ ਦੇ ਅੰਦਾਜ਼ ਤੋਂ ਪ੍ਰੇਰਨਾ ਲਈ ਜਾਪਦੀ ਹੈ। ਅਲੀ ਹੈਦਰ ਦੇ ਕਲਾਮ ਵਿਚ ਇਕ-ਦੋ ਥਾਂ ਰਾਜਸੀ ਰੰਗਤ ਵੀ ਆਈ ਹੈ। ਉਸਨੇ ਨਾਦਰ ਸ਼ਾਹ ਦੇ ਹਮਲੇ ਸਮੇਂ ਹਿੰਦੁਸਤਾਨੀਆਂ ਦੀ ਨਾਇਤਫ਼ਾਕੀ, ਖ਼ੁਦਗਰਜ਼ੀ ਅਤੇ ਕਾਇਰਤਾ ਨੂੰ ਖ਼ੂਬ ਭੰਡਿਆ ਹੈ। ਦੇਖੋ:

ਜ਼ੇ-ਜ਼ਹਿਰ ਨਹੀਂ ਜੋ ਖਾ ਮਰਨ, ਕੁਝ ਸ਼ਰਮ ਨਾ ਹਿੰਦੁਸਤਾਨੀਆਂ ਨੂੰ।
ਕੀ ਹੋਇਆ ਏਨ੍ਹਾਂ ਰਾਜਿਆਂ ਨੂੰ। ਕੁਝ ਲੱਜ ਨਹੀਂ ਤੂਰਾਨੀਆਂ ਨੂੰ।

## 2.4.11.1 ਖ਼ੁਆਜਾ ਫ਼ਰਦ ਫ਼ਕੀਰ (1720-1790)

ਖ਼ੁਆਜਾ ਫ਼ਰਦ ਫ਼ਕੀਰ ਦਾ ਸਮਾਂ ਰਾਜਨੀਤਕ ਅਫ਼ਰਾ-ਤਫ਼ਰੀ ਦਾ ਸੀ। 1739 ਈ. ਵਿਚ ਨਾਦਰ ਸ਼ਾਹ ਦੇ ਹਮਲੇ ਅਤੇ ਉਸ ਤੋਂ ਪਿਛੋਂ ਅਹਿਮਦ ਸ਼ਾਹ ਅਬਦਾਲੀ ਦੇ ਨਿਰੰਤਰ ਹਮਲਿਆਂ ਨੇ ਪੰਜਾਬ ਦਾ ਅਮਨ-ਚੈਨ ਭੰਗ ਕਰ ਰੱਖਿਆ ਸੀ। ਜਦੋਂ ਤਕ ਸਿਖਾਂ ਨੇ ਦੁਰਾਨੀਆਂ ਨੂੰ ਪੂਰੀ ਤਰ੍ਹਾਂ ਪਛਾੜ ਕੇ ਪਿੱਛੇ ਨਹੀਂ ਹਟਾਇਆ, ਗੜਬੜ ਵਾਲੀ ਸਥਿਤੀ ਜਾਰੀ ਰਹੀ। ਫ਼ਰਦ ਫ਼ਕੀਰ ਦੇ ਜੀਵਨ-ਵੇਰਵਿਆਂ ਬਾਰੇ ਬਹੁਤਾ ਕੁਝ ਮਾਲੂਮ ਨਹੀਂ ਹੈ। ਅੰਦਰਲੇ ਹਵਾਲਿਆਂ ਤੋਂ ਪਤਾ ਚੱਲਦਾ ਹੈ ਕਿ ਉਹ ਗੁਜਰਾਤ (ਪਾਕਿਸਤਾਨ) ਦਾ ਰਹਿਣ ਵਾਲਾ ਸੀ। ਕਸਬਨਾਮਾ, ਰੋਸ਼ਨ ਦਿਲ, ਬਾਰਾਮਾਹ ਅਤੇ ਸੀਹਰਫ਼ੀ ਉਸ ਦੀਆਂ ਕੁਝ ਪ੍ਰਸਿੱਧ ਰਚਨਾਵਾਂ ਹਨ। ਅਹਿਮਦ ਕੁਰੈਸ਼ੀ ਨੇ 'ਪੰਜਾਬੀ ਅਦਬ ਕੀ ਮੁਖ਼ਤਸਿਰ' ਤਾਰੀਖ ਵਿਚ ਉਸਦਾ ਜ਼ਿਕਰ ਸੂਫ਼ੀ ਮਤਿ ਦੇ ਵੱਡੇ ਕਵੀਆਂ ਵਿਚ ਕੀਤਾ ਹੈ। ਉਸ ਦੀਆਂ ਰਚਨਾਵਾਂ ਵਿਚ ਸਮਾਜਿਕ ਚੇਤੰਨਤਾ ਦਾ ਰੰਗ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਦੇਖੋ :

ਹਾਕਮ ਹੋ ਕੇ ਬਹਿਣ ਗਲੀਚੇ, ਬਹੁਤਾ ਜ਼ੁਲਮ ਕਮਾਂਦੇ।
ਮਿਹਨਤੀਆਂ ਨੂੰ ਕੰਮੀ ਆਖਣ, ਖ਼ੂਨ ਉਨ੍ਹਾਂ ਦਾ ਖਾਂਦੇ।
ਪਕੜ ਵਗਾਰੀਂ ਲੈ ਲੈ ਜਾਵਣ, ਖ਼ੌਫ਼ ਖ਼ੁਦਾ ਦਾ ਨਾਹੀਂ।
ਫ਼ਰਦ ਫ਼ਕੀਰ ਦਰਦਮੰਦਾਂ ਦੀਆਂ, ਇਕਦਿਨ ਪੌਸਂਣ ਆਹੀਂ।

## 2.4.12.1 ਹਾਸ਼ਮ ਸ਼ਾਹ (1735-1843)

ਹਾਸ਼ਮ ਨੂੰ ਸੂਫ਼ੀ ਕਾਵਿ ਧਾਰਾ ਦਾ ਆਖ਼ਰੀ ਮਹਾਨ ਅਤੇ ਪ੍ਰਤੀਨਿਧ ਕਵੀ ਮੰਨਿਆ ਜਾਂਦਾ ਹੈ। ਉਸਦਾ ਜਨਮ ਸਥਾਨ ਪਿੰਡ ਜਗਦੇਉ ਕਲਾਂ (ਅੰਮ੍ਰਿਤਸਰ) ਹੈ। ਡਾ. ਹਰਨਾਮ ਸਿੰਘ ਸ਼ਾਨ ਅਨੁਸਾਰ ਉਸਦਾ ਜਨਮ ਮਦੀਨਾ ਸ਼ਰੀਫ਼ ਵਿਚ ਹੋਇਆ ਸੀ ਅਤੇ ਬਾਅਦ ਵਿਚ ਇਹ ਪਰਿਵਾਰ ਜਗਦੇਉ ਕਲਾਂ ਵਿਖੇ ਰਹਿਣ ਲੱਗਾ ਸੀ। ਹਾਸ਼ਮ ਇਕ ਕਿੱਸਾਕਾਰ ਦੇ ਤੌਰ ਤੇ ਵੀ ਪੰਜਾਬੀ ਸਾਹਿੱਤ ਵਿਚ ਮਹਤਵਪੂਰਨ ਸਥਾਨ ਰੱਖਦਾ ਹੈ। ਸੱਸੀ ਪੁਨੂੰ, ਸੋਹਣੀ ਮਹੀਂਵਾਲ ਅਤੇ ਸ਼ੀਰੀਂ ਫਰਹਾਦ ਉਸ ਦੀਆਂ ਕੁਝ ਪ੍ਰਸਿੱਧ ਰਚਨਾਵਾਂ ਹਨ। ਇਸ ਤੋਂ ਬਿਨਾਂ ਬਾਰਾਮਾਹ, ਸੀਹਰਫ਼ੀਆਂ। ਦੋਹੜੇ ਅਤੇ ਡਿਉਢਾਂ ਵੀ ਉਸ ਦੀ ਕਾਵਿ-ਕਲਾ ਦਾ ਚਮਤਕਾਰੀ ਰੰਗ ਪੇਸ਼ ਕਰਦੇ ਹਨ। ਹਾਸ਼ਮ ਦੇ ਦੋਹੜਿਆਂ ਅਤੇ ਡਿਉਢਾਂ ਵਿਚ ਉਸਦੇ ਤਸਵੁਫ਼ਾਨਾ ਅੰਦਾਜ਼ ਨੂੰ ਦੇਖਿਆ

ਜਾ ਸਕਦਾ ਹੈ। ਉਹ ਇਸ਼ਕ ਮਿਜ਼ਾਜੀ ਅਤੇ ਇਸ਼ਕ ਹਕੀਕੀ-ਦੋਹਾਂ ਨੂੰ ਇਕ ਦੂਜੇ ਦੇ ਸਮਵੱਥ ਟਿਕਾ ਕੇ ਪੇਸ਼ ਕਰਦਾ ਹੈ। ਦੇਖੋ:

ਰੱਬ ਦਾ ਆਸ਼ਕ ਹੋਣ ਸੁਖਾਲਾ, ਇਹ ਬੜੀ ਸੁਖਾਲੀ ਬਾਜ਼ੀ।
ਗੋਸ਼ਾ ਪਕੜ ਰਹੇ ਹੋ ਸਾਬਰ, ਫੜ ਤਸਬੀ ਬਣੇ ਨਮਾਜ਼ੀ।
ਸੁਖ ਆਰਾਮ ਜਗਤ ਵਿਚ ਸ਼ੋਭਾ, ਤੇ ਦੇਖ ਹੋਵੇ ਦਿਲ ਰਾਜ਼ੀ।
ਹਾਸ਼ਮ ਖ਼ਾਕ ਰੁਲਾਵੇ ਗਲੀਆਂ, ਇਹ ਕਾਫ਼ਰ ਇਸ਼ਕ ਮਜ਼ਾਜੀ।

**2.4.12.2** ਦੋਹੜਿਆਂ ਦੇ ਨਾਲ-ਨਾਲ ਉਸਦੀਆਂ ਡਿਉਢਾਂ ਵਿਚ ਵੀ ਸੂਫ਼ੀਆਨਾ ਭਾਵ ਵਿਅਕਤ ਹੋਏ ਹਨ। ਹਾਸ਼ਮ ਦੀਆਂ ਡਿਉਢਾਂ ਦਾ ਮੁਖ ਸਰੋਕਾਰ ਇਸ਼ਕ ਹੈ। ਉਸ ਨੇ ਕਿੱਸਾ ਕਾਵਿ ਦੇ ਪ੍ਰਮੁਖ ਪਾਤਰਾਂ ਨੂੰ ਆਧਾਰ ਬਣਾ ਕੇ ਇਸ਼ਕ ਦੀ ਬਿਹਬਲਤਾ ਨੂੰ ਰੂਪਮਾਨ ਕੀਤਾ ਹੈ। ਦੇਖੋ:

ਕਾਮਿਲ ਸ਼ੌਕ ਮਾਹੀ ਦਾ ਮੈਨੂੰ, ਨਿੱਤ ਰਹੇ ਜਿਗਰ ਵਿਚ ਵੱਸਦਾ,
ਲੂੰ ਲੂੰ ਰਸਦਾ।
ਰਾਂਝਣ ਬੇਪਰਵਾਹੀ ਕਰਦਾ, ਕੋਈ ਗੁਨਾਹ ਨਾ ਦੱਸਦਾ।
ਉੱਠ ਉੱਠ ਨੱਸਦਾ।
ਜਿਉਂ ਜਿਉਂ ਹਾਲ ਸੁਣਾਵਾਂ ਰੋਵਾਂ, ਵੇਖ ਤੱਤੀ ਵੱਲ ਹੱਸਦਾ।
ਜ਼ਰਾ ਨ ਖੱਸਦਾ।
ਹਾਸ਼ਮ ਕੰਮ ਨਹੀਂ ਹਰ ਕਸਦਾ, ਆਸ਼ਿਕ ਹੋਣ ਦਰਸ ਦਾ।
ਬਿਰਹੋ ਰਸ ਦਾ।

**2.4.12.3 ਗ਼ੁਲਾਮ** ਜੀਲਾਨੀ ਰੋਹਤਕੀ, ਖ਼ੁਆਜਾ ਗ਼ੁਲਾਮ ਫ਼ਰੀਦ, ਗ਼ੁਲਾਮ ਜੀਲਾਨੀ, ਮਾਈ ਪੀਰੋ, ਅਕਿਲ ਸ਼ਾਹ, ਅਬਦੁੱਲਾ ਸ਼ਾਹ, ਫ਼ਾਜ਼ਿਲ ਸ਼ਾਹ, ਸ਼ਾਹ ਰਸ਼ੀਦ ਅਤੇ ਲਾਲ ਗ਼ੁਲਾਮ, ਅਠਾਰ੍ਹਵੀਂ-ਉਨ੍ਹੀਵੀਂ ਸਦੀ ਦੇ ਕੁਝ ਹੋਰ ਪ੍ਰਸਿੱਧ ਸੂਫ਼ੀ ਕਵੀ ਹੋਏ ਹਨ। ਆਧੁਨਿਕ ਕਾਲ ਦੇ ਬਹੁਤ ਸਾਰੇ ਕਵੀਆਂ ਦੀਆਂ ਰਚਨਾਵਾਂ ਵਿਚ ਵੀ ਸੂਫ਼ੀਆਨਾ ਰੰਗ ਦੇਖਿਆ ਜਾ ਸਕਦਾ ਹੈ।

## 2.4.13.1 ਨਿਸ਼ਕਰਸ਼

ਮੱਧਕਾਲੀਨ ਪੰਜਾਬੀ ਕਾਵਿ ਵਿਚ ਸੂਫ਼ੀ ਕਾਵਿ ਧਾਰਾ ਇਕ ਬੇਹੱਦ ਲੋਕਪ੍ਰਿਅ ਅਤੇ ਮਹੱਤਵਪੂਰਨ ਪ੍ਰਵਿਰਤੀ ਸਿੱਧ ਹੋਈ। ਇਸ ਵਿਚ ਇਸ਼ਕ ਹਕੀਕੀ (ਅਧਿਆਤਮਕ ਪ੍ਰੇਮ) ਅਤੇ ਇਸ਼ਕ ਮਿਜ਼ਾਜੀ (ਭੌਤਿਕ ਪ੍ਰੇਮ) ਦਾ ਅਜਿਹਾ ਸੰਤੁਲਨ ਸਿਰਜਿਆ ਗਿਆ ਕਿ ਅਧਿਆਤਮ ਵਿਚ ਬਹੁਤੀ ਰੁਚੀ ਨਾ ਰੱਖਣ ਵਾਲੇ ਪਾਠਕ ਵੀ ਇਸਦੇ ਸੰਮੋਹਨ ਵਿਚ ਬੱਝ ਜਾਦੇ ਹਨ। ਸੂਫ਼ੀ ਕਾਵਿ ਨੂੰ ਪੜ੍ਹ-ਸੁਣ ਕੇ ਉਨ੍ਹਾਂ ਨੂੰ ਉੱਤਮ ਕੋਟੀ ਦੇ ਕਿੱਸਾ ਕਾਵਿ ਵਰਗਾ ਆਨੰਦ ਪ੍ਰਾਪਤ ਹੋ ਜਾਦਾ ਸੀ। ਇਸ ਧਾਰਾ ਦੀ ਇਕ ਹੋਰ ਵਿਸ਼ੇਸ਼ਤਾ, ਨੈਤਿਕ ਕਦਰਾਂ-ਕੀਮਤਾਂ ਦਾ ਅਭਿਵਿਅੰਜਨ ਸੀ। ਸ਼ੇਖ਼ ਫ਼ਰੀਦ ਤੋਂ ਲੈ ਕੇ ਹਾਸ਼ਮ ਤਕ ਹਰ ਵੱਡੇ ਸੂਫ਼ੀ ਕਵੀ ਨੇ ਹਲੀਮੀ, ਮਿਠਾਸ, ਮੁਹੱਬਤ, ਪਰਸਪਰ ਸਦਭਾਵਨਾ, ਸਬਰ, ਸੰਤੋਖ ਅਤੇ ਰੱਬੀ ਭਰੋਸੇ ਉਪਰ ਜ਼ੋਰ ਦਿੱਤਾ। ਹਰ ਸੂਫ਼ੀ ਕਵੀ ਨੇ ਇਹ ਵੀ ਦਰਸਾਇਆ ਕਿ ਇਕੋ ਖ਼ੁਦਾ ਦੀ ਪੈਦਾਇਸ਼ ਹੋਣ ਕਰਕੇ ਸਭ ਲੋਕ ਇਕ-ਦੂਜੇ ਦੇ ਸਮਾਨ ਹਨ। ਹਿੰਦੂ ਜਾਂ ਮੁਸਲਮਾਨ, ਕਾਫ਼ਿਰ ਜਾਂ ਮੋਮਨ ਆਦਿਕ ਭਿੰਨਤਾਵਾਂ ਮਨੁੱਖ ਦੀਆਂ ਬਣਾਈਆਂ ਹੋਈਆਂ ਹਨ। ਇਸ ਕਾਰਨ ਇਨ੍ਹਾਂ ਦੀ ਵਜ੍ਹਾ ਕਰਕੇ ਕਿਸੇ ਵੀ ਵਿਅਕਤੀ ਦਾ ਮਾਨ-ਅਪਮਾਨ ਕਰਨਾ ਉਚਿਤ ਨਹੀਂ ਹੈ। ਸੂਫ਼ੀ ਕਵੀਆਂ ਨੇ ਪੰਜਾਬੀ ਸਭਿਆਚਾਰ ਦੀ ਖ਼ੁਸ਼ਬੂ ਨੂੰ ਚਹੁੰ-ਦਿਸ਼ਾਵਾਂ ਵਿਚ

ਫੈਲਾਇਆ ਅਤੇ ਪੰਜਾਬੀ ਬੋਲੀ ਨੂੰ ਹਰ ਤਰ੍ਹਾਂ ਦੇ ਭਾਵਾਂ ਦੀ ਵਾਹਕ ਬਣਾਇਆ। ਇਸ ਤਰ੍ਹਾਂ ਪੰਜਾਬੀ ਸੂਫ਼ੀ ਕਾਵਿ ਨੇ ਮਨੁੱਖ ਦੇ ਸਰਬਪੱਖੀ ਕਲਿਆਣ ਉਪਰ ਜ਼ੋਰ ਦਿੱਤਾ। ਇਨ੍ਹਾਂ ਕਾਰਨਾ ਕਰਕੇ ਹੀ ਇਹ ਧਾਰਾ ਪੰਜਾਬੀ ਸਾਹਿੱਤ ਦੇ ਸਮੁਚੇ ਮੱਧਕਾਲ ਵਿਚ ਗਤੀਸ਼ੀਲ ਰਹੀ।

## ਕਠਿਨ ਸ਼ਬਦਾਂ ਦੀ ਸੂਚੀ

| ਸ਼ਬਦ | ਅਰਥ | ਸ਼ਬਦ | ਅਰਥ |
|---|---|---|---|
| ਮੁਤਅਸਬੀ | ਫਿਕਰਾਪ੍ਰਸਤ, ਜਨੂੰਨੀ | ਕਲਮੀ ਨੁਸਖ਼ਾ | ਹੱਥਲਿਖਤ ਖਰੜ੍ਹਾ |
| ਮਜ਼ਹਬ | ਧਰਮ, ਦੀਨ | ਸ਼ਰੀਅਤ | ਮੁਸਲਮਾਨੀ ਧਰਮ |
| ਕਲਾਮ | ਕਵਿਤਾ, ਬਾਣੀ | ਮੌਸੀਕੀ | ਗਾਇਕੀ, ਸੰਗੀਤ |
| ਤਸਵੁਫ਼ | ਸੂਫ਼ੀ ਵਿਚਾਰਧਾਰਾ, ਫਲਸਫਾ | ਹਾਮਿਲ | ਹੱਕਦਾਰ |
| ਦੀਨੀ ਸਿੱਖਿਆ | ਧਾਰਮਿਕ ਸਿੱਖਿਆ | ਦਵੈਤ ਭਾਵ | ਭਿੰਨਤਾ, ਗ਼ੈਰ-ਭਾਵਨਾ |
| ਇੰਤਕਾਲ | ਮ੍ਰਿਤੂ, ਮੌਤ | ਮੁਖ਼ਤਲਿਫ਼ | ਭਿੰਨ-ਭਿੰਨ, ਵੱਖ-ਵੱਖ |
| ਆਜਜ਼ੀ | ਨਿਮਰਤਾ, ਹਲੀਮੀ | ਇਸ਼ਕ ਮਜ਼ਾਜੀ | ਦੁਨਿਆਵੀ ਪ੍ਰੇਮ |
| ਮੁਰਸ਼ਿਦ | ਗੁਰੂ, ਪੀਰ | ਇਸ਼ਕ ਹਕੀਕੀ | ਰੱਬੀ ਪ੍ਰੇਮ |
| ਮੁਰੀਦ | ਚੇਲਾ, ਸ਼ਾਗਿਰਦ | ਰਮਜ਼ | ਭੇਤ, ਰਹੱਸ |
| ਮੁਸਲਾ | ਚਟਾਈ | ਤਸਬੀ | ਮਾਲ਼ਾ |

## ਪ੍ਰਸ਼ਨ

ਉਪਰੋਕਤ ਪਾਠ ਵਿਚ ਦਿੱਤੀ ਗਈ ਸਮੱਗਰੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:

1. ਪੰਜਾਬੀ ਸੂਫ਼ੀ ਕਾਵਿ ਦਾ ਸਰਵੇਖਣ ਕਰੋ।
2. ਸ਼ਾਹ ਹੁਸੈਨ ਤੋਂ ਹਾਸ਼ਮ ਸ਼ਾਹ ਤਕ ਪੰਜਾਬੀ ਸੂਫ਼ੀ ਕਾਵਿ ਦੇ ਵਿਚਾਰਧਾਰਕ ਪਰਿਪੇਖ ਉੱਪਰ ਇਕ ਲੇਖ ਲਿਖੋ।
3. ਪੰਜਾਬੀ ਸੂਫ਼ੀ ਕਾਵਿ ਦੇ ਕਲਾਤਮਕ ਗੌਰਵ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ।
4. ਮੱਧਕਾਲੀ ਕਾਵਿ ਵਿਚ ਸੂਫ਼ੀ ਕਾਵਿ-ਧਾਰਾ ਦੀ ਇਤਿਹਾਸ ਰੇਖਾ ਉਲੀਕਦੇ ਹੋਏ ਇਸ ਕਾਵਿ ਦੇ ਸਭਿਆਚਾਰਕ ਮਹੱਤਵ ਉਤੇ ਚਰਚਾ ਕਰੋ। (ਅਪਰੈਲ 2012)
5. ਮੱਧਕਾਲੀ ਪੰਜਾਬੀ ਸੂਫ਼ੀ ਕਾਵਿ ਦੇ ਵਿਕਾਸ ਅਤੇ ਪ੍ਰਭਾਵਾਂ ਦਾ ਵਿਵੇਚਨ ਕਰੋ। (ਅਪਰੈਲ 2014)
6. ਮੱਧ-ਕਾਲੀਨ ਪੰਜਾਬੀ ਸੂਫ਼ੀ ਕਾਵਿ ਧਾਰਾ ਦੀਆਂ ਸਾਹਿਤਕ ਖ਼ੂਬੀਆਂ ਦਾ ਵਿਸ਼ਲੇਸ਼ਣ ਕਰੋ। (ਅਪਰੈਲ 2015)

## ਸਹਾਇਕ ਪੁਸਤਕਾਵਲੀ


1. ਡਾ. ਮੋਹਣ ਸਿੰਘ ਦੀਵਾਨਾ, *ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ਼*
2. ਮੀਆਂ ਮੌਲਾ ਬਖ਼ਸ ਕੁਸ਼ਤਾ, *ਪੰਜਾਬੀ ਸ਼ਾਇਰਾਂ ਦਾ ਤਜ਼ਕਰਾ।*
3. ਡਾ. ਗੁਰਦੇਵ ਸਿੰਘ ਸਿੱਧੂ, *ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ।*
4. ਡਾ. ਜੀਤ ਸਿੰਘ ਸੀਤਲ, *ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ।*
5. ਡਾ. ਅਸਲਮ ਰਾਣਾ, ਦਿਲਾਂ ਦਾ *ਮਹਿਰਮ* : ਸ਼ਾਹ ਹੁਸੈਨ।
6. *ਲਹਿਰਾਂ* (ਮਾਸਿਕ ਪੱਤਰ, ਲਾਹੌਰ) ਅਕਤੂਬਰ 1991

ਪਾਠ ਨੰ: 2.5 - ਪ੍ਰੋ. ਬ੍ਰਹਮਜਗਦੀਸ਼ ਸਿੰਘ

# ਕਿੱਸਾ-ਕਾਵਿ

## 2.5.1 ਭੂਮਿਕਾ

ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਕਿੱਸਾ ਕਾਵਿ ਪਰੰਪਰਾ ਦੇ ਉਦੈਮਾਨ ਹੋਣ ਨਾਲ ਇਕ ਬੁਨਿਆਦੀ ਪਰਿਵਰਤਨ ਆਉਂਦਾ ਹੈ। ਇਸ ਪਰੰਪਰਾ ਦੇ ਆਰੰਭ ਤੋਂ ਪਹਿਲਾਂ ਪੰਜਾਬੀ ਕਾਵਿ, ਵਿਅਕਤੀ ਦੇ ਅਧਿਆਤਮਕ ਸਰੋਕਾਰਾਂ ਨਾਲ ਜੁੜਿਆ ਹੋਇਆ ਸੀ। ਇਸ ਵਿਚ ਦੁਨਿਆਵੀ ਮਸਲੇ ਸ਼ਾਮਲ ਨਹੀਂ ਸਨ। ਨਿੱਜੀ ਪਸੰਦ ਜਾਂ ਇਸ਼ਕ ਦੇ ਆਧਾਰ ਤੇ ਜੀਵਨ-ਸਾਥੀ ਦੀ ਚੋਣ ਨਾਲ ਸੰਬੰਧਿਤ ਸਰੋਕਾਰ ਪਹਿਲੀ ਵਾਰ ਕਿੱਸਾ ਕਾਵਿ ਦੁਆਰਾ ਹੀ ਰੂਪਮਾਨ ਹੋਏ। ਕਿੱਸਾ ਕਾਵਿ ਪੰਜਾਬੀ ਸਮਾਜ ਅਤੇ ਸਭਿਆਚਾਰ ਦੇ ਉਸ ਦੌਰ ਦੀ ਨਿਸ਼ਾਨਦੇਹੀ ਕਰਦਾ ਹੈ, ਜਦੋਂ ਮਨੁਖ ਵਿਚ ਏਨਾ ਆਤਮ-ਵਿਸ਼ਵਾਸ ਆ ਗਿਆ ਸੀ ਕਿ ਉਹ ਆਪਣੇ ਨਿੱਜੀ ਜੀਵਨ ਨਾਲ ਸੰਬੰਧਿਤ ਮਸਲਿਆਂ ਨੂੰ ਆਪ ਹੱਲ ਕਰਨਾ ਚਾਹੁੰਦਾ ਸੀ। ਇਸ ਕਾਰਨ ਉਹ ਆਪਣੇ ਜੀਵਨ-ਸਾਥੀ ਦੀ ਚੋਣ ਦਾ ਮਸਲਾ ਪਰਿਵਾਰ ਅਤੇ ਸਮਾਜ ਦੇ ਵੱਡੇ-ਵਡੇਰਿਆਂ ਨੂੰ ਸੌਂਪਣ ਦੀ ਬਜਾਇ, ਇਹ ਹੱਕ ਆਪ ਪ੍ਰਾਪਤ ਕਰਨ ਦਾ ਇੱਛਕ ਸੀ। ਦੂਜੇ ਪਾਸੇ ਸਮਾਜ ਦੇ ਵੱਡੇ-ਵਡੇਰੇ ਅਤੇ ਪਰਿਵਾਰ ਦੇ ਮੁਖੀਏ ਇਹ ਹੱਕ ਉਸ ਨੂੰ ਸੌਂਪਣ ਦੇ ਸਖ਼ਤ ਵਿਰੁੱਧ ਸਨ। ਇਸ ਲਈ ਦੋਹਾਂ ਧਿਰਾਂ ਵਿਚ ਟਕਰਾਉ ਪੈਦਾ ਹੋਣਾ ਲਾਜ਼ਮੀ ਸੀ। ਸਮਾਜ ਵਿਚ ਕਿਉਂਕਿ ਬਹੁਤ ਸਾਰੇ ਲੋਕ ਸ਼ਾਮਲ ਹੁੰਦੇ ਹਨ, ਰਾਜਸੀ ਅਤੇ ਧਾਰਮਿਕ ਸੱਤਾ ਵੀ ਸਮਾਜ ਦੇ ਹੱਕ ਵਿਚ ਭੁਗਤਦੀ ਹੈ। ਇਸ ਕਾਰਨ ਪ੍ਰੇਮੀ ਲੋਕ ਆਪਣੇ ਮੰਤਵ ਵਿਚ ਸਫ਼ਲ ਨਹੀਂ ਹੋ ਪਾਉਂਦੇ ਸਨ। ਪ੍ਰੇਮੀ ਅਤੇ ਪ੍ਰੇਮਿਕਾ ਆਪਣੀ ਮਰਜ਼ੀ ਨਾਲ ਵਿਆਹ ਕਰਕੇ ਇਕੱਠੇ ਨਹੀਂ ਸਨ ਰਹਿ ਸਕਦੇ।ਉਨ੍ਹਾਂ ਨੂੰ ਆਪਣੇ ਪ੍ਰੇਮ ਦੀ ਖਾਤਰ'ਸ਼ਹੀਦ' ਹੋਣਾ ਪੈਂਦਾ ਸੀ। ਪੰਜਾਬੀ ਕਿੱਸਾ ਕਵੀਆਂ ਨੇ ਆਪਣੇ ਯੁਗ ਨਾਲ ਸੰਬੰਧਿਤ ਪ੍ਰੇਮੀ-ਪ੍ਰੇਮਿਕਾਵਾਂ ਦੇ ਇਸ਼ਕ ਨੂੰ ਪੰਜਾਬੀ ਸਮਾਜ ਦੇ ਚੌਖਟੇ ਵਿਚ ਰੱਖ ਕੇ ਪੇਸ਼ ਕੀਤਾ ਹੈ। ਇਸ ਕਾਰਨ ਮੱਧਕਾਲੀਨ ਪੰਜਾਬੀ ਸਮਾਜ ਦੀ ਬੁਣਤਰ ਨੂੰ ਸਮਝਣ ਲਈ ਕਿੱਸਾ ਕਾਵਿ ਦਾ ਅਧਿਐਨ ਬਹੁਤ ਮਹਤਵਪੂਰਨ ਸੱਮਗਰੀ ਮੁਹਈਆ ਕਰਦਾ ਹੈ।

## 2.5.2 ਪ੍ਰਯੋਜਨ

ਇਸ ਪਾਠ ਦਾ ਪ੍ਰਯੋਜਨ ਪੰਜਾਬੀ ਕਿੱਸਾ ਕਾਵਿ ਦੀ ਪ੍ਰਕਿਰਤੀ, ਇਸਦੇ ਪ੍ਰਮੁੱਖ ਲੱਛਣਾਂ ਅਤੇ ਇਤਿਹਾਸ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਪੰਜਾਬੀ ਸਾਹਿੱਤ ਵਿਚ ਕਿੱਸਾ-ਕਾਵਿ ਪਰੰਪਰਾ ਦਾ ਵਿਧੀਵਤ ਆਰੰਭ ਦਮੋਦਰ ਨਾਲ ਹੋਇਆ ਮੰਨਿਆ ਜਾਂਦਾ ਹੈ। ਦਮੋਦਰ ਤੋਂ ਪਹਿਲਾਂ ਹੋ ਚੁੱਕੇ ਕਿਸੇ ਵੀ ਕਵੀ ਦਾ ਕੋਈ ਕਿੱਸਾ ਅਜੇ ਤਕ ਪ੍ਰਾਪਤ ਨਹੀਂ ਹੋਇਆ। ਇਸ ਲਈ ਦਮੋਦਰ ਹੀ ਇਸ ਕਾਵਿ ਪਰੰਪਰਾ ਦਾ ਪ੍ਰਥਮ ਕਵੀ ਸਿੱਧ ਹੁੰਦਾ ਹੈ। 'ਕਿੱਸਾ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦੇ ਵਿਉਤਪਤੀਜਨਕ ਅਰਥ ਹਨ : ਪਿੱਛਾ ਕਰਨਾ, ਖ਼ਬਰ ਦੇਣਾ ਜਾਂ ਕੋਈ ਘਟਨਾ ਬਿਆਨ ਕਰਨਾ।ਅਰਬੀ-ਫ਼ਾਰਸੀ ਵਿਚ ਕਿੱਸੇ ਵਧੇਰੇ ਕਰਕੇ 'ਮਸਨਵੀ' ਵਿਚ ਲਿਖੇ ਜਾਂਦੇ ਸਨ। ਇਹ 'ਬੈਂਤ' ਵਿਚ ਹੁੰਦੀ ਹੈ ਅਤੇ ਹਰ ਬੈਂਤ ਵਿਚ ਕਾਫ਼ੀਆ ਬਦਲ ਕੇ ਆਉਂਦਾ ਹੈ। ਦੂਜੇ ਕਾਵਿ-ਰੂਪਾਂ ਦੀ ਤੁਲਨਾ ਵਿਚ ਮਸਨਵੀ ਵਧੇਰੇ ਪ੍ਰਭਾਵਸ਼ਾਲੀ ਸਿੱਧ ਹੁੰਦੀ ਹੈ ਕਿਉਂਕਿ ਇਸ ਵਿਚ ਮਨੁੱਖੀ ਹਾਵ-ਭਾਵ, ਪ੍ਰਾਕ੍ਰਿਤਕ-ਦ੍ਰਿਸ਼, ਘਟਨਾ-ਵਰਣਨ, ਤਾਰੀਖ਼ੀ ਵਾਕਿਆਤ ਅਤੇ ਜ਼ਿੰਦਗੀ ਦੇ ਹੋਰ ਬਹੁਤ ਸਾਰੇ ਪੱਖ ਲਏ ਜਾਂਦੇ ਹਨ। ਡਾ. ਜੀਤ ਸਿੰਘ ਸੀਤਲ ਅਨੁਸਾਰ ਮਸਨਵੀ ਕਈ ਪ੍ਰਕਾਰ ਦੀ

ਹੁੰਦੀ ਸੀ ਜਿਵੇਂ : ਇਸ਼ਕੀਆ, ਰਜ਼ਮੀਆ (ਬੀਰ ਰਸੀ) ਇਖ਼ਲਾਕੀ, ਤੱਸਵੁਫ਼ ਅਤੇ ਫਲਸਫ਼ਾ ਆਦਿਕ, ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਇਹ ਸਨ : ਤਰਤੀਬ ਦੀ ਸੁੰਦਰਤਾ, ਪਾਤਰ, ਘਟਨਾਵਾਂ ਤੇ ਪਾਤਰਾਂ ਦਾ ਸੰਜੋਗ, ਵਾਕਿਆ-ਨਿਗਾਰੀ, ਸੋਚ-ਉਡਾਰੀ, ਭਾਸ਼ਣ ਕਲਾ ਅਤੇ ਹਾਵ-ਭਾਵ ਆਦਿਕ। (ਪੰਜਾਬੀ ਸਾਹਿੱਤ ਦਾ ਆਲੋਚਨਾਤਮਕ ਇਤਿਹਾਸ, ਪੰਨਾ 241) ਪੰਜਾਬੀ ਕਿੱਸਾ ਕਵੀਆਂ ਨੇ ਨਾ ਕੇਵਲ ਵਿਸ਼ਾ-ਵਸਤੂ ਬਲਕਿ ਬਣਤਰ ਪੱਖੋਂ ਵੀ ਮਸਨਵੀ ਦੇ ਪ੍ਰਭਾਵ ਨੂੰ ਅਪਣਾ ਲਿਆ।

### 2.5.3.1 ਪੰਜਾਬੀ ਕਿੱਸਾ ਕਾਵਿ ਦੀ ਪ੍ਰਕਿਰਤੀ ਅਤੇ ਤੱਤ

ਪੰਜਾਬੀ ਕਿੱਸਾ ਕਾਵਿ ਦੇ ਮੂਲ ਤੱਤ ਇਹ ਹਨ :

(ੳ) ਮੰਗਲਾਚਰਣ, ਹਮਦ ਖ਼ੁਦਾ, ਰਸੂਲ ਦੇ ਚਾਰ ਯਾਰਾਂ ਦੀ ਸਿਫ਼ਤ, ਪੀਰ-ਗੌਸ ਆਦਿ ਦੀ ਉਪਮਾ।

(ਅ) ਕਿੱਸਾ ਲਿਖਣ ਦੀ ਪ੍ਰੇਰਣਾ, ਯਾਰਾਂ ਦੀ ਫ਼ਰਮਾਇਸ਼, ਅੱਖੀਂ ਦੇਖੀ ਘਟਨਾ, ਕਿੱਸੇ ਦੀ ਘਟਨਾ ਨੂੰ ਨਵੇਂ ਸਿਰਿਉਂ ਜੋੜਨ ਦਾ ਦਾਅਵਾ ਆਦਿਕ।

(ੲ) ਨਾਇਕ-ਨਾਇਕਾ ਵਰਣਨ, ਨਾਇਕ ਅਤੇ ਨਾਇਕਾ ਦੇ ਜਨਮ ਸੰਬੰਧੀ ਵੇਰਵੇ, ਨਾਇਕ-ਨਾਇਕਾ ਦੀ ਪਹਿਲੀ ਮਿਲਣੀ ਅਤੇ ਅੱਖਾਂ ਚਾਰ ਹੋਣ ਸੰਬੰਧੀ ਜਾਣਕਾਰੀ ਆਦਿ।

(ਸ) ਇਸ਼ਕ ਦਾ ਸਰੂਪ ਅਤੇ ਇਸਦੇ ਰਾਹ ਵਿਚ ਆਉਣ ਵਾਲੀਆਂ ਔਕੜਾਂ ਦਾ ਵਰਣਨ।

(ਹ) ਨਾਥਾਂ, ਪੀਰਾਂ ਜਾਂ ਹੋਰ ਪਰਾਸਰੀਰਕ ਸ਼ਕਤੀਆਂ ਦਾ ਵਰਣਨ।

(ਕ) ਕਿੱਸੇ ਦਾ ਦੁਖਾਂਤਿਕ/ਸੁਖਾਂਤਿਕ ਅੰਤ।

(ਖ) ਕਿੱਸੇ ਦੇ ਰਚਣ ਦੀ ਮਿਤੀ ਅਤੇ ਕਿੱਸਾਕਾਰ ਦਾ ਅਤਾ-ਪਤਾ।

### 2.5.3.2 ਕਿੱਸਾ ਕਾਵਿ ਉਪਰ ਵਿਦੇਸ਼ੀ ਪ੍ਰਭਾਵ

ਡਾ. ਜੀਤ ਸਿੰਘ ਸੀਤਲ ਪੰਜਾਬੀ ਕਿੱਸਾ ਕਾਵਿ ਪਰੰਪਰਾ ਉਤੇ ਈਰਾਨੀ ਪ੍ਰਭਾਵਾਂ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ ਕਿ ਨਾਇਕ-ਨਾਇਕਾਵਾਂ ਦੀ ਪੇਸ਼ਕਾਰੀ, ਈਰਾਨੀ, ਸਾਹਿੱਤ ਤੋਂ ਕਾਫ਼ੀ ਪ੍ਰਭਾਵਿਤ ਹੈ। ਉਸ ਅਉਸਾਰ ਅਠਾਰ੍ਹਵੀਂ ਸਦੀ ਦੇ ਪ੍ਰਸਿੱਧ ਕਿੱਸਾਕਵੀ ਨੇ ਇਸ ਪ੍ਰਭਾਵ ਨੂੰ ਸਪਸ਼ਟ ਤੌਰ ਤੇ ਸਵੀਕਾਰ ਕੀਤਾ ਹੈ। ਆਪਣੇ ਇਕ ਕਿੱਸੇ ਵਿਚ ਉਹ ਲਿਖਦਾ ਹੈ:

ਚਾਵਲ ਲਏ ਨਿਜ਼ਾਮੀ ਪਾਸੋਂ, ਦਾਲ ਹਾਤਿਫ਼ ਨੇ ਪਾਈ।
ਰੋਗਨ ਖੁਸਰੋ ਨਮਕ ਅਸਾਡਾ, ਖਿਚੜੀ ਅਜਬ ਪਕਾਈ।

**2.5.3.3** ਫ਼ਾਰਸੀ ਤੋਂ ਛੁੱਟ ਪੰਜਾਬੀ ਕਿੱਸਾ ਕਾਵਿ ਉਪਰ ਯੂਨਾਨੀ ਤੇ ਸਾਮੀ ਪ੍ਰਭਾਵ ਵੀ ਨਜ਼ਰ ਆਉਂਦੇ ਹਨ। ਤ੍ਰਾਸਦੀ ਅਤੇ ਹੋਣੀ ਆਦਿਕ ਯੂਨਾਨੀ ਲੱਛਣ ਪੰਜਾਬੀ ਕਿੱਸਿਆਂ ਵਿਚ ਪ੍ਰਤੱਖ ਮਿਲਦੇ ਹਨ।ਹਰ ਕਿੱਸੇ ਵਿਚ ਮੌਤ ਦਾ ਕਾਰਨ ਹੋਣੀ ਨੂੰ ਮੰਨਿਆ ਜਾਂਦਾ ਹੈ। ਸਾਹਿਬਾਂ,ਸੱਸੀ ਅਤੇ ਸੋਹਣੀ ਆਦਿਕ ਨਾਇਕਾਵਾਂ ਹੋਣੀ ਨੂੰ ਹੀ ਦੁਖਾਂਤ ਲਈ ਜ਼ਿੰਮੇਵਾਰ ਠਹਿਰਾਉਂਦੀਆਂ ਹਨ। ਇਸੇ ਤਰ੍ਹਾਂ 'ਮੂਰਤੀਕਾਰੀ' ਵੀ ਯੂਨਾਨੀ ਪ੍ਰਭਾਵ ਅਧੀਨ ਪੰਜਾਬੀ ਕਿੱਸਾਕਾਰੀ ਅੰਗ ਬਣੀ। ਸੱਸੀ, ਪੁਨੂੰ ਦੀ ਤਸਵੀਰ (ਮੂਰਤ) ਦੇਖ ਕੇ ਹੀ ਉਸ ਉਪਰ ਮੋਹਿਤ ਹੁੰਦੀ ਹੈ।

**2.5.3.4** ਡਾ. ਅਮਰਜੀਤ ਸਿੰਘ ਕਾਂਗ ਨੇ ਪੰਜਾਬੀ ਕਿੱਸਾ ਕਾਵਿ ਵਿਚਲੇ ਅਧਿਆਤਮਕ ਅੰਸ਼ਾਂ ਨੂੰ ਸੂਫ਼ੀ ਕਾਵਿ ਪਰੰਪਰਾ ਦੇ ਪ੍ਰਭਾਵ ਨਾਲ ਜੋੜ ਕੇ ਵੇਖਿਆ ਹੈ। ਉਸ ਅਨੁਸਾਰ ਜੈਵਿਕ ਰਿਸ਼ਤੇ ਨੂੰ ਕਿਸੇ ਦਿੱਬ-ਸ਼ਕਤੀ ਦੀ ਪ੍ਰਵਾਨਗੀ ਨਾਲ ਜੋੜਨ ਦੀ ਰੂੜ੍ਹੀ, ਪੰਜਾਬੀ ਸਾਹਿੱਤ ਦੀ ਅਧਿਆਤਮਕ ਪਰੰਪਰਾ ਅਤੇ ਵਿਸ਼ੇਸ਼ ਤੌਰ ਤੇ ਸੂਫ਼ੀ ਕਾਵਿ ਪਰੰਪਰਾ ਦੇ ਪ੍ਰਭਾਵ ਦਾ ਹੀ ਪ੍ਰਤੀਕਰਮ ਹੈ। ਦੂਜੇ ਪਾਸੇ ਕਿੱਸਾ ਕਾਵਿ ਨੇ

ਵੀ ਸੂਫ਼ੀ ਕਾਵਿ ਨੂੰ ਪ੍ਰਭਾਵਿਤ ਕੀਤਾ। ਸੂਫ਼ੀਆਂ ਨੇ ਜਦੋਂ ਕਿੱਸਾ ਕਾਵਿ ਦੇ ਪ੍ਰਮੁੱਖ ਪਾਤਰਾਂ ਨੂੰ ਰਹੱਸਵਾਦੀ ਅਨੁਭਵ ਦੇ ਪ੍ਰਗਟਾਏ ਲਈ ਪ੍ਰਤੀਕਾਂ ਵਜੋਂ ਚੁਣਿਆ ਤਾਂ ਲੋਕ-ਮਨ ਵਿਚ ਕਿੱਸਿਆਂ ਦੇ ਪਾਤਰਾਂ ਪ੍ਰਤੀ ਸ਼ਰਧਾ ਪੈਦਾ ਹੋਣੀ ਸੁਭਾਵਿਕ ਹੀ ਸੀ। (ਕਿੱਸਾ ਸੰਸਾਰ, ਪੰਨਾ 26)

**2.5.3.5** ਸਥਾਪਤੀ ਅਤੇ ਵਿਦਰੋਹ ਦੇ ਪਰਸਪਰ ਰਿਸ਼ਤੇ ਨੂੰ ਸਮਝਣ ਲਈ ਸਾਨੂੰ ਮਧਕਾਲੀਨ ਸਮਾਜ ਦੇ ਮੁੱਲ ਵਿਧਾਨ ਅਤੇ ਚਰਿੱਤਰ ਦੀ ਪਹਿਚਾਣ ਕਰਨੀ ਹੋਵੇਗੀ। ਆਰਥਿਕ ਲੁੱਟ-ਖਸੁੱਟ ਦੇ ਇਸ ਪ੍ਰਬੰਧ ਵਿਚ ਧਨ, ਸੰਪਤੀ, ਜ਼ਮੀਨ ਅਤੇ ਜਾਇਦਾਦ ਹੀ ਮਹਤਵਯੋਗ ਸਮਝੇ ਜਾਂਦੇ ਸਨ ਕਿਉਂ ਜੋ ਹਾਕਮ-ਸ਼੍ਰੇਣੀ ਦੀ ਪ੍ਰਭੁਤਾ ਇਨ੍ਹਾਂ ਵਸਤਾਂ ਨੇਹੀ ਬਣਾਈ ਹੋਈ ਸੀ। ਅਜਿਹੀ ਸਥਿਤੀ ਵਿਚ ਉਚੇਰੀਆਂ ਕਦਰਾਂ-ਕੀਮਤਾਂ ਪਿਠਭੂਮੀ ਵਿਚ ਚਲੀਆਂ ਗਈਆਂ ਸਨ। ਸਿੱਖ ਗੁਰੂ ਸਾਹਿਬਾਨ ਅਤੇ ਸੂਫ਼ੀ ਦਰਵੇਸ਼ਾਂ ਨੇ ਧਨ, ਦੌਲਤ ਅਤੇ ਮਹਿਲ-ਮਾੜੀਆਂ ਨੂੰ ਨਾਸ਼ਮਾਨ ਘੋਸ਼ਿਤ ਕਰਕੇ ਇਕ ਨਵੇਂ ਮੁਲ-ਵਿਧਾਨ ਦੀ ਸਿਰਜਣਾ ਕੀਤੀ। ਇਸੇ ਤਰ੍ਹਾਂ ਕਿੱਸਾ ਕਾਵਿ ਵੀ ਜਾਗੀਰਦਾਰੀ ਪ੍ਰਬੰਧ ਦੇ ਜੀਵਨ ਮਾਡਲ ਨੂੰ ਨਕਾਰ ਕੇ ਅਜਿਹੇ ਮਾਡਲ ਦਾ ਆਵਿਸ਼ਕਾਰ ਕਰਨ ਲਈ ਯਤਨਸ਼ੀਲ ਦਿਖਾਈ ਦਿੰਦਾ ਹੈ ਜੋ ਸੁਤੰਤਰ ਇੱਛਾ, ਬਰਾਬਰੀ ਅਤੇ ਸਵੈ-ਚੋਣ ਦੇ ਆਧਾਰ-ਸਤੰਭਾਂ ਉਪਰ ਟਿਕਿਆ ਹੋਇਆ ਹੈ। ਇਸ ਪ੍ਰਸੰਗ ਵਿਚ ਡਾ. ਜਗਬੀਰ ਸਿੰਘ ਦਾ ਕਥਨ ਉੱਲੇਖਯੋਗ ਹੈ ਕਿ ਪੰਜਾਬੀ ਕਿੱਸਾ ਪਰੰਪਰਾ ਨੇ ਆਪਣੇ ਸਮਕਾਲੀ ਸਮਾਜਿਕ ਪਰਿਵੇਸ਼ ਵਿਚ ਸਥਾਪਿਤ ਧਨ-ਸੰਪਤੀ ਦੀ ਅਮਾਨਵੀ ਸਰਦਾਰੀ ਨੂੰ ਇਸ਼ਕ ਦੇ ਮਾਨਵੀ ਵਿਦਰੋਹ ਰਾਹੀਂ ਵੰਗਾਰਨ ਦੀ ਕੋਸ਼ਿਸ਼ ਕੀਤੀ। ਇਹ ਵਿਦਰੋਹ ਪ੍ਰਤੀਕਾਤਮਕ ਰੂਪ ਵਿਚ ਜਾਗੀਰਦਾਰੀ ਨਿਜ਼ਾਮ ਦੇ ਵਿਰੁੱਧ ਇਕ ਨੈਤਿਕ ਬਗ਼ਾਵਤ ਸੀ। (ਪੰਜਾਬੀ ਸਾਹਿੱਤ ਦਾ ਇਤਿਹਾਸ :ਆਦਿਕਾਲ, ਪੰਨਾ 88)

## 2.5.4 ਕਿੱਸਾ ਕਾਵਿ ਪਰੰਪਰਾ ਪਹਿਲਾ ਦੌਰ (ਸਤਾਰ੍ਹਵੀਂ ਸਦੀ ਤਕ)

ਪੰਜਾਬੀ ਕਿੱਸਾ ਕਾਵਿ ਪਰੰਪਰਾ ਦਾ ਪਹਿਲਾ ਵੱਡਾ ਕਵੀ ਦਮੋਦਰ ਸੋਲ੍ਹਵੀਂ ਸਦੀ ਵਿਚ ਹੋਇਆ। ਉਸ ਨੇ ਆਪਣੇ ਕਿੱਸੇ ਵਿਚ ਕਈ ਥਾਵਾਂ ਤੇ ਇਸ ਤੱਥ ਵੱਲ ਸੰਕੇਤ ਕੀਤਾ ਹੈ,ਜਿਵੇਂ: ਪਾਤਸ਼ਾਹੀ ਜੋ ਅਕਬਰ ਸੰਦੀ, ਦਿਨ ਦਿਨ ਚੜ੍ਹੇ ਸਵਾਈ।ਦਮੋਦਰ ਤੋਂ ਸ਼ੁਰੂ ਹੋਈ ਇਹ ਪਰੰਪਰਾ, ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਤਕ ਗਤੀਸ਼ੀਲ ਰਹੀ। ਇਸ ਪਰੰਪਰਾ ਨਾਲ ਸੰਬੰਧਿਤ ਕੁਝ ਇਕ ਪ੍ਰਮੁੱਖ ਕਵੀ ਇਸ ਪ੍ਰਕਾਰ ਹਨ:

### 2.5.4.1 ਦਮੋਦਰ

ਦਮੋਦਰ ਨੇ ਕੇਵਲ ਇਕ ਹੀ ਕਿੱਸਾ 'ਹੀਰ ਦਮੋਦਰ' ਲਿਖਿਆ ਹੈ।ਉਹ ਕਿੱਸੇ ਵਿਚ ਹੀਰ-ਰਾਂਝੇ ਦੀ ਪ੍ਰੇਮ-ਕਹਾਣੀ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ ਹੋਣ ਦਾ ਦਾਅਵਾ ਕਰਦਾ ਹੈ: ਅੱਖੀਂ ਡਿੱਠਾ ਕਿੱਸਾ ਕੀਤਾ ਮੈਂ ਤਾਂ ਗੁਣੀ ਨਾ ਕੋਈ। ਪਰੰਤੂ ਉਸਦਾ ਇਹ ਕਥਨ ਐਵੇਂ ਇਕ ਕਾਵਿ-ਰੂੜ੍ਹੀ ਹੀ ਹੈ ਕਿਉਂਕਿ ਹੀਰ-ਰਾਂਝੇ ਦਾ ਪ੍ਰੇਮ ਬਹੁਤ ਸਮਾਂ ਪਹਿਲਾਂ ਵਾਪਰ ਚੁੱਕਾ ਸੀ। ਸ਼ਾਹ ਹੁਸੈਨ ਨੇ ਵੀ ਹੀਰ-ਰਾਂਝੇ ਦੇ ਪ੍ਰੇਮ ਸੰਬੰਧੀ ਟਿੱਪਣੀ ਕੀਤੀ ਹੈ:

> ਹੀਰ ਨੂੰ ਇਸ਼ਕ ਚਰੋਕਾ ਆਹਾ ਜਾ ਆਈ ਦੁਧ ਵਾਤੀ।
>
> ਵਿਚ ਪੰਘੂੜੇ ਦੇ ਪਈ ਤੜਫ਼ੇ ਵੇਦਨ ਕਹੀ ਨ ਜਾਤੀ।

ਮੀਆਂ ਮੌਲਾ ਬਖ਼ਸ਼ ਕੁਸ਼ਤਾ ਦਾ ਵਿਚਾਰ ਹੈ ਕਿ ਹੀਰ-ਰਾਂਝੇ ਦੀ ਕਥਾ ਬਹਿਲੋਲ ਲੋਧੀ ਦੇ ਸਮੇਂ (1450-1488) ਵਿਚ ਵਾਪਰੀ। ਉਹ ਲਿਖਦਾ ਹੈ ਕਿ 'ਤਾਰੀਖ਼ ਝੰਗ ਸਿਆਲ'ਵਿਚ ਹੀਰ ਦੇ ਮਰਨ ਦਾ ਸਾਲ 1452 ਈ. ਲਿਖਿਆ ਹੈ।ਦਮੋਦਰ ਨੇ ਆਪਣੇ ਕਿੱਸੇ ਵਿਚ ਹੀਰ ਅਤੇ ਰਾਂਝੇ ਦੇ ਇਕੱਠੇ ਹੋਣ ਦੀ ਘਟਨਾ 1529 ਬਿਕਰਮੀ (1472 ਈ.) ਵਿਚ ਵਾਪਰਦੀ ਦੱਸੀ ਹੈ।ਦੇਖੋ:

ਪੰਦਰਾਂ ਸੌ ਅਤੇ ਉਨਤਰੀ ਸੰਮਤ ਬਿਕਰਮ ਰਾਏ।
ਹੀਰ ਤੇ ਰਾਂਝਾ ਹੋਏ ਇਕੱਠੇ ਝੇੜੇ ਰੱਬ ਚੁਕਾਏ।

'ਹੀਰ ਦਮੋਦਰ' ਵਿਚ ਸਮਕਾਲੀ ਸਮਾਜ ਦਾ ਚਿਤ੍ਰਣ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ ਹੈ।ਕਵੀ ਨੇ ਜਨਮ, ਮੰਗਣੇ ਅਤੇ ਵਿਆਹ ਆਦਿ ਰਸਮਾਂ ਦਾ ਵਰਣਨ ਬੜੇ ਵਿਸਤਾਰ ਨਾਲ ਕੀਤਾ ਹੈ।ਦਮੋਦਰ ਅਨੁਸਾਰ ਉਸ ਸਮੇਂ ਪੰਜਾਬੀ ਸਮਾਜ ਜਾਤਾਂ-ਗੋਤਾਂ, ਕਿੱਤਿਆਂ ਅਤੇ ਜ਼ਿਮੀਦਾਰਾਂ-ਕਾਮਿਆਂ ਵਿਚ ਵੰਡਿਆ ਹੋਇਆ ਸੀ। ਪੰਜਾਬ ਦੇ ਹਿੰਦੂ-ਮੁਸਲਿਮ ਸੁਮੇਲ ਦੇ ਵਾਤਾਵਰਣ ਦੀ ਪੇਸ਼ਕਾਰੀ ਇਸ ਰਚਨਾ ਦਾ ਪ੍ਰਮੁੱਖ ਲੱਛਣ ਹੈ। ਨਵੇਂ ਬਣੇ ਮੁਸਲਮਾਨ ਅਜੇ ਪੁਰਾਣੇ ਹਿੰਦੂ ਸਭਿਆਚਾਰ ਦੀਆਂ ਰੀਤਾਂ ਨੂੰ ਨਿਭਾਉਂਦੇ ਦਿਖਾਏ ਗਏ ਹਨ। ਵਿਆਹ-ਸ਼ਾਦੀ ਦੀਆਂ ਰਸਮਾਂ ਸਮੇਂ ਕਾਜ਼ੀ ਦੇ ਨਾਲ-ਨਾਲ ਬ੍ਰਾਹਮਣ ਨੂੰ ਵੀ ਬਰਾਬਰ ਮਹਤਵ ਦਿੱਤਾ ਜਾਂਦਾ ਸੀ। ਦਮੋਦਰ ਨੇ ਹੀਰ ਦੇ ਰਾਂਝੇ ਪ੍ਰਤੀ ਪ੍ਰੇਮ ਨੂੰ ਸੂਫ਼ੀਆਨਾ ਅੰਦਾਜ਼ ਵਿਚ ਵਿਅਕਤ ਕੀਤਾ ਹੈ। ਕਵੀ ਅਨੁਸਾਰ ਹੀਰ, ਰਾਂਝੇ ਦੇ ਪ੍ਰੇਮ ਵਿਚ ਪੂਰੀ ਤਰ੍ਹਾਂ ਨਾਲ ਬੇਸੁੱਧ-ਬੇਖ਼ੁਦ ਹੋ ਗਈ ਸੀ। ਪ੍ਰੇਮ ਦਾ ਭਾਵ ਉਸ ਨੂੰ ਰਾਂਝੇ ਨਾਲ ਇਸ ਕਦਰ ਜੋੜ ਦਿੰਦਾ ਹੈ ਕਿ ਉਹ ਆਪਣੇ ਹਰ ਰਿਸ਼ਤਿਆਂ-ਨਾਤਿਆਂ ਤੋਂ ਪੂਰੀ ਤਰ੍ਹਾਂ ਨਾਲ ਅਜਨਬੀ ਹੋ ਜਾਂਦੀ ਹੈ।ਦੇਖੋ:

ਨਾ ਕੋਈ ਆਖਹੁ 'ਹੀਰੇ' ਮੈਨੂੰ, ਨਾ ਕੋਈ ਆਖ ਸਲੇਟੀ।
ਜਾਤ ਸਨਾਤ ਪਛਾਣੇਂ ਨਾਹੀਂ। ਮੈਂ ਚਾਕੇ ਨਾਲ ਚਕੇਟੀ।
ਕਦੋਂ ਚੂਚਕ ਮਾਂ ਪਿਉ ਮੈਂਡਾ, ਮੈਂ ਕਦਣ ਉਨ੍ਹਾਂ ਦੀ ਬੇਟੀ।
ਦਾਵਣ ਆਣ ਲਗੀ ਲੜ ਤੈਂਡੇ, ਜੇ ਪਵਾਂ ਕਬੂਲ ਜਟੇਟੀ।

ਦਮੋਦਰ ਨੇ ਆਪਣੇ ਇਸ ਕਿੱਸੇ ਦੀ ਰਚਨਾ ਲਹਿੰਦੀ ਪੰਜਾਬੀ ਦੀ ਇਕ ਉਪਭਾਖਾ 'ਝਾਂਗੀ' ਵਿਚ ਕੀਤੀ ਹੈ। ਹੀਰ,ਝੰਗ ਸਿਆਲ ਦੀ ਰਹਿਣ ਵਾਲੀ ਸੀ। ਇਸ ਕਾਰਨ ਇਸ ਬੋਲੀ ਵਿਚ ਪੇਸ਼ ਕੀਤੀ ਗਈ ਇਹ ਰਚਨਾ ਬਹੁਤ ਯਥਾਰਥਕ ਪ੍ਰਤੀਤ ਹੁੰਦੀ ਹੈ। ਇਸ ਵੰਨਗੀ ਦੀ ਏਨੀ ਲੰਬੀ ਬ੍ਰਿਤਾਂਤਿਕ ਰਚਨਾ ਪੰਜਾਬੀ ਵਿਚ ਹੋਰ ਕੋਈ ਨਹੀਂ ਹੈ। ਦਮੋਦਰ ਨੇ ਦਵਈਏ ਛੰਦ ਵਿਚ ਸਮੁੱਚੇ ਮਜ਼ਮੂਨ ਨੂੰ ਨਿਭਾਇਆ ਹੈ। ਇਹ ਰਚਨਾ ਨਾਟਕੀ ਮੌਕਿਆਂਨਾਲ ਭਰਪੂਰ ਹੈ। ਗੌਂਦ ਅਤੇ ਸੰਵਾਦ ਦੀਪ ਨਾਟਕੀ ਹਨ। ਦਮੋਦਰ ਬਾਰੇ ਪਿਛਲੇ ਕਵੀਆਂ ਨੇ ਬਹੁਤ ਘੱਟ ਸੰਕੇਤ ਕੀਤੇ ਹਨ। ਪਰੰਤੂ ਦਮੋਦਰ ਇਕ ਪ੍ਰਤਿਭਾਸ਼ੀਲ ਕਿੱਸਾਕਵੀ ਸੀ। ਉਸ ਨੇਪੰਜਾਬੀ ਵਿਚ ਸਭ ਤੋਂ ਵੱਧ ਰਚੇ ਗਏ ਕਿੱਸੇ 'ਹੀਰ' ਦਾ ਇਕ ਅਜਿਹਾ ਮਾਡਲ ਤਿਆਰ ਕੀਤਾ ਜਿਸ ਨੂੰ ਉਸਦੇ ਪਿਛੋਂ ਆਉਣ ਵਾਲੇ ਕਵੀਆਂ, ਮੁਕਬਲ ਅਤੇ ਵਾਰਿਸ ਨੇ ਬੜੀ ਸਫ਼ਲਤਾ ਨਾਲ ਵਰਤਿਆ।

## 2.5.4.2 ਪੀਲੂ

ਪੀਲੂ ਪਿੰਡ ਵੈਰੋਵਾਲ ਜ਼ਿਲਾ ਤਰਨਤਾਰਨ ਦਾ ਵਸਨੀਕ ਸੀ। ਪੀਲੂ ਦੀ ਸ਼ਖਸੀਅਤ ਬਾਰੇ ਇਹ ਅਨੁਮਾਨ ਲਗਾਇਆ ਜਾਂਦਾ ਹੈ, ਕਿ ਉਹ ਵੀ ਦਮੋਦਰ ਵਾਂਗ ਬਹੁਤਾ ਪੜ੍ਹਿਆ ਲਿਖਿਆ ਨਹੀਂ ਸੀ। ਕਾਫ਼ੀ ਸਮਾਂ ਉਸ ਦਾ ਕਿੱਸਾ 'ਮਿਰਜ਼ਾ-ਸਾਹਿਬਾਂ' ਲਿਖਤੀ ਰੂਪ ਵਿਚ ਮੌਜੂਦ ਨਹੀਂ ਸੀ। ਰਿਚਰਡ ਟੈਂਪਲ ਨੇ ਪਹਿਲੀ ਵਾਰ ਇਸ ਕਿੱਸੇ ਦੀ ਲਿਖਤੀ ਟੈਕਸਟ ਤਿਆਰ ਕਰਵਾਈ। ਬਾਅਦ ਵਿਚ ਬਾਵਾ ਬੁੱਧ ਸਿੰਘ ਨੇ ਪੀਲੂ ਦੁਆਰਾ ਲਿਖਤ ਇਸ ਰਚਨਾ ਨੂੰ 'ਬੰਬੀਹਾ ਬੋਲ' ਵਿਚ ਅੰਕਿਤ ਕੀਤਾ। ਪੀਲੂ ਕਾਫ਼ੀ ਲੋਕਪ੍ਰਿਅ ਕਵੀ ਸੀ ਅਤੇ ਉਸ ਤੋਂ ਪਿਛੋਂ ਆਉਣ ਵਾਲੇ ਕਵੀਆਂ ਨੇ ਉਸਦਾ ਜ਼ਿਕਰ ਬੜੇ ਸਤਿਕਾਰ ਨਾਲ ਕੀਤਾ ਹੈ। ਦੇਖੋ:

ਯਾਰੋ ਪੀਲੂ ਨਾਲ ਬਰਾਬਰੀ ਸ਼ਾਇਰ ਭੁੱਲ ਕਰੇਨ।
ਉਹਨੂੰ ਪੰਜਾਂ ਪੀਰਾਂ ਦੀ ਥਾਪਣਾ, ਕੰਧੀਂ ਦਸਤ ਧਰੇਨ।

(ਹਾਫ਼ਿਜ਼ ਬਰਖ਼ੁਰਦਾਰ)

ਪੀਲੂ ਨਾਲ ਨਾ ਰੀਸ ਕਿਸੇ ਦੀ, ਉਸ ਵਿਚ ਮੋਜ਼ ਅਲਹਿਦੀ।
ਮਸਤ ਨਿਗਾਹ ਕੀਤੀ ਉਸ ਪਾਸੇ, ਕਿਸੇ ਫ਼ਕੀਰ ਵਲੀ ਦੀ।

(ਅਹਿਮਦ ਯਾਰ)

'ਮਿਰਜ਼ਾ ਸਾਹਿਬਾਂ' ਦੀ ਕਹਾਣੀ ਦੇ ਕਈ ਪਾਠ ਪ੍ਰਾਪਤ ਹੁੰਦੇ ਹਨ।ਸਵਿਨਰਟਨ ਨੇ 'Romantic Tales of the Punjab' ਵਿਚ ਜੋ ਵਾਰਤਾ ਪੇਸ਼ ਕੀਤੀ ਹੈ, ਉਸ ਵਿਚ ਪੀਲੂ ਦਾ ਜ਼ਿਕਰ ਤਾਂ ਹੈ ਪਰ ਕਹਾਣੀ ਕਾਫ਼ੀ ਵੱਖਰੀ ਹੈ, ਨਾਵਾਂ-ਥਾਵਾਂ ਵਿਚ ਵੀ ਫ਼ਰਕ ਹੈ। ਬਾਵਾ ਬੁੱਧ ਸਿੰਘ ਨੇ ਰਿਚਰਡ ਟੈਂਪਲ ਦੀ ਪੁਸਤਕ ਵਿਚੋਂ ਇਸ ਕਿੱਸੇ ਦਾ ਜੋ ਪਾਠ ਉਤਾਰਿਆ ਹੈ, ਉਹ ਕਾਫ਼ੀ ਉਘੜ-ਦੁਘੜਾ ਅਤੇ ਨਾਮੁਕੰਮਲ ਹੈ। ਇਸ ਦੇ ਪਹਿਲੇ ਬੰਦ ਵਿਚ ਖੀਵੇ ਖਾਨ ਦੇ ਘਰ ਸਾਹਿਬਾਂ ਦੇ ਜਨਮ ਲੈਣ ਦਾ ਵੇਰਵਾ ਹੈ। ਦੂਜੇ ਬੰਦ ਵਿਚ ਖਰਲਾਂ ਦੇ ਘਰ ਮਿਰਜ਼ੇ ਦੇ ਜਨਮ ਲੈਣ ਦੀ ਸੂਚਨਾ ਦਿੱਤੀ ਗਈ ਹੈ ਅਤੇ ਤੀਜੇ ਬੰਦ ਵਿਚ ਮਸੀਤੇ ਪੜ੍ਹਦਿਆਂ ਮਿਰਜ਼ਾ ਅਤੇ ਸਾਹਿਬਾਂ ਦੇ ਪ੍ਰੇਮ ਦਾ ਜ਼ਿਕਰ ਹੈ। ਇਸ ਤਰ੍ਹਾਂ ਪੀਲੂ ਦੀ ਕਹਾਣੀ ਬੜੀ ਤੇਜ਼ੀ ਨਾਲ ਛੜੱਪੇ ਮਾਰਦੀ ਹੋਈ ਅੱਗੇ ਵਧਦੀ ਜਾਂਦੀ ਹੈ। ਪੀਲੂ, ਕਿੱਸਾ ਕਾਵਿ ਪਰੰਪਰਾ ਦਾ ਪਾਲਣ ਕਰਦਾ ਹੋਇਆ ਇਸਤ੍ਰੀ-ਨਿੰਦਾ ਵੀ ਕਰ ਜਾਂਦਾ ਹੈ। ਦੇਖੋ:

ਚੜ੍ਹਦੇ ਮਿਰਜ਼ਾ ਖਾਨ ਨੂੰ, ਵੰਝਲ ਦਿੰਦਾ ਮੱਤ।
ਭਠ ਰੰਨਾਂ ਦੀ ਦੋਸਤੀ, ਖੁਰੀਂ ਜਿਨ੍ਹਾਂ ਦੀ ਮੱਤ।
ਹੱਸ ਹੱਸ ਲਾਉਂਦੀਆਂ ਯਾਰੀਆਂ, ਰੋ ਕੇ ਦੇਵਣ ਦੱਸ।
ਲੱਖੀਂ ਹੱਥ ਨਾ ਆਂਵਦੀ, ਦਾਨਸ਼ਮੰਦਾਂ ਦੀ ਪੱਤ।

ਮੌਲਾ ਬਖ਼ਸ਼ ਕੁਸ਼ਤਾ ਪੀਲੂ ਦੀ ਕਾਵਿ ਕਲਾ ਬਾਰੇ ਵਿਚਾਰ ਪ੍ਰਗਟ ਕਰਦਾ ਹੋਇਆ ਲਿਖਦਾ ਹੈ ਕਿ ਉਸਦੇ ਕਲਾਮ ਵਿਚ ਬਹੁਤ ਮੋਜ਼ ਅਤੇ ਰਵਾਨੀ ਹੈ।ਉਸਨੇ ਤਸ਼ਬੀਹਾਂ, ਇਸਤਿਆਰੇ ਅਤੇ ਮੁਹਾਵਰੇ ਬਹੁਤ ਸੋਹਣੇ ਵਰਤੇ ਹਨ। (ਪੰਜਾਬੀ ਸ਼ਾਇਰਾਂ ਦਾ ਤਜ਼ਕਰਾ, ਪੰਨਾ 68) ਪੀਲੂ ਦੀ ਕਾਵਿ-ਸਮਰੱਥਾ ਬੜੀ ਹੈਰਾਨੀਜਨਕ ਹੈ। ਉਹ ਸੂਤਰਬੱਧ ਢੰਗ ਨਾਲ ਘਟਨਾਵਾਂ ਦੀ ਗਤੀ ਨੂੰ ਵਿਉਂਤਬੱਧ ਕਰਦਾ ਹੋਇਆ ਆਪਣੇ ਕਿੱਸੇ ਨੂੰ ਅੱਗੇ ਵਧਾਉਂਦਾ ਹੈ। ਪੀਲੂ ਰਚਿਤ ਕਈ ਪੰਕਤੀਆਂ ਪੰਜਾਬੀ ਲੋਕਾਂ ਦੀ ਸੂਰਮਗਤੀ ਦਾਇਕ ਸਹਿਜ-ਪ੍ਰਮਾਣ ਬਣ ਗਈਆਂ ਹਨ। ਦੇਖੋ:

ਕੰਨ ਲੰਮੇ ਖੁਰ ਪਤਲੇ, ਦੁਮ ਬਗੀ ਦੀ ਸਿਆਹ।
ਦੇਖ ਕੇ ਇਸ ਦੀ ਤੋਰ ਨੂੰ, ਝੋਰੇ ਚਿੱਤ ਨਾ ਪਾ।
ਦਸ ਮਹੀਆਂ ਦਾ ਘਿਉ ਦਿੱਤਾ ਬੱਗੀ ਦੇ ਢਿਡ ਪਾ।
ਬੱਗੀ ਤੋਂ ਡਰਨ ਫਰੇਸ਼ਤੇ, ਮੈਥੋਂ ਡਰੇ ਖ਼ੁਦਾ।

ਪੀਲੂ ਨੇ ਆਪਣੀ ਇਸ ਰਚਨਾ ਵਿਚ ਕੇਂਦਰੀ ਪੰਜਾਬੀ ਦਾ ਬੜਾ ਢੁੱਕਵਾਂ ਪ੍ਰਯੋਗ ਕੀਤਾ ਹੈ। ਉਸ ਦੀ ਬੋਲੀ ਉਤੇ ਫ਼ਾਰਸੀ, ਸੰਸਕ੍ਰਿਤ, ਬ੍ਰਜੀ ਜਾਂ ਸਾਧ-ਭਾਖਾ ਦਾ ਕੋਈ ਪ੍ਰਭਾਵ ਨਹੀਂ ਹੈ।ਇਹ ਉਹ ਬੋਲੀ ਹੈ। ਜਿਸ ਨੂੰ ਸਦੀਆਂ ਬੀਤ ਜਾਣ ਤੋਂ ਬਾਅਦ ਵੀ ਪੰਜਾਬ ਦੇ ਪਿੰਡਾਂ ਵਿਚ ਲਗਪਗ ਉਸੇ ਤਰ੍ਹਾਂ ਬੋਲਿਆ ਜਾਂਦਾ ਹੈ। ਪੀਲੂ ਦਾ ਪ੍ਰਗਟਾ ਢੰਗ, ਸਿੱਧਾ, ਸਰਲ ਅਤੇ ਸਹਿਜ ਹੈ। ਇਸ ਵਿਚ ਕੋਈ ਬਣਾਉਟੀਪਣ ਨਹੀਂ। ਪੀਲੂ ਨੇ 'ਸੱਦ' ਛੰਦ ਵਿਚ ਆਪਣਾ ਇਹ ਕਿੱਸਾ ਰਚਿਆ, ਜੋ ਉਸ ਸਮੇਂ ਦਾ ਇਕ ਪ੍ਰਸਿੱਧ ਛੰਦ ਸੀ ਅਤੇ ਪੀਲੂ ਤੋਂ ਵੀ ਬਹੁਤ ਸਮਾਂ ਪਹਿਲਾਂ ਮਧਕਾਲੀਨ ਕਵੀ ਇਸਦਾ ਪ੍ਰਯੋਗ ਕਰ ਰਹੇ ਸਨ। ਪੀਲੂ

ਦੀ ਇਸ ਰਚਨਾ ਦੇ ਬੰਦ ਆਮ ਕਰਕੇ ਚੌਤੁਕੀਏ ਹਨ ਪਰ ਕਿਧਰੇ-ਕਿਧਰੇ ਅਪਵਾਦ ਵੀ ਨਜ਼ਰ ਆ ਜਾਂਦਾ ਹੈ। ਬੀਰ ਅਤੇ ਕਰੁਣਾ ਰਸ ਦੇ ਪ੍ਰਗਟਾਵੇ ਲਈ ਇਹ ਛੰਦ ਬਹੁਤ ਢੁੱਕਵਾਂ ਹੈ।ਭਾਵੇਂ ਇਹ ਇਕ ਦੁਖਾਂਤਿਕ ਰਚਨਾ ਹੈ ਪਰ ਇਸ ਵਿਚ ਕਰੁਣਾ ਨਾਲੋਂ ਬੀਰ ਰਸ ਦੀ ਪ੍ਰਮੁਖਤਾ ਦਿਖਾਈ ਦਿੰਦੀ ਹੈ। ਪੀਲੂ ਨੇ ਮਿਰਜ਼ੇ ਨੂੰ ਪੰਜਾਬੀ ਚਰਿਤਰ ਵਿਚਲੀ ਦ੍ਰਿੜ੍ਹਤਾ ਅਤੇ ਨਿਡਰਤਾ ਦਾ ਪ੍ਰਤੀਕ ਬਣਾ ਕੇ ਪੇਸ਼ ਕੀਤਾ ਹੈ।

## 2.5.4.3 ਹਾਫ਼ਿਜ਼ ਬਰਖ਼ੁਰਦਾਰ

ਹਾਫ਼ਿਜ਼ ਬਰਖ਼ੁਰਦਾਰ ਸ਼ਾਹ ਜਹਾਨ ਅਤੇ ਔਰੰਗਜ਼ੇਬ ਦਾ ਸਮਕਾਲੀ ਸੀ। ਉਸਦਾ ਜਨਮ 1030 ਹਿਜਰੀ ਦੇ ਆਸ-ਪਾਸ ਹੋਇਆ। ਉਸ ਦਾ ਮੁਢਲਾ ਗੋਤ 'ਰਾਂਝਾ' ਸੀ ਅਤੇ ਉਹ ਤਖ਼ਤ ਹਜ਼ਾਰੇ ਦੇ ਨੇੜੇ ਵਸੇ ਇਕ ਪਿੰਡ 'ਮੁਸਲਮਾਨੀ' ਦਾ ਰਹਿਣ ਵਾਲਾ ਸੀ। ਹਾਫ਼ਿਜ਼ ਉਸ ਨੂੰ ਇਸ ਲਈ ਕਹਿੰਦੇ ਸਨ ਕਿਉਂਕਿ ਉਸਨੇ ਪਵਿੱਤਰ ਕੁਰਾਨ ਹਿਫਜ਼ (ਯਾਦ) ਕੀਤਾ ਹੋਇਆ ਸੀ। ਉਸ ਨੇ ਬਹੁਤ ਸਾਰੇ ਕਿੱਸੇ ਲਿਖੇ, ਜਿਨ੍ਹਾਂ ਵਿਚੋਂ ਸੱਸੀ ਪੁਨੂੰ, ਮਿਰਜ਼ਾ-ਸਾਹਿਬਾਂ ਅਤੇ ਯੂਸਫ਼ ਜ਼ੁਲੈਖਾ ਕਾਫ਼ੀ ਪ੍ਰਸਿੱਧ ਹੋਏ। ਹਾਫ਼ਿਜ਼ ਤੋਂ ਪਹਿਲਾਂ ਹੋਏ ਕਿੱਸਾ ਕਵੀ ਸਹਿਜ-ਸੁਭਾਵਿਕ ਅੰਦਾਜ਼ ਵਿਚ ਕਿੱਸਾਕਾਰੀ ਕਰਦੇ ਸਨ ਪਰੰਤੂ ਹਾਫ਼ਿਜ਼ ਦੇ ਸਮੇਂ ਤਕ ਕਿੱਸਾ ਕਾਵਿ ਦੀਆਂ ਰਵਾਇਤਾਂ ਪਰਿਪੱਕ ਹੋ ਚੁਕੀਆਂ ਸਨ। ਇਸ ਕਾਰਨ ਬਹੁਤੇ ਕਿੱਸਾ ਕਵੀ ਰਵਾਇਤੀ ਹੋਣ ਲੱਗਦੇ ਹਨ। ਅਜਿਹੇ ਕਿੱਸਾ ਕਵੀ ਮੁਸਲਮਾਨ ਜਾਗੀਰਦਾਰਾਂ ਦੇ ਮਨ-ਪਰਚਾਵੇ ਲਈ ਕਿੱਸੇ ਲਿਖਣ ਲੱਗੇ ਸਨ। ਹਾਫ਼ਿਜ਼ ਦੀ ਕਿੱਸਾਕਾਰੀ ਉਪਰ ਵੀ ਰਵਾਇਤੀ ਰੰਗ ਕਾਫ਼ੀ ਡੂੰਘਾ ਅਤੇ ਸਪਸ਼ਟ ਹੈ।

ਹਾਫ਼ਿਜ਼ ਬਰਖ਼ੁਰਦਾਰ ਨੇ ਪੀਲੂ ਦੇ ਕਿੱਸੇ 'ਮਿਰਜ਼ਾ ਸਾਹਿਬਾਂ' ਨੂੰ ਮੁਕੰਮਲ ਕੀਤਾ ਅਰਥਾਤ ਇਸ ਵਿਚ ਰਹਿ ਗਏ ਖੱਪਿਆਂ ਨੂੰ ਪੂਰਿਆ। ਇਸ ਕਾਰਨ ਦੋਹਾਂ ਕਿੱਸਿਆਂ ਦਾ ਬ੍ਰਿਤਾਂਤ ਇਕ ਦੂਜੇ ਵਿਚ ਰਲ-ਮਿਲ ਗਿਆ ਹੈ। 'ਯੂਸਫ਼ ਜ਼ੁਲੈਖਾ' ਦੀ ਰਚਨਾ ਹੋਣ ਨਾਲ ਪੰਜਾਬੀ ਕਿੱਸਿਆਂ ਉਪਰ ਫ਼ਾਰਸੀ ਪ੍ਰਭਾਵ ਪੈਣ ਲੱਗਦਾ ਹੈ ਅਤੇ ਸਾਡੇ ਕਵੀ ਵਿਸ਼ੇ-ਵਸਤੂ ਦੇ ਨਾਲ-ਨਾਲ ਰਚਨਾ-ਵਿਧੀ ਦੇ ਪ੍ਰਸੰਗ ਵਿਚ ਫ਼ਾਰਸੀ ਕਿੱਸਾ ਪਰੰਪਰਾ ਦਾ ਪ੍ਰਯੋਗ ਕਰਨ ਲੱਗਦੇ ਹਨ। ਬਿਆਨ ਦੀ ਮੌਲਿਕਤਾ ਲੋਪ ਹੋਣ ਲੱਗਦੀ ਹੈ ਅਤੇ ਕਾਵਿ-ਸ਼ੈਲੀ ਉੱਪਰ ਰਸਮੀ ਰੰਗ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ। ਇਸ ਪ੍ਰਸੰਗ ਵਿਚ ਹਾਫ਼ਿਜ਼ ਦੀ ਕਾਵਿ-ਸ਼ੈਲੀ ਦਾ ਇਕ ਨਮੂਨਾ ਵੇਖੋ:

> ਪਲਕਾਂ ਤੀਰ, ਕਮਾਨਾਂ ਅਬਰੂ, ਦੰਦ ਚੰਬੇ ਦੀਆਂ ਕਲੀਆਂ।
> ਨਾਜ਼ਕ ਬਦਨ, ਸੁਰਾਹੀ ਗਰਦਨ, ਉੱਗਲੀਆਂ ਜਿਉਂ ਫਲੀਆਂ।
> ਠੋਡੀ ਸੇਬ, ਅਲਫ਼ ਜੋ ਬੱਤੀ, ਲੌਂਗ ਅਨਾਬ ਸਮਾਵੇ।
> ਗੁਲ ਲਾਲੇ ਤੋਂ ਰੰਗ ਸਵਾਇਆ, ਦੇਖ ਪਰੀ ਸ਼ਰਮਾਵੇ।

(ਯੂਸਫ਼ ਜ਼ੁਲੈਖਾ)

ਹਾਫ਼ਿਜ਼ ਬਰਖ਼ੁਰਦਾਰ ਸੁੰਦਰਤਾ ਦੇ ਕਾਮੁਕ ਪੱਖ ਦੀ ਪੇਸ਼ਕਾਰੀ ਕਰਨ ਸਮੇਂ ਨਿਰਸੰਕੋਚ ਹੋ ਕੇ ਅੰਗ-ਪ੍ਰਤੀ-ਅੰਗ ਦਾ ਵਰਣਨ ਕਰਦਾ ਹੈ। ਦੇਖੋ:

> ਉਹਦੇ ਪੱਟ ਚੰਦਨ ਦੀਆਂ ਗੇਲੀਆਂ, ਚਿਣਗੇ ਮੁਸ਼ਕ ਛੜੰਨ।
> ਉਹਦੀ ਧੁੰਨੀ ਤੁੰਗ ਸ਼ਰਾਬ ਦੀ, ਆਸ਼ਕ ਘੁਟ ਭਰੰਨ।
> ਉਹਦੇ ਸੀਨੇ ਤੇ ਦੋ ਡੱਬੀਆਂ, ਆਸ਼ਕ ਮਸਤ ਕਰੰਨ।
> ਉਪਰ ਭੋਛਣ ਕਾਢਵਾਂ, ਵਿਚ ਤਿਲੀਅਰ ਚੋਗ ਚੁਗੰਨ।

(ਮਿਰਜ਼ਾ ਸਾਹਿਬਾਂ)

ਹਾਫ਼ਿਜ਼ ਬਰਖ਼ੁਰਦਾਰ ਨੇ 'ਕਿੱਸਾ ਸੱਸੀ ਪੁਨੂੰ' ਵੀ ਲਿਖਿਆ। ਇਸ ਦੇ 51 ਬੰਦ ਮਿਲਦੇ ਹਨ। ਉਸਦੀਆਂ ਤਿੰਨ ਸੀਹਰਫ਼ੀਆਂ ਅਤੇ ਇੱਕ ਬਾਰਮਾਹ ਵੀ ਮਿਲਦਾ ਹੈ। ਡਾ. ਮੋਹਨ ਸਿੰਘ ਉਸ ਨੂੰ ਇਕ ਮਹਾਨ ਸਾਹਿਤਕਾਰ ਮੰਨਦਾ ਹੈ, ਜਿਸਨੇ ਹਰ ਵਰਗ ਦੇ ਪਾਠਕਾਂ ਨੂੰ ਪ੍ਰਭਾਵਿਤ ਕੀਤਾ। ਉਸ ਨੂੰ ਇਸਲਾਮੀ ਧਰਮ ਅਤੇ ਸ਼ਰ੍ਹਾ ਦਾ ਪੂਰਨ ਗਿਆਨ ਸੀ ਅਤੇ ਇਕ ਤੋਂ ਬਾਅਦ ਇਕ ਰਚਨਾ ਕਰਕੇ ਉਸਨੇ ਪੰਜਾਬੀ ਸਾਹਿੱਤ ਦੇ ਭੰਡਾਰ ਨੂੰ ਭਰਪੂਰ ਕੀਤਾ। (ਏ ਹਿਸਟਰੀ ਆਫ ਪੰਜਾਬੀ ਲਿਟਰੇਚਰ, ਪੰਨਾ 48)

### 2.5.4.4 ਅਹਿਮਦ ਗੁੱਜਰ

ਅਹਿਮਦ ਗੁੱਜਰ, ਔਰੰਗਜ਼ੇਬ ਦੇ ਕਾਲ ਵਿਚ ਹੋਇਆ। ਉਸ ਨੇ ਪਹਿਲੀ ਵਾਰ 'ਕਿੱਸਾ ਹੀਰ ਰਾਂਝਾ' ਬੈਂਤ ਛੰਦ ਵਿਚ ਲਿਖਿਆ। ਅਹਿਮਦ ਹੁਸੈਨ ਕੁਰੈਸ਼ੀ ਅਨੁਸਾਰ ਜਿਹੜੀ ਪਰੰਪਰਾ ਹਾਫ਼ਿਜ਼ ਬਰਖ਼ੁਰਦਾਰ ਨਾਲ ਸ਼ੁਰੂ ਹੁੰਦੀ ਹੈ। ਉਹ ਅਹਿਮਦ ਦੇ ਕਿੱਸੇ ਨਾਲ ਸਿਖਰ ਉਤੇ ਪਹੁੰਚਦੀ ਹੈ ਅਤੇ ਪਿਛੋਂ ਆਉਣ ਵਾਲੇ ਕਵੀਆਂ ਲਈ ਮੀਲ-ਪੱਥਰ ਦਾ ਕੰਮ ਕਰਦੀ ਹੈ। ਅਹਿਮਦ ਨੇ ਆਪਣਾ ਇਹ ਕਿੱਸਾ 1692 ਈ. ਵਿਚ ਮੁਕੰਮਲ ਕੀਤਾ। ਮੁਕਬਲ ਅਤੇਵਾਰਿਸ ਨੇ ਇਸੇ ਕਿੱਸੇ ਦੀ ਨੀਂਹ ਉਤੇ ਸੁੰਦਰ ਭਵਨ ਉਸਾਰੇ। ਇਨ੍ਹਾਂ ਦੋਹਾਂ ਕਵੀਆਂ ਨੇ ਅਹਿਮਦ ਦੇ ਕਿੱਸੇ ਦੀ ਕਥਾ-ਵਸਤੂ ਦਾ ਖੁਲ੍ਹਾ ਪ੍ਰਯੋਗ ਕੀਤਾ। ਅਹਿਮਦ ਦਾ ਵਾਰਿਸ ਉਪਰ ਏਨਾ ਪ੍ਰਭਾਵ ਪਿਆ ਕਿ ਦੋਹਾਂ ਦੀਆਂ ਬਹੁਤ ਸਾਰੀਆਂ ਤੁਕਾਂ ਰਲਦੀਆਂ-ਮਿਲਦੀਆਂ ਹਨ। ਅਹਿਮਦ ਦੇ ਸਮੇਂ ਤਕ ਹੀਰ ਕਾਵਿ ਨੇ ਦੁਖਾਂਤਿਕ ਰੂਪ ਨਹੀਂ ਸੀ ਧਾਰਿਆ। ਬਾਅਦ ਵਿਚ ਮੁਕਬਲ ਅਤੇ ਵਾਰਿਸ ਨੇ ਹੀ ਹੀਰ ਕਾਵਿ ਨੂੰ ਦੁਖਾਂਤ ਵਜੋਂ ਪੇਸ਼ ਕੀਤਾ। ਆਪਣੇਕਿੱਸੇ ਦਾ ਅੰਤ ਕਰਦਾ ਹੋਇਆ ਅਹਿਮਦ ਲਿਖਦਾ ਹੈ:

ਡਿੱਠੇ ਹਾਜੀਆਂ ਮੱਕੇ ਦੇ ਰਾਹ ਤਿੰਨੇ, ਰਾਂਝਾ, ਹੀਰ ਤੇ ਨਾਲ ਸੀ ਮੱਝ ਬੂਰੀ।

ਰਾਂਝਾ ਰਾਹ ਵਿਖਾਂਵਦਾ ਹਾਜੀਆਂ ਨੂੰ, ਹੀਰ ਵੰਡਦੀ ਲੰਗਰ ਦੇ ਵਿਚ ਚੂਰੀ।

ਸਤਾਰ੍ਹਵੀਂ ਸਦੀ ਦੇ ਅੰਤ ਤਕ ਸਦੀਕ ਲਾਲੀ (ਕਰਤਾ ਯੂਸਫ਼ ਜ਼ੁਲੈਖਾ) ਅਤੇ ਹਾਮਦ ਸ਼ਾਹ ਅੱਬਾਸੀ (ਕਰਤਾ ਹੀਰ ਰਾਂਝਾ) ਦਾ ਵੀ ਇਸ ਪਰੰਪਰਾ ਵਿਚ ਭਰਪੂਰ ਯੋਗਦਾਨ ਰਿਹਾ।

### 2.5.5 ਦੂਜਾ ਦੌਰ : ਅਠਾਰ੍ਹਵੀਂ ਸਦੀ

ਕਿੱਸਾ ਕਾਵਿ ਪਰੰਪਰਾ ਦਾ ਦੂਜਾ ਦੌਰ ਅਠਾਰ੍ਹਵੀਂ ਸਦੀ ਤੋਂ ਸ਼ੁਰੂ ਹੁੰਦਾ ਹੈ।ਇਸ ਦੌਰ ਦੇ ਕੁਝ ਪ੍ਰਮੁੱਖ ਕਵੀਆਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:

### 2.5.5.1 ਸ਼ਾਹ ਜਹਾਨ ਮੁਕਬਲ

ਸ਼ਾਹ ਜਹਾਨ ਮੁਕਬਲ ਦੇ ਜੀਵਨ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਉਸਦੀ ਬੋਲੀ ਤੋਂ ਹੀ ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ ਉਹ ਕੇਂਦਰੀ ਪੰਜਾਬ ਦਾ ਵਸਨੀਕ ਹੋਵੇਗਾ। ਜੰਗਨਾਮਾ,ਹੀਰ ਮੁਕਬਲ ਅਤੇ ਇਕ ਸੀਹਰਫ਼ੀ ਉਸ ਦੀਆਂ ਪ੍ਰਸਿੱਧ ਰਚਨਾਵਾਂ ਹਨ। ਉਸਦੇ ਨੇਤਰਹੀਣ ਹੋਣ ਬਾਰੇ ਵੀ ਪਤਾ ਚਲਦਾ ਹੈ। ਉਹ ਲਿਖਦਾ ਹੈ:

ਤਖ਼ਲੱਸ ਏਸ ਫ਼ਕੀਰ ਦਾ ਮੁਕਬਲ ਹੈ ਮਸ਼ਹੂਰ।

ਇਹ ਆਜਜ਼ ਹੈ ਭਾਈਓ ਅੱਖੀਂ ਥੀਂ ਮਜਬੂਰ।

ਮੁਕਬਲ ਦੇ 'ਕਿੱਸਾ ਹੀਰ ਰਾਂਝਾ' ਦੇ ਕੁਲ 533 ਬੰਦ ਹਨ। ਉਸਦੀ ਬੋਲੀ ਬੜੀ ਠੇਠ ਅਤੇ ਮੁਹਾਵਰੇ ਭਰਪੂਰ ਹੈ। ਇਸ ਰਚਨਾ ਦੇ ਆਰੰਭ ਵਿਚ ਮੰਗਲਾਚਰਣ, ਇਸ਼ਕ ਦੀ ਸ਼ੋਭਾ ਅਤੇ ਆਸ਼ਕਾਂ ਵੱਲੋਂ ਮੁਕਬਲ ਨੂੰ ਇਹ ਕਿੱਸਾ ਲਿਖਣ ਦੀ ਬੇਨਤੀ (ਪ੍ਰਯੋਜਨ) ਆਦਿ ਕਾਵਿ-ਰੂੜ੍ਹੀਆਂ ਦਾ ਪ੍ਰਯੋਗ ਹੋਇਆਹੈ।ਮੁਕਬਲ ਦਾ ਬਿਆਨ ਬਹੁਤ ਸੂਤਰਬੱਧ ਹੈ।ਉਸਨੇ ਇਸ ਰਚਨਾ ਦਾ ਪਲਾਟ ਬੜਾ ਸੁਗਠਿਤ ਬਣਾ ਦਿੱਤਾ ਹੈ। ਦਮੋਦਰ

ਦੁਆਰਾ ਪੇਸ਼ ਫ਼ਾਲਤੂ ਵੇਰਵੇ ਛਾਂਗ ਦਿੱਤੇ ਗਏ ਹਨ।ਕਈ ਥਾਈਂ ਨਾਂ-ਥਾਂ ਵੀ ਬਦਲੇ ਹਨ।ਉਸਨੇ 'ਕਵੀਓਵਾਚ' ਰਾਹੀਂ ਸਦਾਚਾਰਕ ਕਥਨ ਅੰਕਿਤ ਕੀਤੇ ਹਨ।ਮੁਕਬਲ ਨੇ ਆਪਣੀ ਇਸ ਰਚਨਾ ਦਾ ਆਰੰਭ ਇਸ ਤਰ੍ਹਾਂ ਕੀਤਾ ਹੈ:

ਮੌਜੂ ਜੱਟ ਦਾ ਲਾਡਲਾ ਨਾਮ ਧੀਦੋ, ਵਿਚ ਤਖ਼ਤ ਹਜ਼ਾਰੇ ਦੇ ਵੱਸਦਾ ਏ।
ਮੂੰਹੋਂ ਝੜਨ ਗੁਲਾਬ ਦੇ ਫੁੱਲ ਤਾਜ਼ੇ, ਜਦੋਂ ਖੁਲ੍ਹ ਕੇ ਸੋਹਣਾ ਹੱਸਦਾ ਏ।
ਨੈਣੀਂ ਹੀਰ ਖ਼ੁਆਬ ਵਿਚ ਜ਼ਿਬਹ ਹੋਇਆ,ਭੇਤ ਮੂਲ ਨ ਕਿਸੇ ਨੂੰ ਦੱਸਦਾ ਏ।
ਦਿਨੇ ਰਾਤ ਮਾਸ਼ੂਕ ਦੇ ਦੇਖਣੇ ਨੂੰ, ਪਿਆ ਮੁਕਬਲੇ ਵਾਂਗ ਤਰਸਦਾ ਏ।

ਮੁਕਬਲ ਆਪਣੇ ਬਿਆਨ ਨੂੰ ਸਰੋਦੀ ਅਤੇ ਰੋਚਕ ਬਣਾਉਣ ਲਈ ਬੜੇ ਮੌਲਿਕ ਅਤੇ ਸੱਜਰੇ ਅਲੰਕਾਰਾਂ ਅਥਵਾ ਬਿੰਬਾਂ ਦਾ ਪ੍ਰਯੋਗ ਕਰਦਾ ਹੈ। ਇਸ ਪ੍ਰਸੰਗ ਵਿਚ ਉਸ ਦੀ ਕਾਵਿ ਕਲਾ ਵਾਰਿਸਸ਼ਾਹ ਵਰਗੀਆਂ ਬੁਲੰਦੀਆਂ ਨੂੰ ਛੋਹਣ ਲੱਗਦੀ ਹੈ।ਉਸ ਨੇ ਹੀਰ ਅਤੇ ਰਾਂਝੇ ਦੇ ਕਿਰਦਾਰਾਂ ਨੂੰ ਆਦਰਸ਼ਕ ਬਣਾ ਕੇ ਪੇਸ਼ ਕੀਤਾ ਹੈ। ਮੌਲਾ ਬਖ਼ਸ਼ ਕੁਸ਼ਤਾ ਨੇ ਉਸ ਦੀ ਕਾਵਿ ਕਲਾ ਬਾਰੇ ਠੀਕ ਹੀ ਲਿਖਿਆ ਹੈ ਕਿ ਵਾਰਿਸ ਨਾਲੋਂ ਮੁਕਬਲ ਦੇ ਬੈਂਤ ਕਿਸੇ ਗੱਲੋਂ ਘੱਟ ਨਹੀਂ (ਪੰਜਾਬੀ ਸ਼ਾਇਰਾਂ ਦਾ ਤਜ਼ਕਰਾ, ਪੰਨਾ 110) ਅਹਿਮਦ ਯਾਰ, ਮੁਕਬਲ ਦੀ ਮਕਬੂਲੀਅਤ ਵੱਲ ਸੰਕੇਤ ਕਰਦਾ ਹੋਇਆ ਲਿਖਦਾ ਹੈ:

ਮੁਕਬਲ ਵੀ ਹੋ ਚੁਕਾ ਮੁਕਬਲ, ਆਪਣੇ ਵਿਚ ਜ਼ਮਾਨੇ।

### 2.5.5.2 ਵਾਰਿਸ ਸ਼ਾਹ

ਵਾਰਿਸ ਸ਼ਾਹ ਕਿੱਸਾ ਕਾਵਿ ਪਰੰਪਰਾ ਦਾ ਸ਼ਿਰੋਮਣੀ ਹਸਤਾਖਰ ਹੈ।ਡਾ. ਮੋਹਨ ਸਿੰਘ ਦੀਵਾਨਾ ਉਸਦੀ ਕਾਵਿ ਕੀਰਤੀ ਬਾਰੇ ਚਰਚਾ ਕਰਦਾ ਹੋਇਆ ਲਿਖਦਾ ਹੈ ਕਿ ਵਾਰਿਸ ਨੂੰ ਕਿੱਸੇ ਲਿਖਣ ਦੇ ਕਾਰਨ ਅਜਿਹੀ ਰਸ਼ਕ ਵਾਲੀ ਮਾਨਤਾ ਹਾਸਲ ਹੋਈ ਜਿਹੜੀ ਕਿ ਉਸਦੇ ਸਮਕਾਲੀ ਸੂਫ਼ੀ ਸ਼ਾਇਰ ਬੁਲ੍ਹੇ ਸ਼ਾਹ ਨੂੰ ਜਾਂ ਉਸ ਤੋਂ ਪਹਿਲਾਂ ਗੁਰੂ ਨਾਨਕ ਕਾਲ ਵਿਚ ਸ਼ਾਹ ਹੁਸੈਨ ਨੂੰ ਪ੍ਰਾਪਤ ਹੋਈ ਸੀ (An introduction to Panjabi Literature, P. 115) 'ਐਨਸਾਈਕਲੋਪੀਡੀਆ ਆਫ਼ ਲਿਟਰੇਚਰ' ਵਿਚ ਲਿਖਿਆ ਹੈ ਕਿ ਵਾਰਿਸ ਸ਼ਾਹ ਪੰਜਾਬੀ ਦਾ ਸਭ ਤੋਂ ਵੱਡਾ ਸ਼ਾਇਰ ਹੈ ਅਤੇ ਉਸ ਦੀ ਹੀਰ ਬੇਹਤਰੀਨ ਤਖ਼ਲੀਕ ਹੈ (ਸ਼ਿਪਲੇ, I, ਪੰਨਾ 254) ਪਰੰਤੂ ਏਨੀ ਸ਼ੋਭਾ ਦੇ ਬਾਵਜੂਦ ਵਾਰਿਸ ਸ਼ਾਹ ਦੇ ਨਿੱਜੀ ਜੀਵਨ ਬਾਰੇ ਬਹੁਤ ਘੱਟ ਵੇਰਵੇ ਪ੍ਰਾਪਤ ਹੁੰਦੇ ਹਨ। ਬਾਵਾ ਬੁੱਧ ਸਿੰਘ ਅਨੁਸਾਰ ਵਾਰਿਸ ਦੀ ਜਨਮ ਭੂਮੀ ਡੱਬੀਪੁਰ (ਤਹਿਸੀਲ ਕਸੂਰ) ਹੈ। ਲਾਲਾ ਰਾਮ ਸਰਨ ਦਾਸ, ਐਡਵੋਕੇਟ ਅਤੇ ਮੌਲਾ ਬਖ਼ਸ਼ ਕੁਸ਼ਤਾ ਨੇ ਵੀ ਇਸੇ ਸਥਾਨ ਨੂੰ ਵਾਰਿਸ ਦੀ ਜਨਮ-ਭੂਮੀ ਮੰਨਿਆ ਹੈ। ਪਰੰਤੂ ਵਾਰਿਸ ਸ਼ਾਹ ਆਪ, ਆਪਣੇ ਆਪ ਨੂੰ ਜੰਡਿਆਲੇ ਦਾ ਵਸਨੀਕ ਦੱਸਦਾ ਹੈ। ਅਹਿਮਦ ਯਾਰ ਨੇ ਵੀ ਵਾਰਿਸ ਦਾ ਪਿੰਡ ਜੰਡਿਆਲਾ ਹੀ ਮੰਨਿਆ ਹੈ। ਦੇਖੋ:

ਵਾਰਿਸ ਸ਼ਾਹ ਜੰਡਿਆਲੇ ਵਾਲੇ, ਵਾਹ ਵਾਹ ਹੀਰ ਬਣਾਈ।
ਮੈਂ ਵੀ ਰੀਸ ਉਸੇ ਦੀ ਕਰ ਕੇ, ਲਿਖੀ ਤੋੜ ਨਿਭਾਈ।

(ਅਹਿਮਦ ਯਾਰ)

ਵਾਰਿਸ ਸ਼ਾਹ ਵਸਨੀਕ ਜੰਡਿਆਲੜੇ ਦਾ,
ਤੇ ਸ਼ਾਗਿਰਦ ਮਖ਼ਦੂਮ ਕਸੂਰ ਦਾ ਈ।

(ਵਾਰਿਸ ਸ਼ਾਹ)

ਵਾਰਿਸ ਸ਼ਾਹ ਦੇ ਜਨਮ ਬਾਰੇ ਵੀ ਕਈ ਤਰ੍ਹਾਂ ਦੇ ਵਿਚਾਰ ਪ੍ਰਚਲਿਤ ਹਨ। ਸਿਬਤੁਲ ਹਸਨ ਜ਼ੈਗਮ ਨੇ ਇਸ ਵਿਸ਼ੇ ਬਾਰੇ ਭਰਪੂਰ ਖੋਜ ਕਰਕੇ ਇਹ ਸਿੱਟਾ ਕੱਢਿਆ ਹੈ ਕਿ ਉਸਦਾ ਜਨਮ 1720 ਈ. ਵਿਚ ਹੋਇਆ ਅਤੇ ਉਸਨੇ 'ਕਿੱਸਾ ਹੀਰ ਵਾਰਿਸ' 1766–67 ਈ. ਵਿਚ ਮੁਕੰਮਲ ਕੀਤਾ। ਜ਼ੈਗਮ ਅਨੁਸਾਰ ਵਾਰਿਸ ਦੀ ਮ੍ਰਿਤੂ 29 ਜੁਲਾਈ 1792 ਈ. ਵਿਚ ਹੋਈ। ਜੰਡਿਆਲਾ ਸ਼ੇਰਖ਼ਾਨ ਵਿਚ ਇਸੇ ਤਾਰੀਖ਼ ਨੂੰ ਵਾਰਿਸ ਦਾ ਉਰਸ ਮਨਾਇਆ ਜਾਂਦਾ ਹੈ। (ਪੰਜਾਬੀ ਕਿੱਸਾ ਤੇ ਬੀਰ ਕਾਵਿ, ਗੁ.ਨਾ.ਦੇ.ਯੂ.,ਪੰਨੇ 59–74)।

ਵਾਰਿਸ ਦੇ ਰਚਨਾ ਸੰਸਾਰ ਬਾਰੇ ਜ਼ਿਕਰ ਕਰਦਿਆਂ ਡਾ. ਮੋਹਨ ਸਿੰਘ ਨੇ 'ਹੀਰ' ਤੋਂ ਬਿਨਾਂ ਉਸਦੀ ਲਿਖੀ ਹੋਈ ਇਕ ਸੀਹਰਫ਼ੀ ਅਤੇ 'ਕਿੱਸਾ ਸੱਸੀ ਪੁਨੂੰ' ਦੀ ਗੱਲ ਕੀਤੀ ਹੈ।ਉਰਦੂ ਜ਼ਬਾਨ ਦੇ ਪ੍ਰਸਿੱਧ ਖੋਜੀ ਹਾਫ਼ਿਜ਼ ਮਹਿਮੂਦ ਸ਼ੀਰਾਨੀ ਨੇ ਆਪਣੀ ਪੁਸਤਕ 'ਪੰਜਾਬ ਮੇਂ ਉਰਦੂ' ਵਿਚ ਵਾਰਿਸ ਸ਼ਾਹ ਦੀ ਇਕ ਉਰਦੂ ਗ਼ਜ਼ਲ ਵੀ ਪੇਸ਼ ਕੀਤੀ ਹੈ ਪਰੰਤੂ ਵਾਰਿਸ ਦੀ ਅਸਲ ਪ੍ਰਸਿੱਧੀ ਉਸਦੀ ਰਚਨਾ 'ਹੀਰ' ਦੇ ਕਾਰਨ ਹੀ ਹੋਈ। ਇਹ ਉਸ ਸਮੇਂ ਦੇ ਪੰਜਾਬ ਦੇ ਸਮਾਜ ਅਤੇ ਸਭਿਆਚਾਰ ਦਾ ਇਕ ਮਹਾਨ ਕੋਸ਼ ਹੈ।ਉਸ ਨੇ ਇਸ ਰਚਨਾ ਵਿਚ ਜੱਟ-ਸ਼੍ਰੇਣੀ ਨੂੰ ਬਹੁਤ ਫਿਟਕਾਰ ਪਾਈ ਹੈ। ਉਸ ਅਨੁਸਾਰ ਸੁਨਿਆਰਿਆਂ ਅਤੇ ਕਸਾਈਆਂ ਵਾਂਗ ਜੱਟਾਂ ਦਾ ਵੀ ਇਤਬਾਰ ਨਹੀਂ ਕਰਨਾ ਚਾਹੀਦਾ। ਜੱਟ ਜਿੰਨਾ ਵਸੀਲੇ ਵਾਲਾ ਹੈ, ਉਨ੍ਹਾ ਹੀ ਹੰਕਾਰੀ ਅਤੇ ਮੂੜ੍ਹ-ਮਤ ਹੈ। ਉਨ੍ਹਾਂ ਦੀ ਜੇ ਕੋਈ ਚੰਗੀ ਖਾਸੀਅਤ ਹੈ ਤਾਂ ਇਹ ਸਿਰਫ਼ ਕਬੀਲੇ, ਖ਼ਾਨਦਾਨ ਜਾਂ ਪਰਿਵਾਰ ਦੇ ਸਨਮਾਨ ਦੀ ਭਾਵਨਾ ਹੈ। (ਡਾ. ਜੇ.ਐਸ. ਗਰੇਵਾਲ, ਪੰਜਾਬੀ ਕਿੱਸਾ ਤੇ ਬੀਰ ਕਾਵਿ, ਪੰਨਾ 19)

ਵਾਰਿਸ ਦੀ ਹੀਰ ਦੇ ਕੁਲ 611 ਬੰਦ ਹਨ ਜਿਨ੍ਹਾਂ ਨੂੰ ਵਧਾ–ਚੜ੍ਹਾ ਕੇ ਸੰਪਾਦਕਾਂ ਅਤੇ ਪ੍ਰਕਾਸ਼ਕਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚਾ ਦਿੱਤਾ। ਵਾਰਿਸਸ਼ਾਹ ਦੇ ਬੰਦਾਂ ਵਿਚ, ਰਵਾਇਤ ਦੇ ਉਲਟ, ਪੰਕਤੀਆਂ ਦੀ ਗਿਣਤੀ ਚਾਰ ਤੋਂ ਵੱਧ ਹੈ। ਉਹ ਨਾਟਕੀ ਮੌਕਿਆਂ ਨੂੰ ਬੜੇ ਕਲਾਤਮਕ ਢੰਗ ਨਾਲ ਉਸਾਰਦਾ ਹੈ। ਉਹ ਸੰਬਾਦ–ਕਲਾ ਦਾ ਉਸਤਾਦ ਹੈ। ਉਸ ਨੇ ਸ਼ਿੰਗਾਰ, ਕਰੁਣਾ, ਰੌਦਰ, ਬੀਰ, ਹਾਸ ਅਤੇ ਅਦਭੁਤ ਆਦਿਕ ਰਸਾਂ ਦਾ ਪ੍ਰਯੋਗ ਬੜੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਕੀਤਾ ਹੈ। ਵਿਸ਼ਵਕੋਸ਼ੀ ਗਿਆਨ ਵਾਰਿਸ ਸ਼ਾਹ ਦੀ ਇਕ ਹੋਰ ਵੱਡੀ ਖ਼ੂਬੀ ਹੈ। ਜੀਵਨ ਦੀ ਹਰ ਸਥਿਤੀ ਬਾਰੇ ਉਸਦਾ ਗਿਆਨ ਹੈਰਾਨ ਕਰ ਦੇਣ ਦੀ ਹੱਦ ਤਕ ਫ਼ੈਲਿਆ ਹੋਇਆ ਹੈ। ਉਸਨੇ ਪੰਜਾਬੀ ਜਨ–ਜੀਵਨ ਦੇ ਵੇਰਵਿਆਂ ਨਾਲ ਸੰਬੰਧਿਤ ਬਹੁਤ ਸਾਰੇ ਖ਼ੂਬਸੂਰਤ ਦ੍ਰਿਸ਼ਾਂ ਦੀ ਪੇਸ਼ਕਾਰੀ ਕੀਤੀ ਹੈ। ਦੇਖੋ:

ਚਿੜੀ ਚੂਕਦੀ ਨਾਲ ਜਾਂ ਤੁਰੇ ਪਾਂਧੀ,
ਪਈਆਂ ਦੁੱਧਾਂ ਦੇ ਵਿਚ ਮਧਾਣੀਆਂ ਨੀ,
ਹੋਈ ਸੁਬਹ ਸਾਦਿਕ ਜਦੋਂ ਆਣ ਰੋਸ਼ਨ,
ਤਦੋਂ ਲਾਲੀਆਂ ਆਣ ਚਿਚਲਾਣੀਆਂ ਨੀ।

ਵਾਰਿਸ ਸ਼ਾਹ ਦੀਆਂ ਅਨੇਕ ਤੁਕਾਂ ਲੋਕੋਕਤੀਆਂ ਦਾ ਰੂਪ ਧਾਰਨ ਕਰ ਗਈਆਂ ਹਨ।ਉਸਦਾ ਜੀਵਨ ਅਨੁਭਵ ਏਨਾ ਵਿਸ਼ਾਲ ਤੇ ਡੂੰਘਾ ਸੀ ਕਿ ਉਸਦੇ ਕਥਨਾਂ ਨੂੰ ਪੰਜਾਬ ਦੇ ਲੋਕਾਂ ਨੇ ਆਪਣੇ ਮਾਰਗ–ਦਰਸ਼ਕ ਦੇ ਰੂਪ ਵਿਚ ਅਪਣਾਇਆ ਹੋਇਆ ਹੈ। ਇਸ ਪ੍ਰਸੰਗ ਵਿਚ ਉਸਦੇ ਕੁਝ ਕਥਨ ਦੇਖੋ:

1. ਵਾਰਿਸ ਸ਼ਾਹ ਇਕ ਜੱਟ ਫਕੀਰ ਹੋਇਆ, ਨਹੀਂ ਹੁੰਦੀਆਂ ਗਧੇ ਤੋਂ ਪੀਰੀਆਂ ਨੇ।
2. ਵਾਰਿਸਸ਼ਾਹ ਛੁਪਾਈਏ ਖ਼ਲਕ ਕੋਲੋਂ, ਭਾਵੇਂ ਆਪਣਾ ਹੀ ਗੁੜ ਖਾਈਏ ਜੀ।
3. ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।

ਅਹਿਮਦ ਕੁਰੈਸ਼ੀ ਵਾਰਿਸ ਦੀ ਹੀਰ ਦਾ ਮੁਲਾਂਕਣ ਕਰਦਾ ਹੋਇਆ ਲਿਖਦਾ ਹੈ ਕਿ ਇਹ ਰਚਨਾ

ਪੰਜਾਬੀ ਦਾ ਉਹ ਸ਼ਾਹਕਾਰ ਹੈ।ਜਿਸਦਾ ਜਵਾਬ ਅਜੇ ਤਕ ਪੈਦਾ ਨਹੀਂ ਹੋ ਸਕਿਆ। (ਪੰਜਾਬੀ ਅਦਬ ਕੀ ਮੁਖ਼ਤਸਰ ਤਾਰੀਖ਼, ਪੰਨਾ 83) ਨਿਰਸੰਦੇਹ ਵਾਰਿਸ ਦੀ 'ਹੀਰ' ਪੰਜਾਬੀ ਦੀ ਇਕ ਮਹਾਨ ਰਚਨਾ ਅਤੇ ਇਤਿਹਾਸਕ ਯਾਦਗਾਰ ਹੈ, ਜਿਸ ਨੇ ਅਠਾਰ੍ਹਵੀਂ ਸਦੀ ਦੇ ਕਿੱਸਾ ਸਾਹਿੱਤ ਨੂੰ ਸੋਨ-ਸੁਨਹਿਰੀ ਯੁਗ ਅਖਵਾਉਣ ਦਾ ਅਵਸਰ ਬਖ਼ਸ਼ਿਆ ਹੈ। ਪੰਜਾਬੀ ਸਾਹਿੱਤ ਵਿਚ ਵਾਰਿਸ ਦਾ ਨਾਮ ਅਮਰ ਹੈ।

## 2.5.6 ਤੀਜਾ ਦੌਰ: ਉਨ੍ਹੀਵੀਂ ਸਦੀ

ਉਨ੍ਹੀਵੀਂ ਸਦੀ ਵਿਚ ਵੀ ਕਿੱਸਾ ਕਾਵਿ ਪਰੰਪਰਾ, ਪੰਜਾਬੀ ਸਾਹਿੱਤ ਦੀ ਇਕ ਬਲਵਾਨ ਅਤੇ ਲੋਕਪ੍ਰਿਅ ਕਾਵਿ ਪਰੰਪਰਾ ਬਣੀ ਰਹੀ। ਇਸ ਸਦੀ ਵਿਚ ਬਹੁਤ ਸਾਰੇ ਕਿੱਸਾ ਕਵੀ ਹੋਏ ਜਿਨ੍ਹਾਂ ਨੇ ਮੁਕਬਲ ਅਤੇ ਵਾਰਿਸ ਦੁਆਰਾ ਵਰੋਸਾਈ ਹੋਈ ਇਸ ਧਾਰਾ ਵਿਚ ਹੋਰ ਸੰਭਾਵਨਾਵਾਂ ਪੈਦਾ ਕੀਤੀਆਂ। ਇਸ ਸਦੀ ਦੇ ਪ੍ਰਮੁੱਖ ਕਵੀਆਂ ਦਾ ਵੇਰਵਾ ਇਸ ਪ੍ਰਕਾਰ ਹੈ।

### 2.5.6.1 ਹਾਸ਼ਮ (1752–1821)

ਹਾਸ਼ਮ ਨੂੰ ਮਹਾਰਾਜਾ ਰਣਜੀਤ ਸਿੰਘ ਕਾਲ ਦਾ ਇਕ ਪ੍ਰਮੁੱਖ ਕਿੱਸਾ ਕਵੀ ਮੰਨਿਆ ਜਾਂਦਾ ਹੈ। ਉਸਨੇ 'ਸੋਹਣੀ ਮਹੀਂਵਾਲ', 'ਸੱਸੀ ਪੁਨੂੰ', 'ਹੀਰ ਰਾਂਝਾ' ਅਤੇ 'ਸ਼ੀਰੀਂ ਫਰਹਾਦ' ਆਦਿਕ ਕਿੱਸਿਆਂ ਦੀ ਰਚਨਾ ਕੀਤੀ। 'ਕਿੱਸਾ ਸੱਸੀ ਪੁਨੂੰ' ਹਾਸ਼ਮ ਦੀ ਸਭ ਤੋਂ ਪ੍ਰਸਿੱਧ ਰਚਨਾ ਹੈ। ਬਾਵਾ ਬੁੱਧ ਸਿੰਘ ਨੇ ਲਿਖਿਆ ਹੈ। ''ਹਾਸ਼ਮ ਨੇ ਸੱਸੀ ਕਾਹਦੀ ਆਖੀ, ਘਰ ਘਰ ਬਿਰਹਾ ਦਾ ਮੁਆਤਾ ਬਾਲ ਦਿੱਤਾ।'' ਇਸ ਕਿੱਸੇ ਵਿਚ 126 ਬੰਦ ਹਨ ਅਤੇ ਕਵੀ ਨੇ ਦਵਈਆ ਛੰਦ ਦੀ ਵਰਤੋਂ ਕੀਤੀ ਹੈ। ਹਰ ਕਾਵਿ ਬੰਦ ਵਿਚ ਚਾਰ ਤੁਕਾਂ ਹਨ। ਇਸ ਰਚਨਾ ਦਾ ਮੀਰੀ ਗੁਣ ਕਾਮਲ-ਇਸ਼ਕ ਦਾ ਵਰਣਨ ਹੈ। ਕਵੀ ਅਨੁਸਾਰ:

ਹੁਸਨ ਕਲਾਮ ਜੋ ਸ਼ਾਇਰ ਕਰਦੇ। ਸੁਖ਼ਨ ਨ ਸਾਥੀਂ ਆਇਆ।
ਜੇਹਾ ਅਕਲ ਸ਼ਊਰ ਅਸਾਡਾ, ਅਸਾਂਭੀ ਆਖ ਸੁਣਾਇਆ।
ਸੁਣ ਸੁਣ ਹੋਤ ਸੱਸੀ ਦੀਆਂ ਬਾਤਾਂ, ਕਾਮਲ ਇਸ਼ਕ ਕਮਾਇਆ।
ਹਾਸ਼ਮ ਜੋਸ਼ ਤਬੀਅਤ ਕੀਤਾ, ਵਹਿਮ ਇਤੇ ਵੱਲ ਆਇਆ।

'ਕਿੱਸਾ ਸੱਸੀ ਪੁਨੂੰ', ਹਾਸ਼ਮ ਦੀ ਸ਼ਾਹਕਾਰ ਰਚਨਾ ਹੈ। ਭਾਵੇਂ ਹਾਸ਼ਮ ਤੋਂ ਪਹਿਲਾਂ ਹਾਫ਼ਿਜ਼ ਬਰਖ਼ੁਰਦਾਰ ਅਤੇ ਸੁੰਦਰ ਦਾਸ ਨੇ ਵੀ ਇਸ ਕਿੱਸੇ ਨੂੰ ਕਾਵਿਬੱਧ ਕੀਤਾ ਸੀ ਪਰ ਜੋ ਸ਼ੋਹਰਤ ਅਤੇ ਮਾਨਤਾ ਹਾਸ਼ਮ ਦੇ ਕਿੱਸੇ ਨੂੰ ਪ੍ਰਾਪਤ ਹੋਈ, ਉਹ ਹੋਰ ਕਿਸੇ ਕਵੀ ਦੇ ਹਿੱਸੇ ਨਹੀਂ ਆਈ। ਨਾਟਕੀ ਸ਼ੈਲੀ ਨੇ ਇਸ ਰਚਨਾ ਵਿਚ ਕਥਾ-ਵਸਤੂ ਦੇ ਵਿਸਤਾਰ ਦੀ ਘਾਟ ਨੂੰ ਪੂਰਾ ਕਰ ਦਿੱਤਾ ਹੈ। ਕਵੀ ਕਿਧਰੇ ਵੀ ਕਹਾਣੀ ਦੀ ਗਤੀ ਨੂੰ ਮੱਧਮ ਨਹੀਂ ਪੈਣ ਦਿੰਦਾ। ਹਰ ਬੰਦ ਦੀ ਆਖ਼ਰੀ ਤੁਕ ਵਿਚ ਵਾਰਿਸ ਵਾਂਗ ਕਿਸੇ-ਨਾ-ਕਿਸੇ ਅਟੱਲ ਸਚਾਈ ਨੂੰ ਬਿਆਨ ਕੀਤਾ ਗਿਆ ਹੈ। ਅਲੰਕਾਰਾਂ ਦਾ ਮੌਲਿਕ ਅਤੇ ਸੁੰਦਰ ਪ੍ਰਯੋਗ ਇਸ ਕਿੱਸੇ ਦਾ ਮੀਰੀ ਗੁਣ ਹੈ। ਦੇਖੋ:

ਨਾਜ਼ਕ ਪੈਰ ਮਲੂਕ ਸੱਸੀ ਦੇ, ਮਹਿੰਦੀ ਨਾਲ ਸ਼ਿੰਗਾਰੇ।
ਮਾਰੂ ਰੇਤ ਤਪੇ ਵਿਚ ਥਲ ਦੇ, ਜਿਉਂ ਜੌਂ ਭੁੰਨਣ ਭਠਿਆਰੇ।
ਸੂਰਜ ਭੱਜ ਵੜਿਆ ਵਿਚ ਬੱਦਲੀਂ, ਡਰਦਾ ਲਿਸ਼ਕ ਨ ਮਾਰੇ।
ਹਾਸ਼ਮ ਵੇਖ ਯਕੀਨ ਸੱਸੀ ਦਾ, ਸਿਦਕੋਂ ਮੂਲ ਨ ਹਾਰੇ।

ਹਾਸ਼ਮ ਨੇ 'ਸੋਹਣੀ ਮਹੀਂਵਾਲ' ਕਿੱਸੇ ਦੀ ਰਚਨਾ ਸਭ ਤੋਂ ਪਹਿਲਾਂ ਕਰਨ ਦਾ ਦਾਅਵਾ ਕੀਤਾ ਹੈ। ਇਸ ਵਿਚ ਅਸਚਰਜਤਾ ਦਾ ਅੰਸ਼ ਘੱਟ ਹੈ ਅਤੇ ਸਾਦਗੀ ਵਧੇਰੇ ਹੈ। 'ਸ਼ੀਰੀ ਫਰਹਾਦ' ਵਿਚ ਪੰਜਾਬੀਅਤ ਪ੍ਰਧਾਨ ਰਹੀ ਹੈ। ਇਨ੍ਹਾਂ ਕਿੱਸਿਆਂ ਤੋਂ ਬਿਨਾਂ ਉਸ ਦੇ ਦੋਹੜੇ, ਡਿਉਢਾਂ, ਬਾਰਾਮਾਹ ਅਤੇ ਗੰਜਿ ਅਸਰਾਰ ਆਦਿ ਵੀ ਕਾਫ਼ੀ ਪ੍ਰਸਿੱਧ ਹੈ।

## 2.5.6.2 ਅਹਿਮਦ ਯਾਰ(1768-1848)

ਅਹਿਮਦ ਯਾਰ ਨੇ ਗਿਣਤੀ ਵਿਚ ਸਭ ਤੋਂ ਵੱਧ ਕਿੱਸਿਆਂ ਦੀ ਰਚਨਾ ਕੀਤੀ। ਇਸ ਪ੍ਰਸੰਗ ਵਿਚ ਉਸਦਾ ਇਕ ਸਵੈ-ਕਥਨ ਬਹੁਤ ਪ੍ਰਸਿੱਧ ਹੈ:

ਜਿਤਨੇ ਕਿੱਸੇ ਅਤੇ ਕਿਤਾਬਾਂ, ਉਮਰ ਸਾਰੀ ਮੈਂ ਜੋੜੇ।
ਗਿਣਨ ਲਗਾਂ ਤੇ ਯਾਦ ਨ ਆਵਣ, ਜੋ ਦੱਸਾਂ ਸੋ ਥੋੜੇ।

ਉਸ ਦੁਆਰਾ ਲਿਖੇ ਕੁਝ ਪ੍ਰਸਿੱਧ ਕਿੱਸੇਇਹ ਹਨ: ਹੀਰ ਰਾਂਝਾ, ਸੱਸੀ ਪੁੰਨੂੰ, ਲੈਲਾ ਮਜਨੂੰ,ਸੋਹਣੀ ਮਹੀਂਵਾਲ,ਕਾਮਰੂਪ, ਯੂਸਫ਼ ਜ਼ੁਲੈਖਾ,ਚੰਦਰ ਬਦਨ,ਰਾਜ ਬੀਬੀ ਅਤੇ ਸੈਫ਼ਲ ਮਲੂਕ ਆਦਿਕ। ਕਵੀ 'ਕਿੱਸਾ ਹੀਰ ਰਾਂਝਾ' ਨੂੰ ਆਪਣੀ ਸ਼ਿਰੋਮਣੀ ਰਚਨਾ ਮੰਨਦਾ ਹੈ। ਹੁਸਨ-ਇਸ਼ਕ ਦੇ ਇਨ੍ਹਾਂ ਕਿੱਸਿਆਂ ਤੋਂ ਬਿਨਾਂ ਉਸਨੇ ਕੁਝ ਇਸਲਾਮੀ ਰਚਨਾਵਾਂ ਵੀ ਲਿਖੀਆਂ। ਉਹ ਇਕ ਵਿਦਵਾਨ ਵਿਅਕਤੀ ਸੀ। ਉਸ ਨੂੰ ਫ਼ਾਰਸੀ ਅਤੇ ਅਰਬੀ ਆਦਿਕ ਭਾਸ਼ਾਵਾਂ ਦਾ ਚੰਗਾ ਗਿਆਨ ਸੀ। ਪਰੰਤੂ ਸਾਹਿੱਤ ਦੇ ਇਤਿਹਾਸਕਾਰਾਂ ਨੇ ਉਸ ਦੇ ਕਿੱਸਿਆਂ ਨੂੰ ਸਾਧਾਰਣ ਪੱਧਰ ਦੀਆਂ ਰਚਨਾਵਾਂ ਮੰਨਿਆ ਹੈ। ਡਾ. ਮੋਹਨ ਸਿੰਘ ਅਨੁਸਾਰ, ਅਹਿਮਦ ਯਾਰ ਪਾਸ ਠੇਠ ਮੁਹਾਵਰਾ,ਸ਼ਬਦਾਵਲੀ, ਬਿੰਬਾਵਲੀ ਅਤੇ ਫ਼ਾਰਸੀ ਸ਼ਬਦ-ਭੰਡਾਰ ਤਾਂ ਹੈ ਪਰ ਉਸ ਪਾਸ ਵਿਸ਼ੈਦੀ ਮੌਲਿਕਤਾ ਨਹੀਂ ਸੀ। ਇਸ ਲਈ ਉਹ ਸਾਧਾਰਣ ਪੱਧਰ ਦੇ ਕਵੀਆਂ ਤੋਂ ਉਪਰ ਨਹੀਂ ਉੱਠ ਸਕਿਆ।ਉਹ ਕੇਵਲ ਰਚਨਾਵਾਂ ਦੀ ਬਹੁਲਤਾ ਦੇ ਕਾਰਨ ਹੀ ਚਾਨਣ-ਮੁਨਾਰਾ ਬਣਨਾ ਚਾਹੁੰਦਾ ਸੀ। (ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ, ਪੰਨਾ 72) ਪਰੰਤੂ ਮੀਆਂ ਮੌਲਾਂ ਬਖ਼ਸ਼ ਕੁਸ਼ਤਾ, ਅਹਿਮਦ ਯਾਰ ਦੀ ਕਾਵਿ ਕਲਾ ਦਾ ਪ੍ਰਸ਼ੰਸਕ ਹੈ।(ਦੇਖੋ: ਪੰਜਾਬੀ ਸ਼ਾਇਰਾਂ ਦਾ ਤਜ਼ਕਰਾ, ਪੰਨਾ 147) 'ਕਿੱਸਾ ਹੀਰ ਰਾਂਝਾ' ਲਿਖਣ ਸਮੇਂ ਉਸਨੇ ਵਾਰਿਸ ਦੀ ਰਚਨਾ ਨੂੰ ਆਪਣੇ ਸਾਹਮਣੇ ਰੱਖਿਆ। ਪਰ ਉਹ ਇਸ ਗੱਲ ਨੂੰ ਮੰਨਦਾ ਹੈ ਕਿ ਉਹ ਵਾਰਿਸ ਦੀ ਬਰਾਬਰੀ ਨਹੀਂ ਕਰ ਸਕਿਆ। ਦੇਖੋ:

ਵਾਰਿਸ ਸ਼ਾਹ ਜੰਡਿਆਲੇ ਵਾਲੇ, ਵਾਹ ਵਾਹ ਹੀਰ ਬਣਾਈ।
ਮੈਂ ਭੀ ਰੀਸ ਉਸੇ ਦੀ ਕਰਕੇ, ਲਿਖੀ ਤੋੜ ਨਿਭਾਈ।
ਜੋ ਅਟਕਲ ਮਜ਼ਮੂਨ ਬੰਨ੍ਹਣ ਦੀ ਉਸ, ਸੋ ਮੈਂ ਨਹੀਂ ਆਈ।
ਵਡਾ ਤਅੱਜਬ ਆਵੇ ਯਾਰੋ, ਵੇਖ ਉਸ ਦੀ ਵਡਿਆਈ।

## 2.5.6.3 ਇਮਾਮ ਬਖ਼ਸ਼ (1778-1863)

ਮੌਲਾਂ ਬਖ਼ਸ਼ ਕੁਸ਼ਤਾ ਅਨੁਸਾਰ ਇਮਾਮ ਬਖ਼ਸ਼ ਉਨ੍ਹੀਵੀਂ ਸਦੀ ਦੇ ਮਸ਼ਹੂਰ ਪੰਜਾਬੀ ਸ਼ਾਇਰਾਂ ਵਿਚੋਂ ਸੀ। ਉਹ ਕਵੀ ਦੇ ਸ਼ੇਅਰਾਂ ਵਿਚ 'ਸਾਬਣ ਵਰਗੀ ਤਾਸੀਰ' ਦੇਖਦਾ ਹੈ। ਮੀਆਂ ਮੁਹੰਮਦ ਬਖ਼ਸ਼ ਨੇ ਲਿਖਿਆ ਸੀ:

ਮੀਆਂ ਹਿਕ ਇਮਾਮ ਬਖ਼ਸ਼, ਰਹਿੰਦਾ ਪੱਸੀਆਂ ਵਾਲੇ।
ਸ਼ੇਅਰ ਉਹਦਾ ਵੀ ਵਾਂਗ ਸਬੂਣੇ, ਮੈਲ ਦਿਲਾਂ ਤੋਂ ਲਾਹੇ।

(ਸੈਫੁਲ ਮਲੂਕ)

ਇਮਾਮ ਬਖ਼ਸ਼ ਦੁਆਰਾ ਰਚੇ ਗਏ ਕੁਝ ਪ੍ਰਸਿੱਧ ਕਿੱਸੇ ਇਹ ਹਨ: ਸ਼ਾਹ ਬਹਿਰਾਮ,ਲੈਲਾ ਮਜਨੂੰ, ਗੁਲ ਸਨੋਬਰ, ਚੰਦਰ ਬਦਨ, ਬਦੀਅ-ਉਲ-ਜਮਾਨ, ਗੁਲਬਦਨ ਆਦਿਕ। ਇਮਾਮ ਬਖ਼ਸ਼ ਦਾ ਕਿੱਸਾ 'ਸ਼ਾਹ ਬਹਿਰਾਮ' ਲੱਖਾਂ ਦੀ ਗਿਣਤੀ ਵਿਚ ਛਾਪ ਕੇ ਇਕ ਚੁੱਕਾ ਹੈ। ਕੁਸ਼ਤਾ ਅਨੁਸਾਰ ਸ਼ਾਇਦ ਹੀ ਕੋਈ ਘਰਾਣਾ ਹੋਵੇ ਜਿੱਥੇ ਇਹ ਕਿੱਸਾ ਨਾ ਪੁੱਜਾ ਹੋਵੇ। ਇਸ ਤੋਂ ਪਹਿਲਾਂ ਵਾਰਿਸ ਦੀ 'ਹੀਰ' ਅਤੇ ਪਿੱਛੋਂ ਫਜ਼ਲ ਸ਼ਾਹ ਦੀ 'ਸੋਹਣੀ' ਏਨੀਆਂ

ਮਕਬੂਲ ਹੋਣ ਵਾਲੀਆਂ ਰਚਨਾਵਾਂ ਹਨ। 'ਸ਼ਾਹ ਬਹਿਰਾਮ' ਦੀ ਕਹਾਣੀ ਫਿਰਦੌਸੀ ਦੇ 'ਸ਼ਾਹਨਾਮੇ' ਵਿਚੋਂ ਲਈ ਗਈ ਹੈ। ਇਸ ਵਿਚ ਕਵੀ ਨੇ 'ਦਵਈਆ' ਛੰਦ ਦਾ ਪ੍ਰਯੋਗ ਕੀਤਾ ਹੈ। ਇਸ ਵਿਚ ਉਸਦੀ ਦ੍ਰਿਸ਼-ਵਰਣਨ ਕਲਾ ਖ਼ੂਬ ਉੱਭਰੀ ਹੈ। ਦੇਖੋ:

ਖ਼ੁਸ਼ ਆਵਾਜ਼ ਜਨਾਵਰ ਬੋਲਣ, ਉਪਰ ਹਰ ਹਰ ਡਾਲੇ।
ਵੇਖ ਬਹਾਰ ਚਮਨ ਦੀ ਪੜ੍ਹਦੇ, ਸਿਫ਼ਤ ਖ਼ੁਦਾਵੰਦ ਤਾਰੇ।
ਸਾਇਆਦਾਰ ਦਰਖਤਾਂ ਵਿਚੋਂ, ਵਗਣ ਸਰਦ ਹਵਾਈਂ।
ਰੰਗ ਮਹਲ ਸੁਨਹਿਰੀ ਕੰਧਾਂ, ਵਾਂਗ ਬਹਿਸ਼ਤ ਬਣਾਈ।

### 2.5.6.4 ਕਾਦਰ ਯਾਰ (1802-1892)

ਕਾਦਰ ਯਾਰ ਦਾ ਅਸਲ ਨਾਮ ਕਾਦਰ ਬਖ਼ਸ਼ ਸੀ ਅਤੇ ਉਹਜ਼ਾਤ ਦਾ ਸੰਧੂ ਜੱਟ ਸੀ।ਉਹ ਇਕ ਸਾਧਾਰਣ ਪੇਂਡੂ ਵਿਅਕਤੀ ਸੀ। ਉਹ ਆਪਣੇ ਆਪ ਨੂੰ ਬੇਇਲਮ ਦਹਿਕਾਨ ਕਹਿੰਦਾ ਹੈ:

ਜੋੜ ਮਿਅਰਾਜ ਮੁਰੱਤਬ ਕੀਤਾ, ਜੋ ਕੁਝ ਸਾਥੋਂ ਸਰਿਆ।
ਮੈਂ ਦਹਿਕਾਨ ਬੇਇਲਮ ਵਿਚਾਰਾਂ, ਦੋਸ ਨ ਚਾਹੀਏ ਧਰਿਆ।

ਕਾਦਰ ਯਾਰ ਦੀਆਂ ਪ੍ਰਸਿੱਧ ਰਚਨਾਵਾਂ ਇਹ ਸਨ : ਰੋਜ਼ਨਾਮਾ, ਮਿਅਰਾਜਨਾਮਾ, ਪੂਰਨ ਭਗਤ, ਵਾਰ ਰਾਜਾ ਰਸਾਲੂ, ਕਿੱਸਾ ਸੋਹਣੀ ਮਹੀਂਵਾਲ, ਵਾਰ ਰਾਣੀ ਕੋਕਿਲਾਂ ਅਤੇ ਵਾਰ ਹਰੀ ਸਿੰਘ ਨਲੂਆ। ਡਾ. ਮੋਹਨ ਸਿੰਘ, ਕਾਦਰ ਯਾਰ ਨੂੰ 'ਪੰਜਾਬ ਦੇ ਲੋਕ ਨਾਇਕਾਂ ਦਾ ਕਵੀ' ਕਹਿੰਦਾ ਹੈ। ਕਾਦਰਯਾਰ ਦੀ ਸ਼ਾਹਕਾਰ ਰਚਨਾ 'ਕਿੱਸਾ ਪੂਰਨ ਭਗਤ' ਹੈ। ਇਸ ਦਾ ਕਾਵਿ-ਰੂਪ ਸੀਹਰਫ਼ੀ ਹੈ। ਇਸ ਵਿਚ ਉਸਨੇ ਮਾਂ ਦੀ ਮਮਤਾ ਦੇ ਗੌਰਵ ਅਤੇ ਮਹਿਮਾ ਨੂੰ ਬਿਆਨ ਕੀਤਾ ਹੈ। ਉਸ ਨੇ 'ਲੂਣਾ' ਨੂੰ ਕਾਮ ਦੀ ਪੁਤਲੀ ਅਤੇ ਇਕ ਵਿਭਚਾਰਣ ਇਸਤ੍ਰੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਉਹ ਰਾਜੇ ਸਲਵਾਨ ਦੀ ਵੀ ਪ੍ਰਸ਼ੰਸਾ ਨਹੀਂ ਕਰਦਾ। ਪੰਜਾਬੀ ਪਾਠਕਾਂ ਵਿਚ ਕਾਦਰਯਾਰ ਦੀ ਇਸ ਰਚਨਾ ਦੇ ਉਹ ਬੰਦ ਵਧੇਰੇ ਮਕਬੂਲ ਹੋਏ ਹਨ, ਜਿਨ੍ਹਾਂ ਵਿਚ ਮਾਤਾ ਇੱਛਰਾਂ ਅਤੇ ਪੂਰਨ ਦੇ ਵਾਤਸਲ-ਪ੍ਰੇਮ ਦਾ ਨਿਰੂਪਣ ਹੋਇਆ ਹੈ। ਇਸ ਪ੍ਰਸੰਗ ਵਿਚ ਉਸਦੀ ਇਕ ਸੀਹਰਫ਼ੀ ਦੇਖੋ:

ਲਾਮ-ਲਈ ਆਵਾਜ਼ ਪਹਿਚਾਣ ਮਾਤਾ, ਆਖੇ ਦੱਸ ਬੇਟਾ ਕਿੱਥੋਂ ਆਇਆ ਏਂ।
ਕਿਹੜਾ ਮੁਲਕ ਤੇਰਾ, ਪੁੱਤਰ ਕਿਸ ਦਾ ਏਂ, ਕਿਸ ਮਾਂ ਕਰਮਾਂ ਵਾਲੀ ਜਾਇਆਂ ਏਂ।
ਅੱਖੀਂ ਦਿਸੇ ਤਾਂ ਸ਼ਕਲ ਪਛਾਣ ਲੈਸਾਂ, ਬੋਲੀ ਵੱਲੋਂ ਮੈਂ ਪੁੱਤ ਅਜ਼ਮਾਇਆ ਏਂ।
ਕਾਦਰ ਯਾਰ ਆਖੇ ਦੱਸੀਂ ਸਾਰ ਮੈਨੂੰ, ਜਾਣੇ ਭਾਲ ਮੈਂ ਪੁੱਤ ਮਿਲਾਇਆ ਏਂ।

### 2.5.7 ਸਾਰ

ਮੱਧਕਾਲੀਨ ਪੰਜਾਬੀ ਸਾਹਿੱਤ ਵਿਚ ਕਿੱਸਾ ਕਾਵਿ ਪਰੰਪਰਾ ਸਭ ਤੋਂ ਵੱਧ ਲੋਕਪ੍ਰਿਅ ਪ੍ਰਵਿਰਤੀ ਰਹੀ ਹੈ। ਇਸ ਵਿਚ ਲੌਕਿਕ ਸਰੋਕਾਰ ਵਿਅਕਤ ਹੁੰਦੇ ਸਨ, ਇਸ ਕਾਰਨ ਇਸ ਦੀ ਵਸਤੂ-ਸਾਮਗਰੀ ਲੋਕਾਂ ਨੂੰ ਬੜੀ ਆਸਾਨੀ ਨਾਲ ਸਮਝ ਆ ਜਾਂਦੀ ਸੀ। ਇਸ ਤੋਂ ਬਿਨਾਂ ਇਸ ਕਾਵਿ ਪਰੰਪਰਾ ਵਿਚ ਸ਼ਖਸੀ ਸੁਤੰਤਰਤਾ, ਆਤਮ-ਗੌਰਵ, ਅਣਖ ਅਤੇ ਸਵੈਮਾਨ ਆਦਿਕ ਜੀਵਨ-ਮੁੱਲ ਰੂਪਮਾਨ ਹੁੰਦੇ ਰਹੇ ਹਨ। ਇਹ ਜੀਵਨ-ਮੁੱਲ ਪੰਜਾਬੀਆਂ ਦੀਆਤਮ-ਪਹਿਚਾਣ ਬਣ ਚੁਕੇ ਹਨ। ਇਸ ਕਾਰਨ ਪੰਜਾਬੀ ਲੋਕ ਬੜੀਆਂ ਰੀਝਾਂ ਅਤੇ ਚਾਵਾਂ ਨਾਲ ਕਿੱਸਾ-ਕਾਵਿ ਦਾ ਪਠਣ-ਪਾਠਣ ਕਰਦੇ ਰਹੇ ਹਨ। ਅੰਗਰੇਜ਼ੀ ਰਾਜ ਦੇ ਕਾਲ ਵਿਚ ਪੈਦਾ ਹੋਏ ਕੁਝ ਹੋਰ ਕਿੱਸਾ ਕਵੀ ਵੀ ਪੰਜਾਬੀ ਸਾਹਿੱਤ ਵਿਚ ਬਹੁਤ ਪ੍ਰਸਿਧ ਹੋਏ। ਜਿਨ੍ਹਾਂ ਵਿਚੋਂ

ਸ਼ਾਹ ਮੁਹੰਮਦ (ਕਿੱਸਾ ਸੱਸੀ ਪੁਨੂੰ, ਜੰਗਨਾਮਾ), ਗ਼ੁਲਾਮ ਰਸੂਲ (ਸੱਸੀ ਪੁਨੂੰ), ਫ਼ਜ਼ਲ ਸ਼ਾਹ (ਸੋਹਣੀ ਮਹੀਂਵਾਲ), ਭਾਈ ਭਗਵਾਨ ਸਿੰਘ (ਹੀਰ ਰਾਂਝਾ) ਅਤੇ ਸਦਾ ਰਾਮ (ਸੋਹਣੀ ਮਹੀਂਵਾਲ) ਆਦਿਕ ਉਲੇਖਯੋਗ ਹਨ। ਕਿੱਸਾ ਕਾਵਿ-ਪਰੰਪਰਾ ਕਾਫ਼ੀ ਸਮਾਂ ਆਧੁਨਿਕ ਪੰਜਾਬੀ ਕਾਵਿ ਦੇ ਸਮਾਨਾਂਤਰ ਵੀ ਚਲਦੀ ਰਹੀ।

## ਪ੍ਰਸ਼ਨ :

ਉਪਰੋਕਤ ਪਾਠ ਵਿਚ ਦਿੱਤੀ ਗਈ ਸੱਮਗਰੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉਤਰ ਦਿਉ:

1. ਪੰਜਾਬੀ ਕਿੱਸਾ ਕਾਵਿ ਪਰੰਪਰਾ ਦਾ ਸਰਵੇਖਣ ਕਰੋ।
2. ਸਤਾਰ੍ਹਵੀਂ ਸਦੀ ਵਿਚ ਪੈਦਾ ਹੋਏ ਕਿੱਸਾ ਕਵੀਆਂ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ।
3. ਅਠਾਰ੍ਹਵੀਂ ਸਦੀ ਨੂੰ ਕਿੱਸਾ ਕਾਵਿ ਪਰੰਪਰਾ ਦਾ ਸਿਖਰ ਕਿਉਂ ਮੰਨਿਆ ਜਾਂਦਾ ਹੈ?
4. ਕਿੱਸਾ ਕਾਵਿ ਦੀ ਮੱਧਕਾਲੀਨ ਪੰਜਾਬੀ ਕਾਵਿ ਨੂੰ ਦੇਣ ਬਾਰੇ ਆਪਣੇ ਵਿਚਾਰ ਦੱਸੋ।
5. ਪੰਜਾਬੀ ਕਿੱਸਾ ਕਾਵਿ ਦੀ ਇਤਿਹਾਸ ਰੇਖਾ ਉਲੀਕਦੇ ਹੋਏ, ਇਸਦੀਆਂ ਸਮੁੱਚੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਓ। (ਅਪਰੈਲ 2011)
6. ਮੱਧਕਾਲ ਦੇ ਕਿੱਸਾ ਕਾਵਿ ਬਾਰੇ ਚਰਚਾ ਕਰੋ। (ਅਪਰੈਨ 2013)
7. ਮੱਧ-ਕਾਲੀਨ ਪੰਜਾਬੀ ਕਿੱਸਾ ਕਾਵਿ ਦੀਆਂ ਸਾਹਿਤਕ ਵਿਸ਼ੇਸ਼ਤਾਵਾਂ ਦਾ ਮੁਲਾਂਕਣ ਕਰੋ। (ਅਪਰੈਲ 2015)
8. ਮੱਧਕਾਲੀਨ ਪੰਜਾਬੀ ਬਿਰਤਾਂਤ ਕਾਵਿ ਦੇ ਸਾਂਝੇ ਲੱਛਣਾਂ ਅਤੇ ਝੁਕਾਵਾਂ ਉਪਰ ਇਕ ਆਲੋਚਨਾਤਮਕ ਨਿਬੰਧ ਲਿਖੋ। (ਮਈ 2016)

**ਪਾਠ ਨੰ: 2.6** **- ਪ੍ਰੋ. ਬ੍ਰਹਮਜਗਦੀਸ਼ ਸਿੰਘ**

# ਬੀਰ-ਕਾਵਿ ਅਤੇ ਵਾਰਤਕ

## 2.6.1 ਭੂਮਿਕਾ :

ਸਾਹਿੱਤ, ਸਭਿਆਚਾਰ ਅਤੇ ਇਤਿਹਾਸ ਆਪੋ ਵਿਚ ਪੂਰੀ ਤਰ੍ਹਾਂ ਨਾਲ ਜੁੜੇ ਰਹਿੰਦੇ ਹਨ ਅਤੇ ਇਕ-ਦੂਜੇ ਨੂੰ ਪ੍ਰਭਾਵਿਤ ਵੀ ਕਰਦੇ ਰਹਿੰਦੇ ਹਨ। ਪੰਜਾਬ ਦਾ ਇਤਿਹਾਸ ਬਾਹਰਲੇ ਦੇਸ਼ਾਂ ਤੋਂ ਨਿਰੰਤਰ ਆਉਂਦੇ ਰਹਿਣ ਵਾਲੇ ਹਮਲਾਵਰਾਂ ਦੀ ਲੁੱਟ ਖਸੁੱਟ ਅਤੇ ਜੰਗਾਂ-ਯੁਧਾਂ ਦੀ ਖੂਨੀ ਦਾਸਤਾਨ ਹੈ ਅਤੇ ਇਸ ਨੇ ਪੰਜਾਬੀ ਸਭਿਆਚਾਰ ਨੂੰ ਬਾਹਰਮੁਖੀ, ਹਠੀਲਾ ਅਤੇ ਜੋਸ਼ੀਲਾ ਬਣਾ ਦਿਤਾ। ਸਭਿਆਚਾਰ ਦੇ ਇਨ੍ਹਾਂ ਤੱਤਾਂ ਨੇ ਪੰਜਾਬੀ ਸਾਹਿੱਤ ਵਿਚ ਅਣਖ, ਸਵੈਮਾਨ, ਬੀਰਤਾ ਅਤੇ ਉਤਸਾਹ ਆਦਿ ਗੁਣ-ਤੱਤ ਭਰ ਦਿੱਤੇ। ਇਸੇ ਕਾਰਨ ਪੰਜਾਬੀ ਸਾਹਿੱਤ ਵਿਚ ਵਾਰਾਂ ਅਤੇ ਜੰਗਨਾਮਿਆਂ ਦੀ ਇਕ ਲੰਬੀ ਪਰੰਪਰਾ ਦ੍ਰਿਸ਼ਟੀਗੋਚਰ ਹੁੰਦੀ ਹੈ। ਸਾਡੇ ਅਧਿਆਤਮਕ ਸਤਿਗੁਰਾਂ ਨੇ ਵੀ ਵਾਰ ਸਾਹਿੱਤ ਦੀ ਪਰੰਪਰਾ ਦਾ ਭਰਪੂਰ ਪ੍ਰਯੋਗ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੁਆਰਾ ਰਚਿਤ 22 ਵਾਰਾਂ ਸੰਕਲਿਤ ਹਨ, ਜੋ ਮਨੁੱਖੀ ਨੂੰ ਚੜ੍ਹਦੀ ਕਲਾ ਵਿਚ ਰਹਿਣ ਦਾ ਅਮਰ ਸੰਦੇਸ਼ ਦਿੰਦੀਆਂ ਹਨ। ਭੌਤਿਕ ਵੇਰਵਿਆਂ ਨਾਲ ਸੰਬੰਧਿਤ ਵਾਰਾਂ ਦੀ ਪਰੰਪਰਾ ਪੰਜਾਬੀ ਸਾਹਿੱਤ ਦੇ ਆਦਿ ਕਾਲ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਮੱਧਕਾਲ ਵਿਚ ਇਨ੍ਹਾਂ ਵਾਰਾਂ ਦੇ ਵਿਸ਼ੈ-ਵਸਤੂ ਅਤੇ ਰੂਪ-ਪ੍ਰਬੰਧ ਵਿਚ ਹੋਰ ਵੀ ਪਰਿਪੱਕਤਾ ਆ ਜਾਂਦੀ ਹੈ। ਪੰਜਾਬੀ ਸਾਹਿੱਤ ਦੇ ਇਤਿਹਾਸ ਨੂੰ ਸਮਝਣ ਵਾਸਤੇ ਇਨ੍ਹਾਂ ਵਾਰਾਂ ਅਤੇ ਜੰਗਨਾਮਿਆਂ ਦਾ ਅਧਿਐਨ ਬਹੁਤ ਜ਼ਰੂਰੀ ਹੈ।

**2.6.1.2** ਮੱਧਕਾਲ ਵਿਚ ਪੰਜਾਬੀ ਵਾਰਤਕ ਵੀ ਇਕ ਨਿਸ਼ਚਿਤ ਆਕਾਰ-ਪ੍ਰਕਾਰ ਧਾਰਨ ਕਰ ਜਾਂਦੀ ਹੈ। ਵਾਰਤਕ ਦਾ ਕਾਰਜ ਮਨੁੱਖ ਨੂੰ ਜੀਵਨ ਦੇ ਕਿਸੇ ਮਸਲੇ ਬਾਰੇ ਡੂੰਘੀ ਸਮਝ ਪ੍ਰਦਾਨ ਕਰਨਾ ਹੁੰਦਾ ਹੈ।ਜਦੋਂ ਕਿਸੇ ਲੇਖਕ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਉਸਨੇ ਮਨੁੱਖੀ ਜੀਵਨ ਦੇ ਕਿਸੇ ਮਸਲੇ ਬਾਰੇ ਅਜਿਹਾ ਗਿਆਨ ਪ੍ਰਾਪਤ ਕਰ ਲਿਆ ਹੈ, ਜੋ ਉਸਦੇ ਸਮਕਾਲੀ ਜਾਂ ਉੱਤਰਕਾਲੀ ਲੋਕਾਂ ਲਈ ਅਰਥਪੂਰਨ ਅਥਵਾ ਪ੍ਰਾਸੰਗਿਕ ਹੋ ਸਕਦਾ ਹੈ, ਤਾਂ ਉਹ ਇਸ ਗਿਆਨ ਨੂੰ ਉਨ੍ਹਾਂ ਨਾਲ ਸਾਂਝਾ ਕਰਨ ਵਾਸਤੇ ਵਾਰਤਕ ਦਾ ਸਹਾਰਾ ਲੈਂਦਾ ਹੈ। ਇਸੇ ਮੰਤਵ ਕਾਰਨ ਜਨਮਸਾਖੀਆਂ, ਗੋਸ਼ਟਾਂ, ਰਹਿਤਨਾਮਿਆਂ, ਬਚਨਾਂ ਅਤੇ ਸੁਖਨਾਂ ਆਦਿਕ ਦੀ ਰਚਨਾ ਕੀਤੀ ਗਈ। ਮੱਧਕਾਲੀਨ ਪੰਜਾਬੀ ਸਾਹਿੱਤ ਵਿਚ ਅਜਿਹੀ ਵਾਰਤਕ ਦੀ ਇਕ ਅਮੀਰ ਪਰੰਪਰਾ ਹੈ। ਜਿਸ ਨੂੰ ਜਾਣੇ-ਸਮਝੇ ਬਗ਼ੈਰ ਅਸੀਂ ਆਧੁਨਿਕ ਪੰਜਾਬੀ ਵਾਰਤਕ ਦੇ ਸਰੂਪ ਨੂੰ ਨਹੀਂ ਸਮਝ ਸਕਦੇ।

## 2.6.2.1 ਪ੍ਰਯੋਜਨ

ਇਸ ਪਾਠ ਦਾ ਪ੍ਰਯੋਜਨ ਮੱਧਕਾਲੀਨ ਪੰਜਾਬੀ ਸਾਹਿਤ ਦੀਆਂ ਦੋ ਮਹੱਤਵਪੂਰਨ ਧਾਰਾਵਾਂ ਬੀਰ-ਕਾਵਿ ਅਤੇ ਵਾਰਤਕ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਭਾਵੇਂ ਇਹ ਦੋਵੇਂ ਧਾਰਾਵਾਂ ਆਦਿਕਾਲੀਨ ਪੰਜਾਬੀ ਸਾਹਿਤ ਵਿਚ ਵੀ ਗਤੀਸ਼ੀਲ ਸਨ ਪਰੰਤੂ ਉਸ ਕਾਲ ਵਿਚ ਇਨ੍ਹਾਂ ਦੇ ਇੱਕਾ-ਦੁੱਕਾ ਵੇਰਵੇ ਹੀ ਪ੍ਰਾਪਤ ਹੁੰਦੇ ਹਨ। ਬੀਰ-ਕਾਵਿ ਦੇ ਰੂਪ ਵਿਚ ਮਿਲਦੀਆਂ ਵਾਰ ਦੇ ਅੰਸ਼ ਮਾਤਰ ਹੀ ਪ੍ਰਾਪਤ ਹੋਏ ਹਨ ਅਤੇ ਵਾਰਤਕ ਦੇ

ਨਮੂਨਿਆਂ ਨੂੰ ਪੂਰੀ ਤਰ੍ਹਾਂ ਪ੍ਰਮਾਣਿਕ ਨਹੀਂ ਮੰਨਿਆਂ ਜਾਂਦਾ। ਇਸ ਕਾਰਨ ਇਨ੍ਹਾਂ ਰੂਪਾਕਾਰਾਂ ਦੇ ਵਿਕਾਸ ਨੂੰ ਮੱਧਕਾਲ ਨਾਲ ਜੋੜ ਕੇ ਹੀ ਵੇਖਿਆ ਜਾਂਦਾ ਹੈ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਇਸ ਪਾਠ ਵਿਚ ਦਿੱਤੀ ਗਈ ਸਾਮਗਰੀ ਦੇ ਨਾਲ-ਨਾਲ ਪੰਜਾਬੀ ਸਾਹਿੱਤ ਦੇ ਇਤਿਹਾਸ ਨਾਲ ਸੰਬੰਧਿਤ ਕੁਝ ਹੋਰ ਪੁਸਤਕਾਂ ਵੀ ਵਿਭਾਗ ਦੀ ਲਾਇਬਰੇਰੀ ਵਿਚੋਂ ਪ੍ਰਾਪਤ ਕਰਕੇ ਵਾਚਦੇ ਰਹਿਣ ਤਾਂ ਜੋ ਸਾਹਿੱਤ ਦੇ ਇਨਾਂ ਰੂਪਾਂ ਬਾਰੇ ਉਨ੍ਹਾਂ ਦੀ ਜਾਣਕਾਰੀ ਪਰਿਪੱਕ ਹੋ ਸਕੇ।

### 2.6.3.1 ਬੀਰ-ਕਾਵਿ

ਪੰਜਾਬੀ ਬੀਰ ਕਾਵਿ ਦੇ ਅੰਤਰਗਤ ਲੋਕ-ਵਾਰਾਂ, ਅਧਿਆਤਮਕ ਵਾਰਾਂ, ਭੌਤਿਕ ਵਾਰਾਂ ਅਤੇ ਜੰਗਨਾਮਾ ਆਦਿਕ ਸਾਹਿੱਤ-ਰੂਪ ਆਉਂਦੇ ਹਨ। ਇਨ੍ਹਾਂ ਵਿਚ ਕੁਝ ਇਕ ਪ੍ਰਮੁੱਖ ਰੂਪਾਂ ਦਾ ਵੇਰਵਾ ਇਸ ਪ੍ਰਕਾਰ ਹੈ:

### 2.6.3.2 ਲੋਕ ਵਾਰਾਂ :

ਪੰਜਾਬੀ ਸਾਹਿੱਤ ਦੇ ਇਸ ਕਾਲ ਵਿਚ ਰਚੀਆਂ ਗਈਆਂ ਬਹੁਤੀਆਂ ਵਾਰਾਂ ਲੋਕ-ਕਵੀਆਂ ਦੀ ਰਚਨਾ ਸਨ। ਇਸ ਕਾਲ ਵਿਚ ਤਿੰਨ ਵਾਰਾਂ ਆਂਸ਼ਿਕ ਰੂਪ ਵਿਚ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਦੇ ਨਾਮ ਹਨ-ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਦੀ ਵਾਰ, ਜੋਧੇ ਵੀਰੇ ਪੂਰਬਾਣੀ ਦੀ ਵਾਰ ਅਤੇ ਰਾਣਾ ਕੈਲਾਸ਼ ਤਥਾ ਮਾਲਦੇਵ ਦੀ ਵਾਰਾ ਇਹ ਵਾਂਰਾਂ ਅਕਬਰ ਅਤੇ ਜਹਾਂਗੀਰ ਦੇ ਰਾਜ-ਕਾਲ ਨਾਲ ਸੰਬੰਧ ਰਖਦੀਆਂ ਹਨ। ਇਨ੍ਹਾਂ ਵਿਚ ਰਾਜਪੂਤ ਯੋਧਿਆਂ ਦੀ ਬਹਾਦਰੀ ਦਾ ਵਰਣਨ ਹੋਇਆ ਹੈ।ਨਮੂਨੇ ਦੇਖੋ:

ਕਾਬਲ ਵਿਚ ਮੁਰੀਦ ਖਾਂ,ਫੜਿਆ ਬਡ ਜ਼ੋਰ।
ਚੰਦ੍ਰਹੜਾ ਲੈ ਫੌਜ ਕੋ, ਚੜਿਆ ਬਡ ਤੌਰ।

(ਮਲਕ ਮੁਰੀਦ...ਦੀ ਵਾਰ)

ਚੜਿਆ ਰਾਣਾ ਜੋਧ ਬੀਰ, ਹਾਥੀ ਸੋਹਨ ਅੰਬਾਰੀਆਂ।
ਧੂਹ ਮਿਆਨੋਂ ਕੱਢੀਆਂ, ਬਿਜਲੀ ਜਿਉਂ ਚਮਕਾਰੀਆਂ।

(ਜੋਧੇ ਵੀਰੇ ... ਦੀ ਵਾਰ)

ਬਿਜਲੀਆਂ ਜਿਉਂ ਚਮਕਾਣੀਆਂ, ਤੇਗਾਂ ਵਿਚ ਅੰਬਰ।
ਮਾਲਦੇਵ ਕੈਲਾਸ਼ ਨੂੰ, ਬੰਨ੍ਹਿਆ ਕਰ ਸੰਬਰ।

(ਰਾਣੇ ਕੈਲਾਸ਼...ਦੀ ਵਾਰ)

### 2.6.3.3 ਅਧਿਆਤਮਕ ਵਾਰਾਂ :

ਸਿਖ ਗੁਰੂ ਸਾਹਿਬਾਨ ਨੇ ਰਾਜਾਸ਼ਾਹੀ ਅਤੇ ਸੱਤਾ ਦੇ ਹੋਰ ਕੇਂਦਰਾਂ ਉੱਪਰ ਬੈਠੇ ਰਾਜੇ-ਰਜਵਾੜਿਆਂ ਦੇ ਅਨਿਆਇ ਅਤੇ ਜ਼ੁਲਮ ਦੇ ਵਿਰੁੱਧ ਅਣਾਮ ਨੂੰ ਲਾਮਬੰਦ ਕਰਨ ਲਈ ਮੱਧਕਾਲੀਨ ਪੰਜਾਬੀ ਸਾਹਿੱਤ ਦੇ ਲੋਕਪ੍ਰਿਅ ਕਾਵਿ-ਰੂਪ ਵਾਰ ਦਾ ਬਹੁਤ ਸਕਤੀਸ਼ਾਲੀ ਪ੍ਰਯੋਗ ਕੀਤਾ। ਇਨ੍ਹਾਂ ਵਾਰਾਂ ਵਿਚ ਬੀਰ ਰਸ ਦੇ ਪ੍ਰਯੋਗ ਸਿਖਾਂ ਨੂੰ ਹਰ ਸਥਿਤੀ ਵਿਚ ਚੜ੍ਹਦੀ ਕਲਾ ਵਿਚ ਰਹਿਣ ਦਾ ਸੰਦੇਸ਼ ਦਿੱਤਾ ਗਿਆ ਹੈ। 'ਆਦਿ ਗ੍ਰੰਥ' ਵਿਚ ਸੰਕਲਿਤ ਇਨ੍ਹਾਂ ਵਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ:

(ੳ) ਗੁਰੂ ਨਾਨਕ ਦੇਵ ਜੀ: 3 ਵਾਰਾਂ (ਮਲਾਰ,ਆਸਾ ਅਤੇ ਮਾਝ ਰਾਗ ਵਿਚ)

(ਅ) ਗੁਰੂ ਅਮਰ ਦਾਸ ਜੀ: 4 ਵਾਰਾਂ (ਗੁਜਰੀ, ਸੂਹੀ, ਰਾਮਕਲੀ ਅਤੇ ਮਾਰੂ ਰਾਗ ਵਿਚ)

(ੲ) ਗੁਰੂ ਰਾਮ ਦਾਸ ਜੀ : 8 ਵਾਰਾਂ (ਸਿਰੀ ਰਾਗ, ਗਉੜੀ, ਬਿਹਾਗੜਾ,ਵਡਹੰਸ, ਸੋਰਠਿ, ਬਿਲਾਵਲ,

ਸਾਰੰਗ ਅਤੇ ਕਾਨੜਾ ਰਾਗ ਵਿਚ)

(ਸ) ਗੁਰੂ ਅਰਜਨ ਦੇਵ ਜੀ :6ਵਾਰਾਂ (ਗਉੜੀ,ਗੁਜਰੀ, ਜੈਤਸਰੀ, ਰਾਮਕਲੀ, ਮਾਰੂ ਅਤੇ ਬਸੰਤ ਰਾਗ ਵਿਚ)

(ਹ) ਸਤੇ ਬਲਵੰਡ ਦੀ ਵਾਰ :1ਵਾਰ (ਰਾਗ ਰਾਮਕਲੀ ਵਿਚ)

ਕੁਲ ਵਾਰਾਂ : 22 ਵਾਰਾਂ

**2.6.3.4** ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ 'ਪਰਮਾਤਮਾ ਦਾ ਢਾਡੀ' ਕਿਹਾ ਕਰਦੇ ਸਨ। ਆਪ ਨੇ ਵਾਰਾਂ ਦੇਮਾਧਿਅਮ ਦੁਆਰਾ ਪਰਮਾਤਮਾ ਦਾ ਜਸ-ਗਾਇਨ ਕੀਤਾ ਹੈ। ਇਨ੍ਹਾਂ ਵਾਰਾਂ ਵਿਚ ਨੇਕੀ ਅਤੇ ਬਦੀ ਦੇ ਦਰਮਿਆਨ ਸੰਘਰਸ਼ ਦੀ ਤਰਜਮਾਨੀ ਵੀ ਹੋਈ ਹੈ।ਗੁਰੂ ਸਾਹਿਬ ਦੀਆਂ ਵਾਰਾਂ ਵਿਚ ਰਾਜਨੀਤਕ ਅਤੇ ਸਮਾਜਿਕ ਆਲੋਚਨਾ ਦਾ ਅੰਦਾਜ਼ ਬਹੁਤ ਤੀਖਣ ਹੈ।ਭਾਸ਼ਾ ਵਿਚ ਸੰਜਮ ਅਤੇ ਸੂਤਰਬੱਧਤਾ ਦੇ ਗੁਣ ਵਿਸ਼ੇਸ਼ ਰੂਪ ਵਿਚ ਉਜਾਗਰ ਹੁੰਦੇਹਨ। ਦੇਖੋ:

ਭਗਤ ਤੇਰੇ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ।।
ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਾਹਨੀ ਧਾਵਦੇ।।
ਇਕਿ ਮੂਲੁ ਨਾ ਬੁਝਨਿ ਆਪਣਾ ਅਣਹੋਦਾ ਆਪ ਗਣਾਇਦੇ।।
ਹਉ ਢਾਢੀ ਕਾ ਨੀਚ ਜਾਤਿ ਹੋਰ ਉਤਮ ਜਾਤਿ ਸਦਾਇਦੇ।।

(ਆਸਾ ਦੀ ਵਾਰ)

**2.6.3.5** ਵੱਖ-ਵੱਖ ਗੁਰੂ ਸਾਹਿਬਾਨ ਦੀਆਂ ਵਾਰਾਂ ਵਿਚ ਸੰਗਠਨ ਅਤੇ ਵਿਚਾਰਧਾਰਾ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਅੰਤਰ ਨਹੀਂ ਹੈ। ਭਾਸ਼ਾਈ ਵੇਰਵੇ ਭਿੰਨ ਹੋਸਕਦੇ ਹਨ। ਗੁਰੂ ਅਮਰਦਾਸ ਜੀ ਦੀਆਂ ਵਾਰਾਂ ਵਿਚ ਸੰਤ-ਭਾਸ਼ਾ ਅਤੇ ਪ੍ਰਾਕ੍ਰਿਤ ਦਾ ਪ੍ਰਭਾਵ ਵਧੇਰੇ ਨਜ਼ਰ ਆਉਂਦਾ ਹੈ। ਗੁਰੂ ਰਾਮਦਾਸ ਜੀ ਦੀਆਂ ਵਾਰਾਂ ਵਿਚ ਠੇਠ ਪੰਜਾਬੀ ਦਾ ਪ੍ਰਯੋਗ ਹੋਇਆ ਹੈ। ਆਪ ਨੇ ਟਵਰਗ (ਟ,ਠ, ਡ, ਢ, ਣ) ਅਤੇ /ੜ/ ਆਦਿ ਧੁਨੀਆਂ ਦੇ ਪ੍ਰਯੋਗ ਦੁਆਰਾ ਭਾਸ਼ਾ ਦੇ ਸੰਗੀਤਾਤਮਕ ਪੱਖ ਨੂੰ ਵਧੇਰੇ ਉਜਾਗਰ ਕਰ ਲਿਆ ਹੈ।ਗੁਰੂ ਅਰਜਨ ਦੇਵ ਜੀ ਨੇ ਪੰਜਾਬੀ ਭਾਸ਼ਾ ਨੂੰ ਸਰਲ, ਸਰਸ ਅਤੇ ਸਹਿਜ ਬਣਾਉਣ ਉਪਰ ਜ਼ੋਰ ਦਿੱਤਾ।ਆਪ ਨੇ ਭਾਸ਼ਾ ਦੇ ਖੇਤਰ ਵਿਚ ਬਹੁਤ ਸਾਰੇ ਪ੍ਰਯੋਗ ਵੀ ਕੀਤੇ ਪਰੰਤੂ ਮੂਲ ਰੂਪ ਵਿਚ ਆਪ ਦੀਆਂ ਵਾਰਾਂ ਦਾ ਸੁਭਾਉ ਵਿਆਖਿਆਤਮਕ ਅਤੇ ਵਿਸ਼ਲੇਸ਼ਣਮਈ ਰਿਹਾ ਹੈ।

## 2.6.4.1 ਭਾਈ ਗੁਰਦਾਸ (1559-1637)

ਭਾਈ ਸਾਹਿਬ ਮਾਝੇ ਦੇ ਰਹਿਣ ਵਾਲੇ ਸਨ। ਇਸ ਲਈ ਆਪ ਦੀ ਭਾਸ਼ਾ ਉਤੇ ਮਾਝੀ ਦਾ ਪ੍ਰਭਾਵ ਸਭ ਤੋਂ ਵਧੇਰੇ ਹੈ। ਆਪ ਗੁਰੂ ਅਮਰਦਾਸ ਜੀ ਦੇ ਭਤੀਜੇ ਸਨ ਅਤੇ ਆਪ ਨੇ ਆਪਣਾ ਮੁਢਲਾ ਜੀਵਨ ਗੁਰੂ ਸਾਹਿਬ ਦੇ ਪਾਸ ਗੋਇੰਦਵਾਲ ਸਾਹਿਬ ਵਿਖੇ ਹੀ ਬਿਤਾਇਆ ਸੀ। ਗੋਇੰਦਵਾਲ ਨੇ ਅਧਿਆਤਮਕ ਵਾਤਾਵਰਣ ਦਾ ਭਾਈ ਸਾਹਿਬ ਉਤੇ ਬਹੁਤ ਪ੍ਰਭਾਵ ਪਿਆ ਅਤੇ ਆਪ ਇਕ ਆਦਰਸ਼ਕ ਗੁਰਸਿੱਖ ਦੇ ਮਾਡਲ ਵਿਚ ਢਲ ਗਏ। ਜਦੋਂ ਗੁਰੂ ਅਰਜਨ ਦੇਵ ਜੀ ਨੇ 'ਆਦਿ ਗ੍ਰੰਥ' ਦੀ ਬੀੜ ਸੰਕਲਿਤ ਕਰਨ ਦਾ ਨਿਰਣਾ ਕੀਤਾ ਤਾਂ ਇਕ ਲਿਖਾਰੀ ਦੇ ਰੂਪ ਵਿਚ, ਆਪ ਨੂੰ ਭਾਈ ਗੁਰਦਾਸ ਜੀ ਸਭ ਤੋਂ ਉਚਿਤ ਵਿਅਕਤੀ ਮਾਲੂਮ ਹੋਏ ਸਨ। ਆਪ ਨੂੰ ਗੁਰਬਾਣੀ ਦੀ ਸ਼ੈਲੀ, ਸ਼ਬਦਾਵਲੀ ਅਤੇ ਸ਼ਬਦ ਜੋੜਾਂ ਦਾ ਭਰਪੂਰ ਗਿਆਨ ਸੀ। ਆਪ ਦੁਆਰਾ ਲਿਖੀਆਂ 40 ਵਾਰਾਂ ਗੁਰਮਤਿ ਗਿਆਨ ਅਤੇ ਸਿੱਖ ਦਰਸ਼ਨ ਦਾ ਇਕ ਮਹਾਨ ਕੋਸ਼ ਹਨ।ਇਸੇ ਕਾਰਨ ਇਨ੍ਹਾਂ ਵਾਰਾਂ ਨੂੰ 'ਗੁਰਬਾਣੀ ਦੀ ਕੁੰਜੀ' ਵੀ ਕਿਹਾ ਗਿਆ ਹੈ।

**2.6.4.2** ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਦੀ ਰਚਨਾ ਸਮੇਂ ਗੁਰਮਤਿ ਵਾਰਕਾਵਿ ਪਰੰਪਰਾ ਦਾ ਅਧਿਐਨ ਕੀਤਾ ਹੋਇਆ ਸੀ।ਇਨ੍ਹਾਂ ਵਾਰਾਂ ਵਿਚ ਸਤਿਗੁਰੂ, ਗੁਰਮੁਖ,ਗੁਰਸਿਖ ਅਤੇ ਪਰਮਾਤਮਾ ਦੀ ਉਸਤਤਿ ਹੋਈ ਹੈ। ਇਨ੍ਹਾਂ ਦੇਮੁਕਾਬਲੇ ਮਨਮੁਖ, ਨਿੰਦਕ, ਆਕ੍ਰਿਤਘਣ ਆਦਿਕ ਨੂੰ ਨੀਵਾਂ ਦਿਖਾਇਆ ਗਿਆ ਹੈ। ਆਪ ਦੀਆਂਵਾਰਾਂ ਵਿਚ ਅਲੰਕਾਰਾਂ, ਬਿੰਬਾਂ ਅਤੇ ਲੋਕਯਾਨਿਕ ਸਾਮਗਰੀ ਦਾ ਭਰਪੂਰ ਪ੍ਰਯੋਗ ਹੋਇਆ ਹੈ। ਦੇਖੋ:

ਕੁਤਾ ਰਾਜ ਬਹਾਲੀਐ ਫਿਰ ਚਕੀ ਚਟੈ।।
ਸਪੈ ਦੁਧੁ ਪੀਆਲੀਐ ਵਿਹੁ ਮੁਖਹੁ ਸਟੈ।।
ਪਥਰ ਪਾਣੀ ਰਖੀਐ ਮਨਿ ਹਠ ਨ ਘਟੈ।।
ਚੋਆ ਚੰਦਲ ਪਰਹਰੈ ਖਰਿ ਖੇਹ ਪਲਟੈ।

(ਵਾਰ ੩੫)

## 2.6.5.1 ਭੌਤਿਕ ਵਾਰਾਂ

ਅਧਿਆਤਮਕ ਵਾਰਾਂ ਦੇ ਸਮਾਨਾਂਤਰ ਪੰਜਾਬੀ ਵਿਚ ਜੰਗਾਂ-ਯੁੱਧਾਂ ਦਾ ਨਿਰੂਪਣ ਕਰਨ ਵਾਲੇ ਕਾਵਿ-ਰੂਪਾਂ, ਵਾਰਾਂ ਅਤੇ ਜੰਗਨਾਮਿਆਂ ਦੀ ਵੀ ਇਕ ਅਮੀਰ ਪਰੰਪਰਾ ਗਤੀਸ਼ੀਲ ਰਹੀ ਹੈ। ਅਹਿਮਦ ਕੁਰੈਸ਼ੀ, ਪੀਰ ਮੁਹੰਮਦ ਕਾਸਬੀ ਨੂੰ ਇਸ ਕਾਲ ਦਾ ਪਹਿਲਾ ਬੀਰ-ਰਸੀ ਕਵੀ ਮੰਨਦਾਹੈ।ਉਸ ਤੋਂ ਪਿਛੋਂ ਹਾਫ਼ਿਜ਼ ਬਰਖ਼ੁਰਦਾਰ ਨੇ ਵੀ ਇਕ ਜੰਗਨਾਮਾ ਲਿਖਿਆ, ਜੋ ਮਸ਼ਹੂਰ ਨਾ ਹੋ ਸਕਿਆ। ਦੀਵਾਨ ਨਿਆਮਤ ਖ਼ਾਨ ਦੁਆਰਾਲਿਖੀ 'ਵਾਰ ਆਲਿਫ਼ ਖ਼ਾਨ' ਦਾ ਵੀ ਬੀਰ-ਕਾਵਿ ਦੇ ਇਤਿਹਾਸ ਵਿਚ ਵਿਸ਼ੇਸ਼ ਸਥਾਨ ਹੈ।ਪਰੰਤੂ ਇਸ ਕਾਲ ਦੇ ਸਰਵ-ਸ਼ਿਰੋਮਣੀ ਵਾਰਕਾਰ ਗੁਰੂ ਗੋਬਿੰਦ ਸਿੰਘ ਜੀ ਹਨ,ਜਿਨ੍ਹਾਂ ਨੇ 'ਚੰਡੀ ਦੀ ਵਾਰ' ਲਿਖ ਕੇ ਇਸ ਕਾਵਿ-ਰੂਪ ਵਿਚ ਨਵੀਆਂ ਸੰਭਾਵਨਾਵਾਂ ਜਾਗ੍ਰਿਤ ਕੀਤੀਆਂ।

## 2.6.5.2 ਗੁਰੂ ਗੋਬਿੰਦ ਸਿੰਘ (1666-1708)

ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ 'ਚੰਡੀ ਦੀ ਵਾਰ' ਬੀਰ-ਕਾਵਿ ਦੀ ਇਕ ਅਦੁਤੀ ਰਚਨਾ ਹੈ। ਇਸ ਵਾਰ ਵਿਚ ਗੁਰੂ ਸਾਹਿਬ ਨੇ 'ਮਾਰਕੰਡੇਯ ਪੁਰਾਣ' ਵਿਚੋਂ 'ਦੁਰਗਾ ਸ਼ਪਤਸ਼ਤੀ' ਦੇ ਪੌਰਾਣਿਕ ਪ੍ਰਸੰਗ ਨੂੰ ਕਾਵਿਬੱਧ ਕੀਤਾ ਹੈ। ਇਹ ਰਚਨਾ ਨਿਹੱਥੇ ਅਤੇ ਨਿਸੱਤੇ ਪੰਜਾਬੀਆਂ ਵਿਚ ਅਣਖ, ਜੋਸ਼, ਆਤਮ-ਸਨਮਾਨ ਅਤੇ ਜੂਝ-ਮਰਨ ਦੇ ਭਾਵ ਪੈਦਾ ਕਰਨ ਲਈ ਲਿਖੀ ਗਈ ਸੀ। ਇਸ ਵਾਰ ਦੀ ਰਚਨਾ ਤੋਂ ਗੁਰੂ ਜੀ ਦਾ ਉਦੇਸ਼, ਦੁਰਗਾ ਜਾਂ ਚੰਡੀ ਦੀ ਉਸਤਤਿ ਕਰਨਾ ਨਹੀਂ ਸੀ ਬਲਕਿ ਇਨ੍ਹਾਂ ਦੇ ਹਵਾਲੇ ਨਾਲ ਪੰਜਾਬੀਆਂ ਵਿਚ ਇਸ ਭਾਵ ਦਾ ਸੰਚਾਰ ਕਰਨਾ ਸੀ ਕਿ ਜ਼ੁਲਮ-ਜਬਰ ਕੋਈ ਅੱਟਲ ਵਰਤਾਰਾ ਨਹੀਂ ਹੈ।ਇਸ ਨੂੰ ਬਦਲਿਆ ਵੀ ਜਾ ਸਕਦਾ ਹੈ। ਇਸ ਵਾਰ ਵਿਚ ਮਹਿਖਾਸੁਰ ਅਤੇ ਦੇਵੀ ਦੁਰਗਾ ਦੇ ਦਰਮਿਆਨ ਹੋਏ ਭਿਆਨਕ ਯੁੱਧ ਦਾ ਬੀਰ ਰਸੀ ਵਰਣਨ ਹੈ। ਦੇਖੋ:

ਵਜੇ ਢੋਲ ਨਗਾਰੇ ਦਲਾਂ ਮੁਕਾਬਲਾ।।
ਤੀਰ ਫਿਰੇ ਰੈਬਾਰੇ ਆਮੋ ਸਾਮਣੇ।।
ਅਗਣਤ ਬੀਰ ਸੰਘਾਰੇ ਲਗਦੇ ਕੈਬਰੀ।।
ਡਿਗੇ ਜਾਣ ਮੁਨਾਰੇ ਮਾਰੇ ਬਿਜ ਦੇ।।

**2.6.5.3** ਇਸ ਵਾਰ ਦੇ ਕੁਲ 55 ਬੰਦ ਹਨ। ਇਨ੍ਹਾਂ ਵਿਚ 54 ਪਉੜੀਆਂ ਹਨ ਅਤੇ ਇਕ ਦੋਹਰਾ ਹੈ। ਪਉੜੀਆਂ ਦੀ ਬਣਤਰ ਦਾ ਵਿਧਾਨ ਇਕੋ ਜਿਹਾ ਨਹੀਂ ਹੈ। ਪਉੜੀਆਂ ਵਿਚ ਤੁਕਾਂ ਦੀ ਗਿਣਤੀ

4 ਤੋਂ ਲੈ ਕੇ 12 ਤਕ ਪਹੁੰਚ ਜਾਂਦੀ ਹੈ। ਕਈ ਪਉੜੀਆਂ ਵਿਚ ਵਾਰ-ਰਚਨਾ ਦੀ ਗਤੀ ਨੂੰ ਤਿਖੇਰੀ ਕਰਨ ਵਾਸਤੇ ਅੰਤਿਮ ਤੁਕ ਵਿਚ ਮਾਤ੍ਰਾਵਾਂ ਦੀ ਗਿਣਤੀ, ਹੋਰ ਤੁਕਾਂ ਨਾਲੋਂ ਲਗਪਗ ਅੱਧੀ ਰੱਖੀ ਗਈ ਹੈ। ਮੌਲਿਕ ਪ੍ਰਕਾਰ ਦੇ ਅਲੰਕਾਰ ਅਤੇ ਬਿੰਬ ਇਸ ਰਚਨਾ ਦੇ ਕਾਵਿ-ਸੌਂਦਰਯ ਵਿਚ ਅਸੀਮ ਵਾਧਾ ਕਰ ਦਿੰਦੇ ਹਨ। ਗੁਰੂ ਸਾਹਿਬ ਦੁਆਰਾ ਰਚੇ ਗਏਕੁਝ ਅਲੰਕਾਰ ਦੇਖੋ:

(ੳ) ਖੁਲੀ ਵਾਲੀ ਦੈਤ ਅਹਾੜੇ ਸਭੈ ਸੂਰਮੇ।।
ਸੁਤੇ ਜਾਣਿ ਜਟਾਲੇ ਭੰਗਾਂ ਖਾਇ ਕੈ।।

(ਅ) ਹੂਰਾਂ ਸ੍ਰਣਵਤਬੀਜ ਨੂੰ ਘਤ ਘੇਰ ਖਲੋਈਆਂ।।
ਲਾੜਾ ਵੇਖਣ ਲਾੜੀਆਂ ਚਉਗਿਰਦੇ ਹੋਈਆਂ।।

(ੲ) ਚੜੇ ਰਥੀਂ, ਗਜ, ਘੋੜਈਂ ਮਾਰ ਭੁਇੰ ਤੇ ਡਾਰੇ।।
ਜਣ ਹਲਵਾਈ ਸੀਖ ਨਾਲ ਵਿੰਨ੍ਹ ਵੜੇ ਉਤਾਰੇ।।

**2.6.5.4** ਇਹ ਵਾਰ ਯੁੱਧ-ਵਿੱਦਿਆ ਅਤੇ ਰਣਭੂਮੀ ਦੀ ਸ਼ਬਦਾਵਲੀ ਦੇ ਪ੍ਰਯੋਗ ਦੀ ਇਕ ਉੱਤਮ ਮਿਸਾਲ ਹੈ। ਸੰਖਾਂ, ਜੰਗ-ਮੁਸਾਫਿਆਂ, ਭੇਰੀਆਂ, ਧੌਂਸਿਆਂ, ਦਮਾਮਿਆਂ ਅਤੇ ਹੋਰ ਮਾਰੂ ਨਾਦਾਂ ਨਾਲ ਰਣਭੂਮੀ ਗੁੰਜ਼ਦੀ ਹੋਈ ਸੁਣੀ ਜਾ ਸਕਦੀ ਹੈ। ਡਾ. ਜੀਤ ਸਿੰਘ ਸੀਤਲ ਦੇ ਸ਼ਬਦਾਂ ਵਿਚ ਚੰਡੀ ਦੀ ਵਾਰ, ਪੰਜਾਬੀ ਬੀਰ-ਕਾਵਿ ਦੀ ਸਭ ਤੋਂ ਲੰਮੇਰੀ, ਪਕੇਰੀ ਅਤੇ ਪਰਿਪੱਕ ਰਚਨਾ ਹੈ। ਇਹ ਮੋਇਆਂ ਨੂੰ ਜ਼ਿੰਦਾ ਕਰ ਸਕਦੀ ਹੈ, ਢਹਿੰਦੀਆਂ ਕਲਾਂ ਵਿਚ ਜਾਣ ਵਾਲੇ ਕਮਜ਼ੋਰਾਂ ਨੂੰ ਚੜ੍ਹਦੀ ਕਲਾ ਵੱਲ ਲੈਜਾ ਸਕਦੀ ਹੈ। ਨਿਰਸੰਦੇ ਹ ਇਹ ਇਕ ਮਹਾਨ ਕਵੀ ਦੀ ਮਹਾਨ ਰਚਨਾ ਹੈ। (ਪੰਜਾਬੀ ਸਾਹਿੱਤ ਦਾ ਆਲੋਚਨਾਤਮਕ ਇਤਿਹਾਸ, ਪੰਨਾ 292)

## 2.6.6.1 ਲਵ-ਕੁਸ਼ ਦੀ ਵਾਰ

ਇਸ ਕਾਲ ਵਿਚ ਲਵ-ਕੁਸ਼ ਬਾਰੇ ਦੋ ਵਾਰਾਂ ਮਿਲਦੀਆਂ ਹਨ। ਲਵ ਅਤੇ ਕੁਸ਼, ਸ੍ਰੀ ਰਾਮ ਚੰਦਰ ਅਤੇ ਮਾਤਾ ਸੀਤਾ ਦੇ ਸਪੁੱਤਰ ਸਨ। ਇਨ੍ਹਾਂ ਬਾਰੇ ਪਹਿਲੀ ਵਾਰ ਜਸੋਧਾ ਨੰਦਨ ਦੀ ਲਿਖੀ ਹੋਈ ਹੈ। ਇਸ ਵਾਰ ਵਿਚ ਲਹਿੰਦੀ ਪੰਜਾਬੀ ਦੀ ਝਲਕ ਦਿਖਾਈ ਦਿੰਦੀ ਹੈ। ਵਾਰ ਵਿਚ ਕੁਲ 88 ਪਉੜੀਆਂ ਹਨ।ਪਉੜੀਆਂ ਵਿਚ ਪੰਕਤੀਆਂ ਦੀ ਗਿਣਤੀ ਇਕਸਾਰ ਨਹੀਂ ਹੈ। ਛੰਦ ਸਿਰਖੰਡੀ ਹੈ।ਕਵੀ ਨੇ ਯੁੱਧ ਦਾ ਵਰਣਨ ਬੜੇ ਕਲਾਤਮਕ ਅਤੇ ਬੀਰ-ਰਸੀ ਅੰਦਾਜ਼ ਵਿਚ ਕੀਤਾ ਹੈ। ਦੇਖੋ:

ਹਾਥੀ ਮਾਰ ਉਡਾਰੇ, ਜਿਉਂ ਝੱਖੜ ਬੱਦਲਾਂ।
ਸਡਿ ਸਡਿ ਬੀਰ ਪਚਾਰੇ, ਡੋਹਾਂ ਭਾਈਆਂ।
ਰਥ ਤਿਨ ਤਿਨ ਕਰਿ ਡਾਰੇ, ਘਾਇਲ ਘੋੜਿਆਂ।
ਭੇਵਿਨਿ ਬਣ ਸੁਕਾਰੇ। ਆਮੋ ਸਾਹਮਣੇ।

## 2.6.6.2 ਲਊ-ਕੁਸੂ ਦੀ ਵਾਰ

ਇਹ ਵਾਰ ਦਾਸ ਦੀ ਰਚਨਾ ਹੈ। ਅੰਦਰੀਆਂ ਗਵਾਹੀਆਂ ਦੇ ਆਧਾਰ ਤੇ ਪਿਆਰਾ ਸਿੰਘ ਪਦਮ ਇਸ ਨੂੰ ਅਠਾਰ੍ਹਵੀਂ ਸਦੀ ਦੇ ਆਰੰਭ ਦੀ ਰਚਨਾ ਮੰਨਦਾ ਹੈ। ਇਸ ਵਾਰ ਵਿਚ ਪਉੜੀਆਂ ਦੇ ਨਾਲ-ਨਾਲ, ਦੋਹਰੇ ਜਾਂ ਸੋਰਠੇ ਵੀ ਆਏ ਹਨ। ਵਾਰ-ਲੇਖਕ ਦਾ ਨਾਮ ਪੰਦਰਵੀਂ ਅਤੇ ਇਕੱਤੀਵੀਂ ਪਉੜੀ ਵਿਚ ਆਇਆ ਹੈ। ਵਾਰ ਦੀਆਂ ਕੁਝ 70 ਪਉੜੀਆਂ ਹਨ ਅਤੇ ਇਸਦੇ ਨਾਲ ਏਨੇ ਹੀ ਦੋਹਰੇ ਜਾਂ ਸੋਰਠੇ ਵੀ ਆਏ ਹਨ।ਇਸ ਵਾਰ ਵਿਚੋਂ ਇਕ ਉਦਾਹਰਣ ਦੇਖੋ:

ਬਾਣਾਂ ਕੀ ਵਰਖਾ ਭਈ, ਸ਼ੂੰ ਸ਼ੂੰ ਸ਼ੁੰਕਾਰਾ।
ਮਾਨੋ ਫਣੀਅਰ ਉਡਦੇ, ਫੂੰ ਫੂੰ ਫੁੰਕਾਰਾ।
ਗਰੜ ਭਏ ਬਾਣ ਕੁਸ਼ੁ ਕੇ, ਅਹਿਚਲੇ ਪਿਆਲਾ।

## 2.6.6.3 ਕਾਨ੍ਹ ਭਗਵਾਨ ਦੀ ਵਾਰ

ਸਤਾਰ੍ਹਵੀਂ-ਅਠਾਰ੍ਹਵੀਂ ਸਦੀ ਵਿਚ ਸੰਸਕ੍ਰਿਤ ਮਹਾਕਾਵਯਾਂ ਨੂੰ ਆਧਾਰ ਬਣਾ ਕੇ ਵੀ ਬਹੁਤ ਸਾਰਾ ਬੀਰ-ਰਸੀ ਸਾਹਿੱਤ ਰਚਿਆ ਗਿਆ। 'ਕਾਨ੍ਹ ਭਗਵਾਨ ਦੀ ਵਾਰ' ਦਾ ਵਿਸ਼ੈ 'ਮਹਾਭਾਰਤ' ਵਿਚੋਂ ਲਿਆ ਗਿਆ ਹੈ। ਇਸ ਵਾਰ ਦਾ ਰਚਇਤਾ ਕਵੀ ਤੇਜ ਭਾਨ ਹੈ। ਉਸ ਨੇ ਇਸ ਵਾਰ ਵਿਚ ਸ੍ਰੀ ਕ੍ਰਿਸ਼ਨ ਦੇ ਰਾਜਾ ਕੰਸ ਨਾਲ ਹੋਏ ਯੁੱਧ ਦੀ ਪੇਸ਼ਕਾਰੀ ਕੀਤੀ ਹੈ। ਵਾਰ ਦੀਆਂ ਕੁਲ 40 ਪਉੜੀਆਂ ਹਨ। ਹਰ ਪਉੜੀ ਦੇ ਆਰੰਭ ਵਿਚ ਇਕ ਸਲੋਕ ਆਉਂਦਾ ਹੈ।ਸਲੋਕਾਂ ਦੀ ਭਾਸ਼ਾ ਉਤੇ ਬ੍ਰਜੀ ਦਾ ਪ੍ਰਭਾਵ ਨਜ਼ਰ ਆਉਂਦਾ ਹੈ ਪਰ ਪਉੜੀਆਂ ਠੇਠ ਪੰਜਾਬੀ ਵਿਚ ਰਚੀਆਂ ਗਈਆਂ ਹਨ। ਸਾਰੇ ਯੁੱਧ ਦਾ ਕਾਰਨ ਨਾਰਦ ਦੀ ਨੀਤੀ ਨੂੰ ਦਰਸਾਇਆ ਗਿਆ ਹੈ। ਦੇਖੋ:

ਨਾਰਦ ਕਹਿੰਦਾ ਕੰਸ ਨੂੰ, ਸੁਣ ਰਾਜਾ ਬਾਤ ਹਮਾਰੀ।
ਵਿਆਹੀ ਬਾਲਦੇਵ ਘਰ, ਦੇਵਕੀ ਭੈਣ ਤੁਮਾਰੀ।
ਗਰਭ ਜੋ ਆਵੇ ਅਰਵਾ, ਉਹ ਸਰਪਰ ਤੈਨੂੰ ਮਾਰੀ।
ਕਹਿਕੇ ਨਾਰਦ ਚਲਿਆ, ਮਨ ਅੰਦਰ ਭਈ ਗੁਬਾਰੀ।

## 2.6.6.4 ਨਾਦਰ ਸ਼ਾਹ ਦੀ ਵਾਰ

ਇਹ ਵਾਰ ਨਜਾਬਤ ਦੁਆਰਾ ਲਿਖੀ ਗਈ ਹੈ। ਵਾਰਕਾਰ ਨੇ ਨਾਦਰ ਸ਼ਾਹ ਦੇ ਹਮਲੇ (1739 ਈ.) ਨੂੰ ਆਪਣੀ ਇਸ ਵਾਰ ਦਾ ਮਜ਼ਮੂਨ ਬਣਾਇਆ ਹੈ। ਪੰਡਿਤ ਹਰੀ ਕ੍ਰਿਸ਼ਨ ਕੌਲ ਨੇ ਇਸ ਵਾਰ ਦੇ ਅਸਲ ਲੇਖਕ ਬਾਰੇ ਅਨੁਮਾਨ ਲਗਾਉਂਦਿਆਂ ਹੋਇਆਂ ਲਿਖਿਆ ਹੈ ਕਿ ਇਹ ਵਾਰ ਸੱਯਦ ਸ਼ਾਹ ਚਿਰਾਗ਼ ਨੇ ਲਿਖੀ ਸੀ ਅਤੇ ਨਜਾਬਤ ਉਸਦਾ ਸ਼ਾਗਿਰਦ ਸੀ।ਸ਼ਾਹ ਚਿਰਾਗ਼ ਦੀ ਮੌਤ ਉਪਰੰਤ ਨਜਾਬਤ ਨੇ ਇਸ ਵਾਰ ਦੇ ਨਾਲ ਆਪਣਾ ਨਾਮ ਜੋੜ ਲਿਆ ਪਰੰਤੂ ਬਾਵਾ ਬੁੱਧ ਸਿੰਘ ਅਤੇ ਮੌਲਾ ਬਖ਼ਸ਼ ਕੁਸ਼ਤਾ, ਪੰਡਿਤ ਕੌਲ ਦੀ ਇਸ ਧਾਰਨਾ ਨਾਲ ਸਹਿਮਤੀ ਨਹੀਂ ਦਰਸਾਉਂਦੇ। ਨਜਾਬਤ ਦੀ ਇਹ ਵਾਰ ਨਿਸ਼ਾਨੀ ਛੰਦ ਵਿਚ ਰਚੀ ਗਈ ਹੈ। ਨਜਾਬਤ ਮੱਧਕਾਲ ਦਾ ਪਹਿਲਾ ਵਾਰਕਾਰ ਹੈ ਜਿਸਨੇ ਹਿੰਦੁਸਤਾਨੀ ਨਜ਼ਰੀਏ ਤੋਂ ਇਸ ਵਾਰ ਵਿਚਲੇ ਤੱਥਾਂ ਨੂੰ ਤਰਤੀਬ ਦਿੱਤੀ ਹੈ। ਉਸ ਨੇ ਹਿੰਦੁਸਤਾਨੀ ਨਵਾਬਾਂ ਅਤੇ ਰਜਵਾੜਿਆਂ ਦੀ ਦੇਸ਼-ਧ੍ਰੋਹੀ ਉਪਰ ਬਹੁਤ ਗੁੱਸੇ ਦਾ ਪ੍ਰਗਟਾਵਾ ਕੀਤਾ ਹੈ। ਦੇਖੋ:

ਮਨਸੂਰ ਨਜ਼ਾਮੁਲ ਮੁਲਕ ਦੀ, ਜੜ੍ਹ ਮੁੱਢੋਂ ਜਾਏ।
ਜਿਨ੍ਹਾਂ ਬਾਲ ਮਤਾਬੀ ਚੋਰ ਨੂੰ, ਘਰ ਆਪ ਵਿਖਾਏ।
ਸਿਰ ਦੇਣ ਮਨਜ਼ੂਰ ਹੈ, ਜੇ ਹਿੰਦ ਨਾ ਜਾਏ।
ਬੁਰਜ ਬਾਜ਼ੀ ਸ਼ਤਰੰਜ ਦੀ, ਮਾਰ ਰੁਕ ਉਡਾਏ।
ਪਰ ਧਰੋਹੀ ਨਾਦਰ ਸ਼ਾਹ ਦੀ, ਹਿੰਦ ਸਾਰੀ ਪਾਏ।

## 2.6.6.5 ਚੱਠਿਆਂ ਦੀ ਵਾਰ

ਇਸ ਵਾਰ ਵਿਚ ਪੀਰ ਮੁਹੰਮਦ ਨੇ ਦੋ ਚੱਠੇ ਸਰਦਾਰਾਂ ਗ਼ੁਲਾਮ ਮੁਹੰਮਦ ਅਤੇ ਕੁਤਬੁਦੀਨ ਦੇ ਸ. ਮਹਾਂ

ਸਿੰਘ ਨਾਲ ਯੁੱਧ ਦਾ ਵਰਣਨ ਕੀਤਾ ਹੈ।ਵਾਰ ਦੀਆਂ ਕੁਲ 91 ਪਉੜੀਆਂ ਹਨ।ਕਵੀ ਪਾਸ ਬੜਾ ਵਿਸ਼ਾਲ ਸ਼ਬਦ-ਭੰਡਾਰ ਹੈ। ਉਹ ਫ਼ਾਰਸੀ ਭਾਸ਼ਾ ਦਾ ਵੀ ਚੰਗਾ ਗਿਆਨ ਰੱਖਦਾ ਹੈ ਪਰ ਦ੍ਰਿਸ਼-ਵਰਣਨ ਸਮੇਂ ਕਵੀ ਦੀ ਠੇਠ ਪੰਜਾਬੀ ਉੱਭਰ ਕੇ ਸਾਹਮਣੇ ਆਉਂਦੀ ਹੈ। ਦੇਖੋ:

ਲਸ਼ਕਰ ਮਹਾਂ ਸਿੰਘ ਦਾ, ਜਿਉਂ ਸਾਵਣ ਹਾਠਾਂ।
ਟੁਰਿਆ ਫੌਜਾਂ ਜੋੜ ਕੇ, ਦਰਿਆਵੀਂ ਠਾਠਾਂ।
ਰਾਹ ਛੁਪਾਇਆ ਗਰਦ ਨੇ, ਨਾ ਦੱਸਣ ਵਾਟਾਂ।
ਨੇਜ਼ੇ ਸੂਰਜ ਸਾਹਮਣੇ, ਵਿਚ ਮਾਰਨ ਲਾਟਾਂ।
ਹੋਇਆ ਜੰਗ ਮੁਕਾਬਲਾ, ਵਿਚ ਸਿੰਘਾਂ ਠਾਠਾਂ।

### 2.6.6.6 ਵਾਰ ਹਕੀਕਤ ਰਾਇ

ਕਵੀ ਅਗਰਾ ਨੇ ਹਕੀਕਤ ਰਾਇ ਦੁਆਰਾ ਧਰਮ-ਪਰਿਵਰਤਨ ਦੇ ਮਾਮਲੇ ਵਿਚ ਦਿੱਤੀ ਗਈ ਸ਼ਹੀਦੀ ਦੇ ਪ੍ਰਸੰਗ ਨੂੰ ਆਪਣੀ ਵਾਰ ਵਿਚ ਬਿਆਨ ਕੀਤਾ ਹੈ। ਇਸ ਵਾਰ ਦੇ ਕੁਲ 212 ਬੰਦ ਹਨ ਅਤੇ ਹਰ ਬੰਦ ਵਿਚ ਤੁਕਾਂ ਦੀ ਗਿਣਤੀ 4 ਹੈ। ਡਾ. ਮੋਹਨ ਸਿੰਘ ਦੀਵਾਨਾ ਇਸ ਵਾਰ ਨੂੰ ਪਿਛਲੇ ਮੱਧਕਾਲ ਦੀ ਇਕ ਉੱਤਮ ਰਚਨਾ ਮੰਨਦਾ ਹੈ, ਜਿਸਨੂੰ ਕਵੀ ਅਗਰਾ ਨੇ ਇਹ ਘਟਨਾ ਵਾਪਰਣ ਤੋਂ ਕੋਈ ਅੱਧੀ ਸਦੀ ਪਿਛੋਂ ਵਾਰ ਦਾ ਰੂਪ ਦਿੱਤਾ।ਕਵੀ ਦਾ ਬਿਆਨ ਨਾਟਕੀ, ਸਿੱਧਾ,ਸੱਚਾ ਅਤੇ ਦਿਲੋਂ ਨਿਕਲਿਆ ਜਾਪਦਾ ਹੈ। (ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ)

### 2.6.7.1 ਜੰਗਨਾਮਾ ਸਾਹਿਤ

ਪੰਜਾਬੀ ਸਾਹਿਤ ਦੇ ਮੱਧਕਾਲ ਵਿਚ ਵਾਰਾਂ ਦੇ ਨਾਲ-ਨਾਲ ਬਹੁਤ ਸਾਰੇ ਜੰਗਨਾਮੇ ਵੀ ਰਚੇ ਗਏ। ਇਨ੍ਹਾਂ ਵਿਚ ਭਾਈ ਦਯਾਲ ਸਿੰਘ ਰਚਿਤ 'ਫਤਹਿਨਾਮਾ', ਰਾਮ ਦਿਆਲ ਅਣਦ ਰਚਿਤ 'ਜੰਗਨਾਮਾ ਹਰੀ ਸਿੰਘ ਨਲੂਆ, ਕਾਦਰ ਯਾਰ ਰਚਿਤ ਵਾਰਾਂ ਅਤੇ ਜੰਗਨਾਮੇ ਆਦਿਕ ਕਾਫ਼ੀ ਪ੍ਰਸਿੱਧ ਹੋਏ ਹਨ। 'ਜੰਗਨਾਮੇ' ਨੂੰ ਪਰਿਭਾਸ਼ਿਤ ਕਰਦਾ ਹੋਇਆ ਸ਼ਮਸ਼ੇਰ ਸਿੰਘ ਅਸ਼ੋਕ ਲਿਖਦਾ ਹੈ ਕਿ ਇਹ ਕਾਵਿ-ਰੂਪ, ਕਵਿਤਾ ਦਾ ਉਹ ਭੇਦ ਹੈ, ਜਿਸ ਵਿਚ ਕਿਸੇ ਲੜਾਈ ਦੇ ਸਮਾਚਾਰ ਅੰਕਿਤ ਹੋਣ। ਬਹੁਤੇ ਜੰਗਨਾਮੇ ਇਮਾਮ ਹੁਸੈਨ ਦੀ ਸ਼ਹਾਦਤ ਬਾਰੇ ਲਿਖੇ ਗਏ ਹਨ। ਪੰਜਾਬੀ ਜੰਗਨਾਮਾ ਸਾਹਿਤ ਪੀਰ ਕਾਸਬੀ ਦੇ 'ਜੰਗਨਾਮਾ ਇਮਾਮ ਹੁਸੈਨ' ਨਾਲ ਸ਼ੁਰੂ ਹੁੰਦਾ ਹੈ। ਉਸ ਤੋਂ ਪਿਛੋਂ ਹਾਫ਼ਿਜ਼ ਬਰਖ਼ੁਰਦਾਰ ਨੇ ਵੀ ਜੰਗਨਾਮਾ 'ਇਮਾਮ-ਹੁਸੈਨ' ਦੀ ਰਚਨਾ ਕੀਤੀ।

### 2.6.7.2 ਜੰਗਨਾਮਾ ਮੁਕਬਲ

ਹਾਫ਼ਿਜ਼ ਮੁਹੰਮਦ ਸ਼ੀਰਾਨੀ ਇਸ ਨੂੰ ਪੰਜਾਬੀ ਦਾ ਸਭ ਤੋਂ ਪ੍ਰਾਚੀਨ ਜੰਗਨਾਮਾ ਮੰਨਦਾ ਹੈ। ਸ਼ਮਸ਼ੇਰ ਸਿੰਘ ਅਸ਼ੋਕ ਵੀ ਸ਼ੀਰਾਨੀ ਦੇ ਇਸ ਕਥਨ ਨਾਲ ਸਹਿਮਤ ਹੈ (ਦੇਖੋ ਮੁਕਬਲ, ਪੰਨਾ 'ਨ') ਉਸ ਅਨੁਸਾਰ ਮੁਕਬਲ ਦਾ ਜੰਗਨਾਮਾ ਪੰਜਾਬ ਵਿਚ ਸ਼ਾਇਦ ਸਭ ਤੋਂ ਪਹਿਲਾ ਯਤਨ ਹੈ। ਇਹ ਜੰਗਨਾਮਾ ਫ਼ਾਰਸੀ ਦੀ ਰਜ਼ਮੀਆ ਸ਼ਾਇਰੀ ਵਾਂਗ ਮਸਨਵੀ ਰੂਪ ਵਿਚ ਹੈ।ਜੰਗਨਾਮੇ ਵਿਚ ਉਪ-ਸ਼ੀਰਸ਼ਕ ਵੀ ਦਿੱਤੇ ਗਏ ਹਨ। ਇਸ ਦੀ ਬੋਲੀ ਬੜੀ ਠੇਠ ਅਤੇ ਸਰਲ ਹੈ। ਮੌਲਾ ਬਖ਼ਸ਼ ਕੁਸ਼ਤਾ ਅਨੁਸਾਰ ਇਹ ਜੰਗਨਾਮਾ ਕਰੁਣਾ ਰਸ ਦਾ ਸੋਹਣਾ ਨਮੂਨਾ ਹੈ।ਬਿਆਨ ਵਿਚ ਸਾਦਗੀ, ਸੋਜ਼ ਅਤੇ ਰਵਾਨਗੀ ਹੈ। (ਪੰਜਾਬੀ ਸ਼ਾਇਰਾਂ ਦਾ ਤਜ਼ਕਰਾ, ਪੰਨਾ 108)

### 2.6.7.3 ਜੰਗਨਾਮਾ ਹਾਮਦ

ਹੀਰ-ਕਾਵਿ ਦੀ ਰਚਨਾ ਕਰਨ ਵਾਲੇ ਕਵੀ ਹਾਮਦ ਨੇ 'ਜੰਗਨਾਮਾ ਹਾਮਦ' 1779 ਈ. ਵਿਚ ਲਿਖਿਆ।

ਇਸ ਵਿਚ ਕਰਬਲਾ ਦਾ ਵਾਕਿਆ ਬੜੇ ਹਿਰਦੇ ਵੇਧਕ ਅੰਦਾਜ਼ ਵਿਚ ਬਿਆਨ ਕੀਤਾ ਗਿਆ ਹੈ। ਇਸ ਜੰਗਨਾਮੇ ਵਿਚ ਕੁਝ ਉਰਦੂ ਨਜ਼ਮਾਂ ਅਤੇ ਮਰਸੀਦੇ ਵੀ ਆਏ ਹਨ।

### 2.6.7.4 ਜੰਗਨਾਮਾ ਸ਼ਾਹ ਮੁਹੰਮਦ

ਇਸ ਜੰਗਨਾਮੇ ਵਿਚ ਸਿੱਖਾਂ ਅਤੇ ਅੰਗ੍ਰੇਜ਼ਾਂ ਦੇ ਪਹਿਲੇ ਯੁੱਧ (ਦਸੰਬਰ 1845 ਤੋਂ ਫਰਵਰੀ 1846) ਦਾ ਵਰਣਨ ਹੈ। ਡਾ. ਫੌਜਾਂ ਸਿੰਘ ਅਨੁਸਾਰ ਇਹ ਜੰਗਨਾਮਾ ਇਸ ਯੁੱਧ ਦਾ ਸਭ ਤੋਂ ਮਹਤਵਪੂਰਨ ਇਤਿਹਾਸਕ ਦਸਤਾਵੇਜ਼ ਹੈ। ਕਿਹਾ ਜਾਂਦਾ ਹੈ ਕਿ ਇਹ ਜੰਗਨਾਮਾ ਜਲੰਧਰ ਦੇ ਅੰਗ੍ਰੇਜ਼ ਡਿਪਟੀ ਕਮਿਸ਼ਨਰ ਵੈਨਸਟਾਰਟ ਦੀ ਪ੍ਰੇਰਨਾ ਨਾਲ ਲਿਖਿਆ ਗਿਆ ਸੀ। ਸ਼ਾਹ ਮੁਹੰਮਦ ਨੇ ਇਸ ਯੁੱਧ ਦਾ ਵਰਣਨ ਕਰਨ ਤੋਂ ਪਹਿਲਾਂ ਉਸ ਸਮੁੱਚੇ ਪਿਛੋਕੜ ਨੂੰ ਬਿਆਨ ਕੀਤਾ ਹੈ, ਜਿਸ ਕਾਰਨ ਇਹ ਯੁੱਧ ਹੋਇਆ। ਕਵੀ ਨੇ ਇਸ ਜੰਗਨਾਮੇ ਵਿਚ ਮਹਾਰਾਣੀ ਜਿੰਦਾ ਨੂੰ ਇਕ ਬਦਲੇਖੋਰ ਰਾਣੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਦੇਖੋ:

ਜਿਨ੍ਹਾਂ ਮਾਰਿਆ ਕੋਹਿ ਕੇ ਵੀਰ ਮੇਰਾ,
ਮੈਂ ਖੋਹੂੰਗੀ ਉਨ੍ਹਾਂ ਦੀਆਂ ਜੁੰਡੀਆਂ ਨੀ।
ਧਾਕਾਂ ਜਾਣ ਵਲਾਇਤੀ ਦੇਸ ਸਾਰੇ,
ਪਾਵਾਂ ਬੱਕਰੇ ਵਾਂਗ ਦਾ ਵੰਡੀਆਂ ਨੀ।

**2.6.7.5** ਇਕ ਇਤਿਹਾਸਕ ਸ੍ਰੋਤ ਹੋਣ ਦੇ ਨਾਲ-ਨਾਲ ਇਹ ਜੰਗਨਾਮਾ ਇਕ ਉੱਤਮ ਪ੍ਰਕਾਰ ਦੀ ਕਾਵਿ-ਰਚਨਾ ਵੀ ਹੈ।ਕਵੀ ਦੁਆਰਾ ਵਰਤੇ ਗਏ ਅਲੰਕਾਰ ਅਤੇ ਬਿੰਬ ਬੜੇ ਮੌਲਿਕ ਅਤੇ ਸੱਜਰੇ ਹਨ। ਉਸ ਦੀ ਇਕ ਪ੍ਰਤਿਭਾ ਦਾ ਇਕ ਹੋਰ ਪ੍ਰਮਾਣ ਉਸ ਦੁਆਰਾ ਵਰਤੀ ਗਈ ਕਾਵਿ-ਭਾਸ਼ਾ ਵਿਚ ਮਿਲਦਾ ਹੈ। ਭਾਵੇਂ ਉਸਨੇ ਅਰਬੀ, ਫ਼ਾਰਸੀ, ਅੰਗ੍ਰੇਜ਼ੀ ਅਤੇ ਕੁਝ ਹੋਰ ਭਾਸ਼ਾਵਾਂ ਦੇ ਸ਼ਬਦਾਂ ਦਾ ਪ੍ਰਯੋਗ ਵੀ ਕੀਤਾ ਹੈ ਪਰ ਉਹ ਇਨ੍ਹਾਂ ਦਾ ਪ੍ਰਯੋਗ ਏਨੀ ਕੁਸ਼ਲਤਾ ਨਾਲ ਕਰਦਾ ਹੈ ਕਿ ਕੋਈ ਵੀ ਸ਼ਬਦ ਓਪਰਾ ਜਾਂ ਰਸਮੀ ਪ੍ਰਤੀਤ ਨਹੀਂ ਹੁੰਦਾ। ਉਹ ਦ੍ਰਿਸ਼-ਵਰਣਨ ਦਾ ਵੀ ਧਨੀ ਹੈ।ਨਾਟਕੀਅਤਾ, ਵਿਅੰਗ ਅਤੇ ਸੂਖ਼ਮ ਪ੍ਰਕਾਰ ਦਾ ਹਾਸ-ਰਸ ਉਸ ਦੀ ਕਾਵਿ ਸ਼ੈਲੀ ਦੇ ਕੁਝ ਹੋਰ ਪ੍ਰਮੁੱਖ ਲੱਛਣ ਹਨ। ਦੇਖੋ:

ਘਰੋਂ ਗਏ ਫ਼ਰੰਗੀ ਦੇ ਮਾਰਨੇ ਨੂੰ,
ਬੇੜੇ ਤੋਪਾਂ ਦੇ ਸਭ ਖੁਹਾ ਆਏ।
ਸ਼ਾਹ ਮੁਹੰਮਦਾ ਕਹਿੰਦੇ ਨੇ ਲੋਕ ਸਿੰਘ ਜੀ।
ਤੁਸੀਂ ਚੰਗੀਆਂ ਪੂਰੀਆਂ ਪਾ ਆਏ।

**2.6.7.6** 'ਜੰਗਨਾਮਾ' ਲਾਹੌਰ ਕ੍ਰਿਤ ਕਾਨ੍ਹ ਸਿੰਘ, 'ਜੰਗ ਸਿੰਘਾਂ ਤੇ ਫਰੰਗੀਆਂ' ਕ੍ਰਿਤ ਮਟਕ ਇਸ ਕਾਲ ਦੇ ਕੁਝ ਹੋਰ ਪ੍ਰਸਿੱਧ ਜੰਗਨਾਮੇ ਹਨ। ਗ਼ੁਲਾਮ ਮੁਸਤਫਾ(ਜੰਗਨਾਮਾ ਅਮਾਮ ਹੱਕ), ਹਾਕਮ ਸਿੰਘ ਦਰਵੇਸ਼ (ਸੀਹਰਫ਼ੀ ਗੁਰੂਖਾਲਸੇ ਸ਼ਾਹ ਕੀ), ਜਾਫ਼ਰ ਬੇਗ (ਸੀਹਰਫ਼ੀ ਸਰਕਾਰ), ਮੁਹੰਮਦ ਬਖ਼ਸ਼ (ਜੰਗਨਾਮਾ ਉਮਰ) ਅਤੇ ਰਹੀਮ ਯਾਰ (ਜੰਗਨਾਮਾ ਹਜ਼ਰਤ ਅਲੀ) ਇਸ ਕਾਲ ਦੇ ਕੁਝ ਹੋਰ ਜੰਗਨਾਮਾਕਾਰ ਹੋਏ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਮੱਧਕਾਲ ਵਿਚ ਵਾਰਾਂ ਅਤੇ ਜੰਗਨਾਮਿਆਂ ਦੀ ਪਰੰਪਰਾ ਨੇ ਪੰਜਾਬੀ ਬੀਰ-ਕਾਵਿ ਦੇ ਭੰਡਾਰ ਨੂੰ ਬਹੁਤ ਅਮੀਰ ਬਣਾ ਦਿੱਤਾ।

## (ਅ) ਮੱਧਕਾਲੀਨ ਪੰਜਾਬੀ ਵਾਰਤਕ

### 2.6.1.1 ਭੂਮਿਕਾ

ਭਾਵੇਂ ਪੰਜਾਬੀ ਵਾਰਤਕ ਦਾ ਆਰੰਭ ਅੱਠਵੀਂ-ਨੌਵੀਂ ਸਦੀ ਵਿਚ ਹੀ ਹੋ ਗਿਆ ਸੀ ਅਤੇ ਸਾਡੇ ਪਾਸ ਗੋਰਖ

ਨਾਥ (ਚੌਬੀਸ ਸਿਧਿ), ਮਛੰਦਰ ਨਾਥ (ਜਨਮ ਸਾਖੀ), ਚੌਰੰਗੀ ਨਾਥ (ਪ੍ਰਾਣ ਸਾਕਲੀ), 'ਇਕਾਦਸੀ ਮਹਾਤਮ' ਅਤੇ 'ਪ੍ਰਾਣ ਸੰਗਲੀ' ਆਦਿਕ ਰਚਨਾਵਾਂ ਦੇ ਰੂਪ ਵਿਚ ਆਦਿਕਾਲੀਨ ਪੰਜਾਬੀ ਵਾਰਤਕ ਦੇ ਬਹੁਤ ਸਾਰੇ ਨਮੂਨੇ ਉਪਲਬਧ ਹਨ ਪਰੰਤੂ ਇਨ੍ਹਾਂ ਦੀ ਪ੍ਰਮਾਣਿਕਤਾ ਸੰਦਿਗਧ ਅਤੇ ਵਿਵਾਦਗ੍ਰਸਤ ਹੈ। ਇਸ ਕਾਰਨ ਪੰਜਾਬੀ ਸਾਹਿੱਤ ਦੇ ਇਤਿਹਾਸਕਾਰ ਪੰਜਾਬੀ ਵਾਰਤਕ ਦਾ ਆਰੰਭ ਜਨਮਸਾਖੀਆਂ ਤੋਂ ਹੀ ਕਰਦੇ ਹਨ ਜੋ ਸੋਲ੍ਹਵੀਂ-ਸਤਾਰ੍ਹਵੀਂ ਸਦੀ ਦੀ ਉਪਜ ਹਨ। ਮਧਕਾਲੀਨ ਪੰਜਾਬੀ ਵਾਰਤਕ ਦਾ ਇਤਿਹਾਸ ਇਨ੍ਹਾਂ ਜਨਮਸਾਖੀਆਂ ਤੋਂ ਹੀ ਸ਼ੁਰੂ ਹੁੰਦਾ ਹੈ। ਹਥਲੇ ਪਾਠ ਵਿਚ ਜਨਮਸਾਖੀਆਂ ਦੇ ਨਾਲ-ਨਾਲ ਇਸ ਕਾਲ ਵਿਚ ਉਪਜੀ ਪੰਜਾਬੀ ਵਾਰਤਕ ਦੇ ਕੁਝ ਹੋਰ ਰੂਪਾਂ ਬਾਰੇ ਵੀ ਚਰਚਾ ਕੀਤੀ ਜਾ ਰਹੀ ਹੈ।

### 2.6.2.1 ਜਨਮਸਾਖੀ ਸਾਹਿੱਤ

'ਪ੍ਰਾਣ-ਸੰਗਲੀ' ਤੋਂ ਬਾਅਦ ਜਿਨ੍ਹਾਂ ਰਚਨਾਵਾਂ ਨੇ ਪੰਜਾਬੀ ਗੱਦ ਦੇ ਵਿਕਾਸ ਵਿਚ ਵਡਮੁੱਲਾ ਯੋਗਦਾਨ ਪਾਇਆ। ਉਹ ਜਨਮਸਾਖੀਆਂ ਹਨ।ਬਹੁਤੀਆਂ ਜਨਮਸਾਖੀਆਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਹਨ।ਜਨਮਸਾਖੀਆਂ ਦੇ ਕੁਝ ਪ੍ਰਮੁੱਖ ਸਰੂਪ ਇਸ ਪ੍ਰਕਾਰ ਹਨ:

### 2.6.2.2 ਪੁਰਾਤਨ ਵਿਲਾਇਤ ਵਾਲੀਆਂ ਜਨਮਸਾਖੀਆਂ

'ਵਿਲਾਇਤ ਵਾਲੀ ਪੁਰਾਤਨ ਜਨਮਸਾਖੀ' ਵਿਚ 57 ਸਾਖੀਆਂ ਅੰਕਿਤ ਹੋਈਆਂ ਹਨ। ਇਸ ਦਾ ਇਕ ਹੋਰ ਨਾਮ ਮੈਕਾਲਿਫ਼ ਵਾਲੀ ਜਨਮਸਾਖੀ ਵੀ ਹੈ। ਪ੍ਰੋ. ਗੁਰਮੁਖ ਸਿੰਘ ਨੇ ਇਸ ਦੀ ਭੂਮਿਕਾ ਵਿਚ ਲਿਖਿਆ ਹੈ ਕਿ ਇਹ ਰਚਨਾ ਉਨੀਵੀਂ ਸਦੀ ਦੇ ਆਰੰਭ ਵਿਚ ਕੋਲਬਰੁਕ ਸਾਹਿਬ ਨੂੰ ਪ੍ਰਾਪਤ ਹੋਈ ਸੀ। ਫਿਰ ਇਹ ਜਨਮਸਾਖੀ ਅਰਨੈਸਟ ਟਰੰਪ ਨੇ 1877 ਈ. ਵਿਚ ਆਪਣੇ ਦੁਆਰਾ ਅੰਗ੍ਰੇਜ਼ੀ ਵਿਚ ਅਨੁਵਾਦਿਤ 'ਆਦਿ ਗ੍ਰੰਥ' ਦੇ ਮੁੱਢ ਵਿਚ ਅਨੁਵਾਦ ਕਰਕੇ ਛਾਪੀ ਸੀ। ਇਸ ਤੋਂ ਪਿਛੋਂ 1883 ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਨੇ ਅਤੇ 1885 ਵਿਚ ਆਰਥਰ ਮੈਕਾਲਿਫ਼ ਨੇ, ਜੋ ਉਸ ਸਮੇਂ ਰਾਵਲਪਿੰਡੀ ਵਿਚ ਡਵੀਯਨਲ ਜੱਜ ਸੀ, ਨਵੇਂ ਢੰਗ ਨਾਲ ਸੰਪਾਦਿਤ ਕਰਕੇ ਗੁਲਸ਼ਨਿ ਪੰਜਾਬ ਪ੍ਰੈੱਸ ਰਾਵਲਪਿੰਡੀ ਤੋਂ ਪੱਥਰ ਦੇ ਛਾਪੇ ਨਾਲ ਪ੍ਰਕਾਸ਼ਿਤ ਕਰਵਾ ਕੇ ਤਕਸੀਮ ਕੀਤੀ ਸੀ। ਭਾਈ ਵੀਰ ਸਿੰਘ ਨੇ 1926 ਈ. ਵਿਚ ਇਸਨੂੰ ਪੁਨਰ-ਸੰਪਾਦਿਤ ਕੀਤਾ। ਇਸਦੇ ਹੁਣ ਤਕ ਕਈ ਐਡੀਸ਼ਨ ਪ੍ਰਕਾਸ਼ਿਤ ਹੋ ਚੁਕੇ ਹਨ। ਅਸਲ ਵਿਚ ਇਹ ਜਨਮਸਾਖੀ ਦੋ ਨੁਸਖ਼ਿਆਂ 'ਵਿਲਾਇਤ ਵਾਲੀ ਪੁਰਾਤਨ ਜਨਮ ਸਾਖੀ' ਅਤੇ 'ਹਾਫ਼ਿਜ਼ਾਬਾਦ ਵਾਲੀ ਜਨਮਸਾਖੀ' ਦਾ ਹੀ ਪ੍ਰਤਿਰੂਪ ਹੈ।

**2.6.2.3** ਇਸ 'ਪੁਰਾਤਨ ਜਨਮਸਾਖੀ' ਬਾਰੇ ਜਾਣਕਾਰੀ ਦਿੰਦਾ ਹੋਇਆ ਸ਼ਮਸ਼ੇਰ ਸਿੰਘ ਅਸ਼ੋਕ ਲਿਖਦਾ ਹੈ ਕਿ ਗੁਰੂ ਜੀ ਦੀਆਂ ਇਹ ਸਾਖੀਆਂ ਉਨ੍ਹਾਂ ਦੇ ਹਜ਼ੂਰੀ ਸਿੱਖਾਂ-ਭਾਈ ਸੈਦੋ, ਘੇਹੋ ਜੱਟ, ਸੀਹਾਂ ਛੀਂਬਾ ਅਤੇ ਹਸੂ ਲੁਹਾਰ ਨੇ ਲਿਖੀਆਂ ਸਨ, ਜੋ ਭਾਈ ਮਰਦਾਨੇ ਵਾਂਗ ਗੁਰੂ ਜੀ ਦੇ ਸਦਾ ਅੰਗ-ਸੰਗ ਰਹਿੰਦੇ ਸਨ।ਇਸ ਪੁਰਾਤਨ ਜਨਮਸਾਖੀ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਘਟਨਾਵਾਂ ਨੂੰ ਕ੍ਰਮਵਾਰ ਵਿਉਂਤਬੱਧ ਕਰਕੇ, ਵਾਧੂ ਕਲਪਣਾ, ਸ਼ਬਦਾ ਡੰਬਰ ਤੇ ਅਲੰਕਾਰਿਕ ਵਿੰਗ-ਵਲੇਵਿਆਂ ਤੋਂ ਮੁਕਤ ਹੋ ਕੇ ਬੜੇ ਸਰਲ ਅਤੇ ਸਾਦਾ ਢੰਗ ਨਾਲ ਉਸ ਸਮੇਂ ਦੀ ਆਮ-ਫ਼ਹਿਮ ਪੰਜਾਬੀ ਬੋਲੀ ਵਿਚ ਲਿਖਿਆ ਗਿਆ ਹੈ। (ਖੋਜ ਪ੍ਰਤ੍ਰਿਕਾ :ਪੁਰਾਤਨ ਵਾਰਤਕ ਅੰਕ ਵਿਸ਼ੇਸ਼ ਅੰਕ, ਪੰਨਾ 123) ਇਹ ਰਚਨਾ ਪੁਰਾਤਨ ਪੰਜਾਬੀ ਗੱਦ ਦਾ ਇਕ ਅਤਿ ਉੱਤਮ ਨਮੂਨਾ ਹੈ। ਇਸ ਜਨਮਸਾਖੀ ਵਿਚ ਪੇਸ਼ ਗੱਦ-ਸ਼ੈਲੀ ਦਾ ਇਕ ਨਮੂਨਾ ਦੇਖੋ:

ਜਬ ਬਾਬਾ ਬਰਸਾਂ ਸੱਤਾਂ ਦਾ ਹੋਇਆਂ, ਤਬ ਕਾਲੂ ਕਹਿਆ, ''ਨਾਨਕ ਤੂੰ ਪੜ੍ਹ''। ਤਬ ਗੁਰੂ ਨਾਨਕ ਪਾਂਧੇ ਪਾਸ ਲੈ ਗਇਆ। ਪਾਧੇ ਨੂੰ ਆਖਿਆ, ''ਪਾਂਧਾ! ਮਹੂਰਤ ਦੇਖ, ਨਾਨਕ ਕੋ ਤੇਰੇ ਪਾਸਿ ਪਾਇੰਦੇ ਹਾਂ।''

ਤਬ ਪਾਂਧੇ ਕਹਿਆ, ''ਜੀ ਹੁਣਿ ਮਹੂਰਤ ਭਲਾ ਹੈ।'' ਤਬ ਟਕਾ, ਚਾਵਲ, ਸੁਪਾਰੀ, ਦਖਣਾ ਘਰੋਂ ਅਣਾਇ ਲਈ। ਗੁਰੂ ਨਾਨਕ ਨੂੰ ਪਾਂਧੇ ਦੇ ਪਾਇਆ। (ਸਾਖੀ ਦੂਜੀ)

### 2.6.2.4 ਸੋਢੀ ਮਿਹਰਬਾਨ ਵਾਲੀ ਜਨਮਸਾਖੀ

ਇਸ ਜਨਮਸਾਖੀ ਦਾ ਬਹੁਤ ਵੱਡੇ ਆਕਾਰ ਦਾ ਇਕ ਖਰੜਾ ਖਾਲਸਾ ਕਾਲਜ, ਅੰਮ੍ਰਿਤਸਰ ਦੀ ਲਾਇਬਰੇਰੀ ਵਿਚ ਸੁਰੱਖਿਅਤ ਹੈ। ਇਸ ਵਿਚ 302 ਗੋਸ਼ਟਾਂ ਹਨ, ਜਿਨ੍ਹਾਂ ਵਿਚ 167 ਗੋਸ਼ਟਾਂ ਮਿਹਰਬਾਨ ਦੀਆਂ ਹਨ ਅਤੇ ਬਾਕੀ 135 ਗੋਸ਼ਟਾਂ ਮਿਹਰਬਾਨ ਦੇ ਪੁੱਤਰਾਂ ਹਰਿ ਜੀ (61 ਗੋਸ਼ਟਾਂ) ਅਤੇ ਚਤੁਰਭੁਜ (74 ਗੋਸ਼ਟਾਂ) ਦੀਆਂ ਹਨ। ਡਾ. ਕਿਰਪਾਲ ਸਿੰਘ ਨੇ ਇਸ ਜਨਮਸਾਖੀ ਦੀ ਸੰਪਾਦਨਾ ਕਰਨ ਸਮੇਂ ਇਸ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ ਹੈ-'ਸਚ ਖੰਡ ਪੋਥੀ' ਅਤੇ 'ਪੋਥੀ ਹਰਿ ਜੀ'। 'ਸੋਢੀ ਮਿਹਰਬਾਨ ਵਾਲੀ ਜਨਮਸਾਖੀ' ਦੇ ਮੂਲ ਰੂਪ ਵਿਚ 575 ਗੋਸ਼ਟਾਂ ਸਨ ਅਤੇ ਇਹ ਸਾਰੀਆਂ ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਦੁਆਲੇ ਘੁੰਮਦੀਆਂ ਸਨ।ਇਸ ਜਨਮਸਾਖੀ ਦਾ ਆਧਾਰ 'ਪੁਰਾਤਨ ਜਨਮਸਾਖੀ' ਨੂੰ ਹੀ ਮੰਨਿਆ ਜਾਂਦਾ ਹੈ।ਇਸ ਸਾਖੀਕਾਰ ਨੇ ਪੁਰਾਤਨ ਜਨਮਸਾਖੀ ਦੀ ਇੱਕ-ਇਕ ਸਾਖੀ ਨੂੰ ਕਈ-ਕਈ ਸਾਖੀਆਂ ਵਿਚ ਵਿਸਤਾਰ ਦੇ ਦਿੱਤਾ ਹੈ। ਇਸ ਜਨਮਸਾਖੀ ਦਾ ਮੰਤਵ ਗੁਰੂ ਬਾਬੇ ਦੀ ਸ਼ਖਸੀਅਤ ਨੂੰ ਪੇਸ਼ ਕਰਨ ਦੇ ਨਾਲ-ਨਾਲ ਬਾਣੀ ਦੀ ਵਿਆਖਿਆ ਕਰਨਾ ਰਿਹਾ ਹੈ। ਇਸ ਜਨਮਸਾਖੀ ਦੀ ਗਦ-ਸ਼ੈਲੀ ਇਸ ਪ੍ਰਕਾਰ ਹੈ।

ਤਬ ਏਕ ਦਿਨਿ ਗੁਰੂ ਬਾਬਾ ਨਾਨਕ ਇੰਵ ਹੀ ਸੁਪਾਇ ਕਰਿ ਕਰਿ ਅਖਨੇ ਗ੍ਰਹ ਮਹਿ ਬੈਠਾ ਹੈ। ਤਬ ਗੁਰੂ ਬਾਬੇ ਦੀ ਇਸਤ੍ਰੀ ਮੂਲੇ ਦੀ ਧੀ ਚੋਣੀ ਤਿਸ ਕਉ ਗੁਰੂ ਬਾਬਾ ਦਿਸਟਿ ਪੜਿ ਗੈਆ।ਜਾ ਗੁਰੂ ਬਾਬਾ ਦੇਖੈ ਤਉ ਮਹਾ ਨਿਰਬਲ ਹੈ।ਦੇਹੀ ਬਹੁਤ ਖੀਣ ਹੋਇ ਗਈ ਹੈ।

(ਗੋਸ਼ਟ ਗੁਰੂ ਬਾਬੇ ਨਾਨਕ ਜੀ ਕੀ)

### 2.6.2.5 ਭਾਈ ਬਾਲੇ ਵਾਲੀ ਜਨਮਸਾਖੀ

ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚੋਂ ਸਭ ਤੋਂ ਵੱਧ ਪ੍ਰਸਿੱਧੀ 'ਭਾਈ ਬਾਲੇ ਵਾਲੀ ਜਨਮਸਾਖੀ' ਨੂੰ ਪ੍ਰਾਪਤ ਹੋਈ। ਪੰਜਾਬ ਦੇ ਲੋਕ 'ਪੁਰਾਤਨ ਜਾਂ ਵਿਲਾਇਤ ਵਾਲੀ ਜਨਮਸਾਖੀ' ਦੇ ਬਾਰੇ ਵਿਚ ਬਹੁਤਾ ਕੁਝ ਨਹੀਂ ਜਾਣਦੇ। ਪਰ 'ਭਾਈ ਬਾਲੇ ਵਾਲੀ ਜਨਮਸਾਖੀ' ਦਾ ਪਾਠ ਪਿੰਡਾਂ ਅਤੇ ਸ਼ਹਿਰਾਂ ਦੇ ਗੁਰਦੁਆਰਿਆਂ ਵਿਚ ਰੋਜ਼ ਕੀਤਾ ਜਾਂਦਾ ਸੀ। ਇਸ ਜਨਮਸਾਖੀ ਦਾ ਲੇਖਕ ਗੁਰੂ ਨਾਨਕ ਦੇਵ ਜੀ ਦੇ ਸਾਥੀ ਭਾਈ ਬਾਲਾ ਨੂੰ ਮੰਨਿਆ ਜਾਂਦਾ ਹੈ। ਸ. ਕਰਮ ਸਿੰਘ ਹਿਸਟੋਰੀਅਨ ਨੇ ਇਸ ਜਨਮਸਾਖੀ ਦੀਆਂ ਕੁਝ ਅੰਦਰਲੀਆਂ ਗਵਾਹੀਆਂ ਦਾ ਵਿਸ਼ਲੇਸ਼ਣ ਕਰਕੇ ਇਸਦੀ ਪ੍ਰਮਾਣਿਕਤਾ ਨੂੰ ਰੱਦ ਕਰ ਦਿੱਤਾ ਹੈ। ਉਸ ਅਨੁਸਾਰ ਇਹ ਜਨਮਸਾਖੀ ਹੰਦਾਲੀਆਂ ਦੀ ਲਿਖਵਾਈ ਹੋਈ ਹੈ ਅਤੇ ਭਾਈ ਬਾਲਾ ਨਾਮ ਦਾ ਕੋਈ ਸ਼ਖਸ ਗੁਰੂ ਨਾਨਕ ਨਾਲ ਸੰਬੰਧਿਤ ਨਹੀਂ ਰਿਹਾ।

### 2.6.2.6 ਹੰਦਾਲੀਆਂ ਜਾਂ ਬਿਧੀ ਚੰਦ ਵਾਲੀ ਜਨਮਸਾਖੀ

ਇਹ ਰਚਨਾ ਅਸਲ ਵਿਚ ਭਾਈ ਬਾਲੇ ਵਾਲੀ ਜਨਮਸਾਖੀ ਦੀ ਹੀ ਇਕ ਸ਼ਾਖਾ ਹੈ।ਡਾ. ਗੁਰਬਚਨ ਕੌਰ ਨੇ ਭਾਈ ਬਿਧੀ ਚੰਦ ਦੇ ਇਕ ਪੁਤਰ ਬਾਲ ਚੰਦ ਦਾ ਜ਼ਿਕਰ ਕਰਦਿਆਂ ਹੋਇਆ ਇਹ ਅਨੁਮਾਨ ਲਗਾਇਆ ਹੈ ਕਿ ਬਾਲ ਚੰਦ ਹੀ ਭਾਈਬਾਲਾ ਹੋ ਸਕਦਾ ਹੈ। ਇਸ ਜਨਮਸਾਖੀ ਵਿਚ ਗੁਰੂ ਨਾਨਕ ਸਾਹਿਬ ਦੀ ਮਹਿਮਾ ਨੂੰ ਖੰਡਿਤ ਕਰਨ ਵਾਲੇ ਕਈ ਪ੍ਰਸੰਗ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਵੇਂ :ਗੁਰੂ ਨਾਨਕ ਨੇ ਖ੍ਵਾਜਾ ਖ਼ਿਜ਼ਰ ਨੂੰ ਆਪਣਾ ਪੀਰ ਧਾਰਿਆ, ਬਾਬਾ ਹੰਦਾਲ ਅਤੇ ਗੁਰੂ ਨਾਨਕ ਗੁਰਭਾਈ ਸਨ ...ਇਤਿਆਦਿ।

### 2.6.3.1 ਜਨਮਸਾਖੀ ਭਗਤ ਕਬੀਰ ਜੀ

ਇਸ ਜਨਮਸਾਖੀ ਵਿਚ ਭਗਤ ਕਬੀਰ ਜੀ ਦੇ ਜੀਵਨ ਨਾਲ ਸੰਬੰਧਿਤ 25 ਕਥਾਵਾਂ ਦਰਜ ਹਨ।ਸੈਂਟਰਲ ਪਬਲਿਕ ਲਾਇਬਰੇਰੀ ਵਿਚ ਇਸ ਜਨਮਸਾਖੀ ਦਾ 1683 ਈ. ਵਿਚ ਕੀਤਾ ਇਕ ਉਤਾਰਾ ਪਿਆ ਹੈ।ਜਿੱਥੋਂ ਸਿੱਧ ਹੁੰਦਾ ਹੈ ਕਿ ਮੂਲ ਰਚਨਾ ਇਸ ਤੋਂ ਕੁਝ ਸਮਾਂ ਪਹਿਲਾਂ ਰਚੀ ਗਈ ਹੋਵੇਗੀ। ਇਸ ਦੀ ਭਾਸ਼ਾ ਦਾ ਇਕ ਨਮੂਨਾ ਦੇਖੋ:

ੴ ਸਤਿਗੁਰ ਪ੍ਰਸਾਦਿ।। ਗੁਸਾਈ ਕਬੀਰ ਜੀ ਜਨਮੇ। ਬਾਲਿਕ ਜਿਉਂ ਰੋਤੇ ਹੂਏ ਕਹਿਤੇ ਹੈਂ ਊਆਂ ਊਆਂ। ਤਿਉ ਗੁਸਾਈ ਕਬੀਰ ਕਹੇ ਰਾਮ ਰਾਮ ਰਾਮ ਰਾਮ।। ਫੇਰਿ ਮਾਤਾ ਕਬੀਰ ਜੀ ਕਹਨੇ ਲਾਗੀ ਹੇ ਖੁਦਾਇ ਇਸ ਬਾਲਿਕਾ ਕੀ ਭਾਖਾ ਕਿਛੁ ਅਵਰ ਹੈ ਅਰੁ ਹੋਰਨਾ ਬਾਲਿਕਾਂ ਕੀ ਭਾਖਾ ਹੋਰ ਤੋਤੀਹੈ। (ਦੂਸਰੀ ਕਥਾ)

### 2.6.3.2 ਆਦਿ ਸਾਖੀਆਂ ਬਾਬੇ ਕੀਆਂ

'ਆਦਿ ਸਾਖੀਆਂ' ਦੇ ਮਿਲਦੇ ਉਤਾਰਿਆਂ ਵਿਚੋਂ ਸਭ ਤੋਂ ਪੁਰਾਣਾ ਰੂਪ 1701 ਈ. ਦਾ ਹੈ। ਸਪਸ਼ਟ ਹੈ ਕਿ ਇਹ ਰਚਨਾ ਉਕਤ ਸਮੇਂ ਤੋਂ ਪਹਿਲਾਂ ਰਚੀ ਜਾ ਚੁੱਕੀ ਸੀ। ਇਸ ਸੰਗ੍ਰਹਿ ਦਾ ਅਸਲ ਨਾਮ 'ਜਨਮ ਪਤਰੀ ਬਾਬੇ ਜੀ ਕੀ' ਹੈ।ਡਾ. ਮੋਹਨ ਸਿੰਘ ਦੀਵਾਨਾ ਨੇ ਆਪਣੀ ਪੁਸਤਕ 'ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ' ਵਿਚ ਇਸਦਾ ਨਾਮ 'ਆਦਿ ਸਾਖੀਆਂ' ਰੱਖਿਆ ਸੀ। ਡਾ. ਪਿਆਰ ਸਿੰਘ ਨੇ 1969 ਵਿਚ ਇਸ ਜਨਮਸਾਖੀ ਦਾ ਸੰਪਾਦਨ ਕੀਤਾ। ਇਸ ਰਚਨਾ ਵਿਚ 30 ਸਾਖੀਆਂ ਆਈਆਂ ਹਨ ਪਰੰਤੂ ਕਈ ਸਾਖੀਆਂ ਵਿਚ ਇਕ-ਤੋਂ ਵਧੀਕ ਕਥਾਵਾਂ ਹਨ। ਇਸ ਤਰ੍ਹਾਂ ਸਾਖੀਆਂ ਦੀ ਕੁਲ ਗਿਣਤੀ 51 ਬਣ ਜਾਂਦੀ ਹੈ। 'ਆਦਿ ਸਾਖੀਆਂ' ਵਿਚ ਕੱਚੀ ਬਾਣੀ (ਅਪ੍ਰਮਾਣਿਕ) ਬਾਣੀ ਬਹੁਤ ਘੱਟ ਆਈ ਹੈ। ਸਾਖੀਆਂ ਦੀ ਗਿਣਤੀ ਵੀ ਹੋਰ ਜਨਮਸਾਖੀਆਂ ਤੋਂ ਘੱਟ ਹੈ।ਇਨ੍ਹਾਂ ਤੱਥਾਂ ਦੇ ਕਾਰਨ ਕਈ ਵਿਦਵਾਨ ਇਸ ਨੂੰ ਸਭ ਤੋਂ ਪੁਰਾਣੀ ਜਨਮਸਾਖੀ ਵੀ ਮੰਨਦੇ ਹਨ।

### 2.6.3.3 ਸਤਿਗੁਰੂ ਜੀ ਕੇ ਮੁਹਿ ਦੀਆਂ ਸਾਖੀਆਂ

ਡਾ. ਸੁਰਿੰਦਰ ਸਿੰਘ ਕੋਹਲੀ ਨੇ ਆਪਣੀ ਪੁਸਤਕ 'ਪੰਜਾਬੀ ਸਾਹਿੱਤ ਦਾ ਇਤਿਹਾਸ' ਵਿਚ 32 ਸਾਖੀਆਂ ਦੀ ਇਕ ਪੁਰਾਤਨ ਹੱਥ-ਲਿਖਤ ਦਾ ਜ਼ਿਕਰ ਕੀਤਾ ਹੈ, ਜੋ ਗੁਰੂ ਹਰਿਰਾਇ ਸਾਹਿਬ ਦੀ ਸਪੁੱਤਰੀ ਬੀਬੀ ਰੂਪ ਕੌਰ ਨੇ ਕਿਸੇ ਨੁਸ਼ਖੇ ਤੋਂ ਆਪਣੀ ਪੋਥੀ ਵਿਚ ਉਤਾਰੀਆਂ। ਇਸ ਦੀ ਬੋਲੀ ਹਿੰਦਵੀ ਨਾਲੋਂ ਠੇਠ ਪੰਜਾਬੀ ਦੇ ਵਧੇਰੇ ਨੇੜੇ ਹੈ। ਲਿਖਣ-ਢੰਗ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਨਾਲ ਮਿਲਦਾ-ਜੁਲਦਾ ਹੈ। ਇਸ ਵਿਚ ਕੁਝ ਪ੍ਰਸੰਗ ਗੁਰੂ ਅਰਜਨ ਦੇਵ ਜੀ ਦੇ ਬਾਰੇ ਵੀ ਹਨ।

### 2.6.4.1 ਟੀਕੇ (ਪਰਮਾਰਥ)

ਪੁਰਾਤਨ ਪੰਜਾਬੀ ਵਾਰਤਕ ਦੀ ਇਕ ਹੋਰ ਪਰੰਪਰਾ ਟੀਕਿਆਂ ਅਤੇ ਪਰਮਾਰਥਾਂ ਦੀ ਹੈ। ਇਸ ਪਰੰਪਰਾ ਦਾ ਆਰੰਭ ਮੀਣੇ ਗੁਰੂਆਂ ਸ੍ਰੀ ਮਿਹਰਬਾਨ ਅਤੇ ਹਰਿਜੀ ਨੇ ਕੀਤਾ। ਬਹੁਤੇ ਟੀਕੇ ਗੁਰੂ ਨਾਨਕ ਬਾਣੀ ਦੇ ਹਨ ਪਰ ਕੁਝ ਟੀਕੇ ਮੀਣੇ ਗੁਰੂਆਂ ਦੀ ਬਾਣੀ ਦੇ ਵੀ ਪ੍ਰਾਪਤ ਹੁੰਦੇ ਹਨ। ਕੁਝ ਪ੍ਰਮੁੱਖ ਟੀਕੇ ਇਹ ਹਨ:

(i) ਜਪੁ ਪਰਮਾਰਥ ਕ੍ਰਿਤ ਸੋਢੀ ਮਿਹਰਬਾਨ,

(ii) ਟੀਕਾ ਸਿਧ ਗੋਸਟਿ ਕ੍ਰਿਤ ਸੋਢੀ ਹਰਿਜੀ,

(iii) ਟੀਕਾ ਦੱਖਣੀ ਓਅੰਕਾਰ ਕ੍ਰਿਤ ਹਰਿਜੀ,

(iv) ਟੀਕਾ ਜਪੁਜੀ,ਭਾਈ ਮਨੀ ਸਿੰਘ,

(v) ਟੀਕਾ ਆਸਾ ਦੀ ਵਾਰ, ਭਾਈ ਮਨੀ ਸਿੰਘ,

(vi) ਟੀਕਾ ਪੱਟੀ, ਭਾਈ ਮਨੀ ਸਿੰਘ,

(vii) ਟੀਕਾ ਵਿਵੇਕ ਦੀਪਕਾ, ਸਵਾਮੀ ਰਾਮ ਕ੍ਰਿਸ਼ਨ

## 2.6.5.1 ਗੋਸ਼ਟਾਂ

ਪੰਜਾਬੀ ਗੋਸ਼ਟਾਂ ਦਾ ਆਰੰਭ ਨਾਥਾਂ-ਜੋਗੀਆਂ ਦੀਆਂ ਗੋਸ਼ਟਾ ਨਾਲ ਹੋਇਆ। ਇਨ੍ਹਾਂ ਤੋਂ ਪਿਛੋਂ ਤੇਰ੍ਹਵੀ-ਚੌਧਵੀਂ ਸਦੀ ਵਿਚ 'ਇਕਾਦਸ਼ੀ ਮਹਾਤਮ' ਨਾਮ ਦੀ ਰਚਨਾ ਸਾਹਮਣੇ ਆਈ। ਇਸ ਵਿਚ ਸ੍ਰੀ ਕ੍ਰਿਸ਼ਨ ਦੇ ਯੁਧਿਸ਼ਟਰ, ਅਰਜਨ ਅਤੇ ਬ੍ਰਹਮਾ ਨਾਲ ਸੰਵਾਦ ਅੰਕਿਤ ਹੋਏ ਹਨ।ਸਤਾਰ੍ਹਵੀਂ ਸਦੀ ਦੀ ਇਕ ਹੋਰ 'ਗੋਸ਼ਟਿ ਸ੍ਰੀ ਕ੍ਰਿਸ਼ਨ ਅਰ ਉਧੋ ਕੀ' ਵੀ ਸਾਹਮਣੇ ਆਈ ਹੈ। ਡਾ. ਤਰਲੋਚਨ ਸਿੰਘ ਬੇਦੀ ਨੇ 'ਗਰਭ ਗੀਤਾ' ਨਾਮ ਦੀ ਇਕ ਗੋਸ਼ਟਿ ਦਾ ਜ਼ਿਕਰ ਕੀਤਾ ਹੈ। ਸੋਢੀ ਮਿਹਰਬਾਨ ਦੁਆਰਾ ਰਚਿਤ 'ਪੋਥੀ ਸਚਖੰਡ' ਵਿਚ ਬਹੁਤ ਸਾਰੇ ਸੰਤਾਂ-ਭਗਤਾਂ ਦੀਆਂ ਗੋਸ਼ਟਾਂ ਸੰਕਲਿਤ ਹਨ। 'ਗੋਸ਼ਟਿ ਮਕੇ ਮਦੀਨੇ ਕੀ' ਇਸ ਕਾਲ ਦੀ ਇਕ ਹੋਰ ਪ੍ਰਸਿੱਧ ਰਚਨਾ ਹੈ। ਸਰਦਾਰ ਜੀ.ਬੀ. ਸਿੰਘ ਅਨੁਸਾਰ ਇਸ ਦੀ ਰਚਨਾ ਗੁਰੂ ਅਰਜਨ ਦੇਵ ਜੀ ਦੇ ਕਾਲ ਵਿਚ ਹੋਈ। ਇਸ ਗੋਸ਼ਟਿ ਦੀ ਵਸਤੂ, ਭਾਈ ਗੁਰਦਾਸ ਦੀ ਪਹਿਲੀ ਵਾਰ ਦੀਆਂ 32 ਤੋਂ 34 ਪਉੜੀਆਂ ਉਪਰ ਆਧਾਰਿਤ ਹੈ। 'ਪੁਰਾਤਨ ਜਨਮਸਾਖੀ' ਨਾਲ ਵੀ ਇਸ ਦੀ ਸਾਂਝ ਪ੍ਰਤੱਖ ਹੈ।

## 2.6.6.1 ਬਚਨ, ਸੁਖ਼ਨ ਅਤੇ ਕੌਲ

ਬਚਨ, ਸੁਖ਼ਨ ਅਤੇ ਕੌਲ ਵੀ ਅਠਾਰ੍ਹਵੀਂ ਸਦੀ ਦੀ ਵਾਰਤਕ ਦੀ ਇਕ ਪ੍ਰਮੁਖ ਵੰਨਗੀ ਹੈ।ਪ੍ਰੋ. ਪਿਆਰਾ ਸਿੰਘ ਪਦਮ ਨੇ 'ਸੰਤ ਬਚਨਾਵਲੀ' ਵਿਚ ਚਾਰ ਪ੍ਰਕਾਰ ਦੇ ਬਚਨ ਗਿਣਵਾਏ ਹਨ:

(i) ਬਚਨ ਗੋਬਿੰਦ ਲੋਕਾਂ ਕੇ,

(ii) ਬਚਨ ਗੁਰਮੁਖਾਂ ਕੇ,

(iii) ਸੁਖ਼ਨ ਫ਼ਕੀਰਾਂ ਕੇ,

(iv) ਅਹਿਵਾਲਿ ਸੁਖ਼ਨ ਸਾਈਂ ਲੋਕਾਂ ਕੇ,

**2.6.6.2** ਇਸ ਵਾਰਤਕ ਪਰੰਪਰਾ ਦੇ ਨਿਰਮਾਣ ਅਤੇ ਵਿਕਾਸ ਵਿਚ ਸੇਵਾ ਪੰਥੀ ਪਰੰਪਰਾ ਦਾ ਕਾਫ਼ੀ ਯੋਗਦਾਨ ਰਿਹਾ ਹੈ।ਸੰਤ ਅੱਡਣ ਸ਼ਾਹ ਨੇ ਮਸਨਵੀ ਮੌਲਾਣਾ ਰੂਮ ਦੇ ਪਹਿਲੇ ਦਫ਼ਤਰ ਦਾ ਅਨੁਵਾਦ ਵੀ ਸਾਧ-ਸ਼ਾਖਾ ਵਿਚ ਕਰਵਾਇਆ ਸੀ। ਇਹ ਬਚਨ ਸਾਖੀਆਂ, ਪਰਚੀਆਂ, ਪਰਮਾਰਥਾਂ ਅਤੇ ਗੋਸ਼ਟਾਂ ਵਿਚ ਵੀ ਆਉਂਦੇ ਹਨ।ਇਨ੍ਹਾਂ ਵਿਚ ਵੱਡੀਆਂ-ਵੱਡੀਆਂ ਅੱਟਲ ਸਚਾਈਆਂ ਨਿੱਕੇ-ਨਿੱਕੇ ਵਾਕਾਂ ਦੁਆਰਾ ਰੂਪਮਾਨ ਕੀਤੀਆਂ ਜਾਂਦੀਆਂ ਹਨ।

## 2.6.7.1 ਹੁਕਮਨਾਮੇ

ਸਤਾਰ੍ਹਵੀਂ-ਅਠਾਰ੍ਹਵੀਂ ਸਦੀ ਦੀ ਵਾਰਤਕ ਪਰੰਪਰਾ ਦਾ ਇਕ ਹੋਰ ਭੇਦ ਹੁਕਮਨਾਮਾ ਸਾਹਿੱਤ ਵੀ ਹੈ। ਇਨ੍ਹਾਂ ਹੁਕਮਨਾਮਿਆਂ ਦਾ ਸਾਹਿਤਿਕ ਮਹੱਤਵ ਤਾਂ ਵਿਸ਼ੇਸ਼ ਨਹੀਂ ਹੈ ਪਰੰਤੂ ਇਨ੍ਹਾਂ ਵਿਚ ਵਰਤੀ ਗਈ ਭਾਸ਼ਾ ਦੁਆਰਾ ਅਸੀਂ ਪੰਜਾਬੀ ਭਾਸ਼ਾ ਦੇ ਵਿਕਾਸ ਬਾਰੇ ਮਹਤਵਪੂਰਨ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ। ਹੁਕਮਨਾਮੇ, ਅਸਲ ਵਿਚ ਗੁਰੂ ਸਾਹਿਬ ਵੱਲੋਂ ਦੂਰ-ਦੁਰੇਡੇ ਵੱਸਣ ਵਾਲੀਆਂ ਸਿਖ-ਸੰਗਤਾਂ ਦੇ ਨਾਮ ਭੇਜੇ ਗਏ ਲਿਖਤੀ ਪੈਗ਼ਾਮ ਹੁੰਦੇ ਸਨ। ਇਨ੍ਹਾਂ ਦੀ ਬਣਤਰ ਸ਼ਾਹੀ ਫ਼ੁਰਮਾਨਾਂ ਵਰਗੀ ਹੁੰਦੀ ਸੀ ਅਤੇ ਮੋਹਰ ਦੀ ਥਾਂ ਇਨ੍ਹਾਂ ਉਪਰ ਗੁਰੂ ਜੀ ਦੇ ਹਸਤਾਖ਼ਰ ਜਾਂ ਨਿਸ਼ਾਨ ਅੰਕਿਤ ਹੁੰਦੇ ਸਨ।

### 2.6.8.1 ਰਹਿਤਨਾਮੇ

ਰਹਿਤਨਾਮਿਆਂ ਦੀ ਪਰੰਪਰਾ ਕਾਫ਼ੀ ਪੁਰਾਣੀ ਹੈ। ਇਨ੍ਹਾਂ ਰਹਿਤਨਾਮਿਆਂ ਰਾਹੀਂ ਸਿੱਖਾਂ ਨੂੰ ਅਧਿਆਤਮਕ ਅਤੇ ਸਮਾਜਿਕ ਮਰਯਾਦਾ ਦੇ ਨਿਯਮ ਦ੍ਰਿੜ, ਕਰਵਾਏ ਗਏ ਹਨ।ਸਿੱਖ ਧਰਮ ਵਿਚ ਭਾਈ ਨੰਦ ਲਾਲ, ਭਾਈ ਚੌਪਾ ਸਿੰਘ, ਭਾਈ ਦੇਸਾ ਸਿੰਘ ਅਤੇ ਭਾਈ ਦਯਾ ਸਿੰਘ ਦੇ ਰਹਿਤਨਾਮੇ ਕਾਫ਼ੀ ਪ੍ਰਸਿੱਧ ਹਨ। ਇਨ੍ਹਾਂ ਵਿਚ ਸਿੱਧੀ ਅਤੇ ਸਪਸ਼ਟ ਭਾਸ਼ਾ ਵਿਚ ਰਹਿਣੀ-ਬਹਿਣੀ ਬਾਰੇ ਆਦੇਸ਼ ਦਿੱਤੇ ਗਏ ਹਨ। ਇਨ੍ਹਾਂ ਰਹਿਤਨਾਮਿਆਂ ਦੀ ਲੜੀ ਵਿਚ 'ਪ੍ਰੇਮ ਸੁਮਾਰਗ ਗ੍ਰੰਥ' ਦਾ ਵਿਸ਼ੇਸ਼ ਜ਼ਿਕਰ ਮਿਲਦਾ ਹੈ, ਜੋ ਪਿਛਲੇ ਮੁਗ਼ਲ ਕਾਲ ਦੀ ਇਕ ਮਹਤਵਪੂਰਨ ਰਚਨਾ ਹੈ। ਇਸ ਗ੍ਰੰਥ ਦੇ 10 ਅਧਿਆਇ ਹਨ।

### 2.6.9.1 ਅਨੁਵਾਦ

ਇਸ ਕਾਲ ਵਿਚ ਸੰਸਕ੍ਰਿਤ, ਅਰਬੀ ਅਤੇ ਫ਼ਾਰਸੀ ਦੇ ਬਹੁਤ ਸਾਰੇ ਗ੍ਰੰਥਾਂ ਦਾ ਅਨੁਵਾਦ ਵੀ ਹੁੰਦਾ ਰਿਹਾ। ਬਿੰਦੂ ਸਾਰ (ਸ਼ੰਕਰਚਾਰਯ),ਟੀਕਾ ਵੇਦਾਂਤ ਸਾਰ (ਸ਼ੰਕਰਾਚਾਰਯ), ਆਦਿ ਰਾਮਾਇਣ (ਸੋਢੀ ਮਿਹਰਬਾਨ), ਪੌਰਾਣਿਕ ਸਾਹਿੱਤ ਅਤੇ ਉਪਨਿਸ਼ਦਾਂ (ਪ੍ਰਹਲਾਦ), ਮਸਨਵੀ ਮੌਲਾਣਾ ਰੂਮੀ, ਸੁਖ਼ਨ ਫ਼ਕੀਰਾਂ ਦੇ, ਯੋਗ ਵਸ਼ਿਸ਼ਟ, ਸਿੰਘਾਸਨ ਬਤੀਸੀ (ਸੋਢੀ ਹਰਿ ਜੀ), ਪੋਥੀ ਸਲੋਤਰੀ ਅਤੇ ਪੱਕੀ ਰੋਟੀ ਵਰਗੀਆਂ ਨਾਵਾਂ ਦੇ ਅਨੁਵਾਦ ਕੀਤੇ ਗਏ, ਜਿਨ੍ਹਾਂ ਦੁਆਰਾ ਮੱਧਕਾਲੀਨ ਪੰਜਾਬੀ ਵਾਰਤਕ ਦਾ ਭੰਡਾਰ ਬਹੁਤ ਅਮੀਰ ਹੋ ਗਿਆ।

### 2.6.10.1 ਉਪਸੰਹਾਰ

ਉਕਤ ਵਰਗੀਕਰਣ ਅਤੇ ਵਿਸ਼ਲੇਸ਼ਣ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਮੱਧਕਾਲ ਵਿਚ ਪੰਜਾਬੀ ਵਾਰਤਕ ਨੇ ਆਪਣਾ ਇਕ ਵਿਲੱਖਣ ਰੂਪ-ਆਕਾਰ ਪ੍ਰਾਪਤ ਕਰ ਲਿਆ ਸੀ। ਗੋਸ਼ਟਾਂ, ਜਨਮਸਾਖੀਆਂ, ਬਚਨ, ਹੁਕਮਨਾਮੇ, ਪਰਚੀਆਂ ਅਤੇ ਟੀਕੇ ਇਸ ਕਾਲ ਵਿਚ ਰਚੀ ਗਈ ਵਾਰਤਕ ਦੀਆਂ ਕੁਝ ਪ੍ਰਮੁੱਖ ਵੰਨਗੀਆਂ ਹਨ। ਇਸ ਵਾਰਤਕ ਦਾ ਸੁਭਾਉ ਧਾਰਮਿਕ ਅਥਵਾ ਅਧਿਆਤਮਕ ਹੈ। ਇਸ ਕਾਲ ਵਿਚ ਪੰਜਾਬੀ ਭਾਸ਼ਾ ਆਪਣਾ ਪ੍ਰਮਾਣਿਕ ਰੂਪ ਧਾਰਨ ਕਰਨ ਲਈ ਪ੍ਰਯਤਨਸ਼ੀਲ ਸੀ।ਭਾਵੇਂ ਮੱਧਕਾਲੀਨ ਵਾਰਤਾਕਾਰ ਆਪਣੀਆਂ ਲਿਖਤਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਾਧ ਭਾਸ਼ਾ, ਬ੍ਰਜ ਭਾਸਾ,ਫ਼ਾਰਸੀ ਅਤੇ ਅਰਬੀ ਸ਼ਬਦਾਵਲੀ ਦਾ ਪ੍ਰਯੋਗ ਕਰ ਲੈਂਦੇਸਨ। ਇਸ ਕਾਲ ਦੀ ਬਹੁਤੀ ਵਾਰਤਕ ਸਾਧੂ, ਸੰਤਾਂ,ਜੋਗੀਆਂ ਅਤੇ ਸੂਫ਼ੀ ਦਰਵੇਸ਼ਾਂ ਨੇ ਰਚੀ: ਇਸ ਕਾਰਨ ਉਨ੍ਹਾਂ ਦੀ ਸ਼ੈਲੀ ਉੱਤੇ ਅਜਿਹੇ ਪ੍ਰਭਾਵ ਆਉਣੇ ਲਾਜ਼ਮੀ ਸਨ। ਸਮੁੱਚੇ ਰੂਪ ਵਿਚ ਮੱਧਕਾਲੀਨ ਪੰਜਾਬੀ ਵਾਰਤਕ ਦੀ ਪਰੰਪਰਾ ਬੜੀ ਗੌਰਵਸ਼ੀਲ ਰਹੀ ਹੈ ਅਤੇ ਇਸ ਨੇ ਪੰਜਾਬੀ ਲੋਕਾਂ ਦੀਆਂ ਅਧਿਆਤਮਕ ਅਤੇ ਨੈਤਿਕ ਜ਼ਰੂਰਤਾਂ ਦੇ ਨਿਰਵਾਹ ਵਿਚ ਮਹਤਵਪੂਰਨ ਯੋਗਦਾਨ ਪਾਇਆ ਹੈ।

## ਪ੍ਰਸ਼ਨ

## ਉਪਰੋਕਤ ਪਾਠ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:

1. ਪੰਜਾਬੀ ਬੀਰ ਕਾਵਿ ਪਰੰਪਰਾ ਦਾ ਵਰਗੀਕਰਣ ਅਤੇ ਵਿਸ਼ਲੇਸ਼ਣ ਕਰੋ।
2. ਮੱਧਕਾਲ ਵਿਚ ਰਚੀਆਂ ਗਈਆਂ ਵਾਰਾਂ ਦਾ ਇਤਿਹਾਸਕ ਸਰਵੇਖਣ ਕਰੋ।
3. ਮੱਧਕਾਲੀਨ ਪੰਜਾਬੀ ਵਾਰਤਕ ਦਾ ਵਿਸ਼ਲੇਸ਼ਣਤਮਕ ਅਧਿਐਨ ਕਰੋ।
4. ਪੰਜਾਬੀ ਵਿਚ ਰਚੇ ਗਏ ਜਨਮਸਾਖੀ ਸਾਹਿੱਤ ਦਾ ਵਰਗੀਕਰਣ ਅਤੇ ਵਿਸ਼ਲੇਸ਼ਣ ਕਰੋ।
5. ਮੱਧਕਾਲ ਵਿਚ ਲਿਖੀ ਗਈ ਪੰਜਾਬੀ ਵਾਰਤਕ ਦੀਆਂ ਪ੍ਰਾਪਤੀਆਂ ਅਤੇ ਸੀਮਾਵਾਂ ਬਾਰੇ ਆਪਣੇ ਵਿਚਹਰ ਵਿਅਕਤ ਕਰੋ। (ਮਈ 2017)

## ਸਹਾਇਕ ਪੁਸਤਕਾਵਲੀ


1. ਰਤਨ ਸਿੰਘ ਜੱਗੀ, *ਪੁਰਾਤਨ ਜਨਮਸਾਖੀਆਂ ਦਾ ਵਿਸ਼ਲੇਸ਼ਣਾਤਮਕ ਅਧਿਐਨ,* ਪਟਿਆਲਾ, : ਪੈਪਸੂ ਬੁਕ ਡਿਪੋ, 1977
2. ਡਾ. ਤਰਲੋਚਨ ਸਿੰਘ ਬੇਦੀ, *ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ,* ਦਿੱਲੀ, 1980
3. ਭਾਈ ਵੀਰ ਸਿੰਘ (ਸੰਪਾ:) *ਪੁਰਾਤਨ ਜਨਮਸਾਖੀ,* ਖਾਲਸਾ ਸਮਾਚਾਰ, ਅੰਮ੍ਰਿਤਸਰ, 1959।
4. Piar Singh Dr.,*A Critical Survey of Panjabi Prose* in Seventeenth Century, Panjab University, Chandigarh, 1968.
5. Mecleod, W.H. *Early Sikh Tradition,* Clarendon Press, Oxford, 1980.

ਪਾਠ ਨੰ: 2.7 – ਪ੍ਰੋ. ਬ੍ਰਹਮਜਗਦੀਸ਼ ਸਿੰਘ

# ਭਗਤੀ-ਕਾਵਿ ਤੇ ਹੋਰ ਸਾਹਿੱਤ

## 2.7.1 ਭੂਮਿਕਾ :

ਗੁਰਮਤਿ ਅਤੇ ਸੂਫ਼ੀ ਕਾਵਿ ਪਰੰਪਰਾ ਦੇ ਸਮਾਨਾਂਤਰ ਮੱਧਕਾਲ ਵਿਚ ਬਹੁਤ ਸਾਰਾ ਭਗਤੀ ਕਾਵਿ ਵੀ ਰਚਿਆ ਗਿਆ। ਇਸ ਯੁਗ ਵਿਚ ਭਗਤੀ ਦੇ ਦੋ ਸਕੂਲ ਪ੍ਰਚਲਿਤ ਹੋਏ-ਸਰਗੁਣ ਪਰਮਾਤਮਾ ਦੀ ਭਗਤੀ ਅਤੇ ਨਿਰਗੁਣ ਪਰਮਾਤਮਾ ਦੀ ਭਗਤੀ। ਸਗੁਣ ਪਰਮਾਤਮਾ ਦੀ ਭਗਤੀ ਦੇ ਪਿਛੋਕੜ ਵਿਚ ਭਾਰਤ ਵਾਸੀਆਂ ਦੀ ਇਹ ਧਾਰਨਾ ਸੀ ਕਿ ਸਮੇਂ-ਸਮੇਂ ਜੀਵਾਂ ਦੇ ਉੱਧਾਰ ਵਾਸਤੇ ਪਰਮਾਤਮਾ ਆਪ ਮਨੁੱਖੀ ਜਾਮੇ ਵਿਚ ਅਵਤਾਰ ਧਾਰਦਾ ਹੈ। ਇਸ ਲਈ ਇਸ ਸਕੂਲ ਵਿਚ ਅਵਤਾਰਵਾਦ ਦਾ ਸੰਕਲਪ ਸਰਵਉੱਚ ਸੀ। ਪਰਮਾਤਮਾ ਨੂੰ ਰਾਮ, ਕ੍ਰਿਸ਼ਨ ਅਤੇ ਹੋਰ ਦੇਵੀ-ਦੇਵਤਿਆਂ ਦੇ ਰੂਪ ਵਿਚ ਸਿਮਰਿਆ ਜਾਂਦਾ ਸੀ। ਇਨ੍ਹਾਂ ਦੇਵੀ-ਦੇਵਤਿਆਂ ਦੇ ਬੁੱਤ ਸਥਾਪਿਤ ਕਰਕੇ, ਬਹੁਤ ਸਾਰੇ ਕਰਮ-ਕਾਂਡਾਂ ਦੇ ਮਾਧਿਅਮ ਦੁਆਰਾ ਇਨ੍ਹਾਂ ਦੀ ਪੂਜਾ ਆਦਿ ਕੀਤੀ ਜਾਂਦੀ ਸੀ। ਇਹ ਧਾਰਨਾ ਵੀ ਪ੍ਰਚਲਿਤ ਸੀ ਕਿ ਪਰਮਾਤਮਾ (ਓਤਮ੍) ਤਿੰਨ ਸ਼ਕਤੀਆਂ ਦਾ ਸੁਮੇਲ ਹੈ – ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਅਤੇ ਜਿਹੜੀ ਦੈਵੀ ਸ਼ਕਤੀ ਵੱਖ-ਵੱਖ ਅਵਤਾਰ ਧਾਰਨ ਕਰਕੇ ਧਰਤੀ ਉਪਰ ਆਉਂਦੀ ਹੈ, ਉਹ ਵਿਸ਼ਨੂੰ ਦੇਵਤਾ ਹੈ। ਇਸ ਲਈ ਸਰਗੁਣ ਪਰਮਾਤਮਾ ਦੀ ਭਗਤੀ ਕਰਨ ਵਾਲੇ ਸਾਧਕਾਂ ਨੂੰ ਵੈਸ਼ਨਵ ਵੀ ਕਿਹਾ ਜਾਂਦਾ ਹੈ। ਨਿਰਗੁਣ ਪਰਮਾਤਮਾ ਨੂੰ ਮੰਨਣ ਵਾਲੇ ਭਗਤ ਅਵਤਾਰਵਾਦ ਦੀ ਧਾਰਣਾ ਵਿਚ ਵਿਸ਼ਵਾਸ ਨਹੀਂ ਕਰਦੇ। ਉਹ ਬੁੱਤ-ਪੂਜਾ, ਤੀਰਥ-ਇਸ਼ ਨਾਲ ਅਤੇ ਕਰਮ-ਕਾਂਡਾਂ ਨੂੰ ਵੀ ਨਹੀਂ ਮੰਨਦੇ। ਗੁਰਮਤਿ ਧਾਰਾ ਨਿਰਗੁਣ ਧਾਰਾ ਹੈ ਅਤੇ ਇਸੇ ਤਰ੍ਹਾਂ 'ਆਦਿ ਗ੍ਰੰਥ' ਵਿਚ ਸੰਕਲਿਤ ਹੋਰ ਭਗਤ ਜਨ ਵੀ ਪਰਮਾਤਮਾ ਦੇ ਨਿਰਗੁਣ ਸਰੂਪ ਵਿਚ ਆਸਥਾ ਰੱਖਦੇ ਹਨ।

## 2.7.2 ਪ੍ਰਯੋਜਨ

ਇਸ ਪਾਠ ਦਾ ਪ੍ਰਯੋਜਨ ਭਾਰਤ ਵਿਚ ਬਾਰ੍ਹਵੀਂ-ਤੇਰ੍ਹਵੀਂ ਸਦੀ ਤੋਂ ਆਰੰਭ ਹੋ ਕੇ ਸਤਾਰ੍ਹਵੀਂ-ਅਠਾਰ੍ਹਵੀਂ ਸਦੀ ਤਕ ਗਤੀਸ਼ੀਲ ਰਹੀ ਭਗਤੀ ਲਹਿਰ ਨਾਲ ਜਾਣੂ ਕਰਵਾਉਣਾ ਹੈ। ਬਾਰ੍ਹਵੀਂ ਸਦੀ ਵਿਚ ਇਸਲਾਮ ਦੇ ਪ੍ਰਵੇਸ਼ ਨੇ ਭਾਰਤਵਾਸੀਆਂ ਨੂੰ ਆਪਣੇ ਸਾਂਸਕ੍ਰਿਤਿਕ ਵਿਰਸੇ ਨੂੰ ਸੰਭਾਲਣ ਅਤੇ ਇਸਨੂੰ ਰੂਪਾਂਤਰਿਤ ਕਰਕੇ ਯੁਗਾਨੁਕੂਲ ਬਣਾਉਣ ਦੀ ਚੇਤਨਾ ਪ੍ਰਦਾਨ ਕੀਤੀ। ਕਿਉਂਕਿ ਇਸਲਾਮ ਨੇ ਭਾਰਤ ਦੀਆਂ ਵੱਖ-ਵੱਖ ਸਭਿਆਚਾਰਕ ਸੰਸਥਾਵਾਂ ਦੇ ਸਨਮੁਖ ਇਕ ਚੁਣੌਤੀ ਰੱਖ ਦਿੱਤੀ ਸੀ, ਇਸ ਵਾਸਤੇ ਭਗਤੀ ਲਹਿਰ ਨੇ ਭਾਰਤੀ ਸਭਿਆਚਾਰ ਦੀਆਂ ਜੜ੍ਹ ਹੋ ਰਹੀਆਂ ਸੰਸਥਾਵਾਂ ਨੂੰ ਰੱਦ ਕੇ ਇਸ ਅੰਦਰ ਨਵੀਆਂ ਸੰਭਾਵਨਾਵਾਂ ਨੂੰ ਜਾਗ੍ਰਿਤ ਕੀਤਾ। ਭਗਤੀ ਲਹਿਰ ਦੀ ਮੂਲ ਧਾਰਨਾ ਇਹ ਸੀ ਕਿ ਪਰਮਾਤਮਾ ਨੂੰ ਕਰਮ-ਕਾਂਡਾਂ ਅਤੇ ਵਹਿਮਾਂ-ਭਰਮਾਂ ਦੁਆਰਾ ਨਹੀਂ ਪ੍ਰਾਪਤ ਕੀਤਾ ਜਾ ਸਕਦਾ ਬਲਕਿ ਉਸਦੀ ਪ੍ਰਾਪਤੀ ਦੀ ਇੱਕੋ-ਇੱਕ ਵਿਧੀ ਪ੍ਰੇਮਾ ਭਗਤੀ ਹੈ : ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ।। ਇਉਂ ਪ੍ਰੇਮਾਭਗਤੀ ਦਾ ਇਹ ਸੰਦੇਸ਼ ਪੂਰੇ ਭਾਰਤ ਵਿਚ ਫੈਲ ਗਿਆ ਅਤੇ ਇਸਨੇ ਮਨੁੱਖੀ ਸਮਾਨਤਾ, ਸਮਾਜਿਕ ਨਿਆਇ ਅਤੇ ਪਰਸਪਰ ਸਦਭਾਵਨਾ ਆਦਿਕ ਮਾਨਵਵਾਦੀ ਮੁੱਲਾਂ ਦਾ ਵੀ ਪ੍ਰਚਾਰ ਅਥਵਾ ਪ੍ਰਸਾਰ ਕੀਤਾ।

### 2.7.3.1 ਭਾਰਤ ਵਿਚ ਭਗਤੀ ਲਹਿਰ ਦਾ ਆਰੰਭ

ਭਾਰਤ ਵਿਚ ਭਗਤੀ ਦੀ ਬਹੁਤ ਪ੍ਰਾਚੀਨ ਪਰੰਪਰਾ ਹੈ। ਵੇਦ-ਸਾਹਿੱਤ ਵਿਚ 'ਭਗਤੀ' ਸ਼ਬਦ ਦਾ

ਉੱਲੇਖ ਤਾਂ ਭਾਵੇਂ ਨਹੀਂ ਮਿਲਦਾ ਪਰੰਤੂ ਇਸ ਸ਼ਬਦ ਦੀ ਧਾਤੂ 'ਭਜ' ਦਾ ਪ੍ਰਯੋਗ ਕਈ ਵਾਰ ਹੋਇਆ ਹੈ। ਵੇਦਾਂ ਵਿਚ ਕੀਰਤਨ ਅਤੇ ਨਾਮ-ਸਿਮਰਨ ਆਦਿਕ ਸੰਕਲਪਾਂ ਬਾਰੇ ਵੀ ਚਰਚਾ ਹੋਈ ਹੈ, ਜਿਥੋਂ ਪਤਾ ਚਲਦਾ ਹੈ ਕਿ ਵੈਦਿਕ ਕਾਲ ਵਿਚ ਵੀ ਪ੍ਰਭੂ-ਭਗਤੀ ਦਾ ਪ੍ਰਚਲਨ ਸੀ। ਵੈਦਿਕ ਸਾਹਿੱਤ ਵਿਚ ਮੁਕਤੀ ਦੇ ਤਿੰਨ ਮਾਰਗਾਂ ਬਾਰੇਚਰਚਾ ਕੀਤੀ ਗਈ ਹੈ – ਕਰਮ ਕਾਂਡ, ਗਿਆਨ ਕਾਂਡ ਅਤੇ ਉਪਾਸਨਾ ਕਾਂਡ।ਇਨ੍ਹਾਂ ਵਿਚੋਂ ਉਪਾਸਨਾ ਕਾਂਡ, ਭਗਤੀ ਭਾਵਨਾ ਦੇ ਹੀ ਅਰਥਾਂ ਨੂੰ ਦ੍ਰਿੜ੍ਹਾਉਣ ਵਾਲਾ ਮਾਰਗ ਹੈ। ਇਸ ਵਿਚ ਬਾਰ-ਬਾਰ ਦੈਵੀ-ਸ਼ਕਤੀਆਂ ਦਾ ਨਾਮ ਭਜਣ ਦਾ ਉਪਦੇਸ਼ ਮਿਲਦਾ ਹੈ ਅਤੇ ਇਹੀ ਗੱਲ ਇਸ ਨੂੰ ਭਗਤੀ ਪਰੰਪਰਾ ਨਾਲ ਜੋੜਦੀ ਹੈ। ਇਸ ਕਾਲ ਤਕ ਪਰਮਾਤਮਾ ਦੇ ਸੰਕਲਪ ਦਾ ਵਿਕਾਸ ਨਹੀਂ ਸੀ ਹੋਇਆ। ਇਸ ਲਈ ਭਗਤੀ ਭਾਵਨਾ ਦਾ ਸੰਬੰਧ ਇੰਦਰ,ਵਿਸ਼ਨੂੰ ਅਤੇ ਵਰੁਣ ਵਰਗੇ ਦੇਵਤਿਆਂ ਨਾਲ ਜੁੜਿਆ ਹੋਇਆ ਸੀ।

**2.7.3.2** ਉਪਨਿਸ਼ਦਾਂ ਨੂੰ ਵੈਦਿਕ-ਸਾਹਿੱਤ ਦਾ ਹੀ ਇਕ ਅੰਗ ਮੰਨਿਆ ਜਾਂਦਾ ਹੈ। ਇਨ੍ਹਾਂ ਨੂੰ 'ਵੇਦਾਂਤ' ਵੀ ਕਿਹਾ ਜਾਂਦਾ ਹੈ। ਇਨ੍ਹਾਂ ਵਿਚ 'ਭਗਤੀ' ਸ਼ਬਦ ਦਾ ਭਰਪੂਰ ਪ੍ਰਯੋਗ ਹੋਇਆ ਹੈ। ਇਸੇ ਤਰ੍ਹਾਂ ਪੰਜਵੇਂ ਵੇਦ ਦਾ ਰੁਤਬਾ ਰੱਖਣ ਵਾਲੇ ਪੌਰਾਣਿਕ ਗ੍ਰੰਥਾਂ ਵਿਚ ਵੀ ਭਗਤੀ-ਭਾਵਨਾ ਨੂੰ ਸਰਵੁੱਚ ਸਥਾਨ ਪ੍ਰਾਪਤ ਹੈ। ਇਨ੍ਹਾਂ ਗ੍ਰੰਥਾਂ ਵਿਚ ਪਾਤਰਾਂ, ਘਟਨਾਵਾਂ ਅਤੇ ਕਹਾਣੀਆਂ ਦੁਆਰਾ ਭਗਤੀ ਭਾਵਨਾ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ। ਜੇ ਅਸੀਂ ਭਾਰਤੀ ਸਭਿਆਚਾਰ ਦੇ ਪੁਰਾਤਨ ਇਤਿਹਾਸ ਨੂੰ ਦੇਖੀਏ ਤਾਂ ਇਹ ਤਿੰਨ ਯੁਗਾਂ ਵਿਚ ਵਿਭਾਜਿਤ ਦਿਖਾਈ ਦਿੰਦਾ ਹੈ:

(i) ਵੈਦਿਕ ਕਾਲ,ਜਿੱਥੇ ਕਰਮ-ਕਾਂਡ ਦੀ ਪ੍ਰਧਾਨਤਾ ਸੀ;

(ii) ਉਪਨਿਸ਼ਦ ਕਾਲ, ਜਿੱਥੇ ਗਿਆਨ ਨੂੰ ਪ੍ਰਭੁਤਾ ਮਿਲੀ ਹੋਈ ਸੀ; ਅਤੇ

(iii) ਪੌਰਾਣਿਕ ਕਾਲ, ਜਿੱਥੇ ਭਗਤੀ-ਭਾਵਨਾ ਮਹੱਤਵਪੂਰਨ ਸੀ।

**2.7.3.3** ਭਗਤੀ ਦੀ ਭਰਪੂਰ ਵਿਆਖਿਆ ਸ੍ਰੀਮਦ ਭਾਗਵਤ ਗੀਤਾ ਵਿਚ ਪ੍ਰਾਪਤ ਹੁੰਦੀ ਹੈ। ਗੀਤਾ ਵਿਚ ਭਾਰਤ ਦੀਆਂ ਸਮੁੱਚੀਆਂ ਦਾਰਸ਼ਨਿਕ ਪ੍ਰਣਾਲੀਆਂ ਦਾ ਸਾਰ-ਤੱਤ ਦ੍ਰਿਸ਼ਟੀਗੋਚਰ ਹੁੰਦਾ ਹੈ।ਇਸ ਗ੍ਰੰਥ ਵਿਚ ਸਾਂਖ-ਯੋਗ, ਕਰਮ-ਯੋਗ। ਗਿਆਨ-ਯੋਗ, ਧਿਆਨ-ਯੋਗ ਅਤੇ ਭਗਤੀ-ਯੋਗ ਦੀ ਵਿਆਖਿਆ ਕੀਤੀ ਗਈ ਹੈ। ਗੀਤਾ ਵਿਚ ਇਹ ਵੀ ਦਰਸਾਇਆ ਗਿਆ ਹੈ ਕਿ ਭਗਤੀ, ਗਿਆਨ ਅਤੇ ਕਰਮ-ਯੋਗ, ਵੱਖਰੇ -ਵੱਖਰੇ ਮਾਰਗ ਨਾ ਹੋ ਕੇ ਇਕ ਸੰਯੁਕਤ ਸਮੁੱਚ ਵਿਚ ਜੁੜੇ ਰਹਿੰਦੇ ਹਨ। ਗੀਤਾ ਅਨੁਸਾਰ ਇਕ ਸੰਪੂਰਨ ਯੋਗੀ ਉਹ ਹੈ ਜੋ ਪਰਮਾਤਮਾ ਪ੍ਰਤੀ ਸੰਪੂਰਨ ਆਸਥਾਵਾਨ ਹੋ ਕੇ ਉਸਦੇ ਸਨਮੁਖ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਰਪਿਤ ਕਰ ਦਿੰਦਾ ਹੈ। ਗੀਤਾ ਵਿਚ ਭਗਤਾਂ ਦੀਆਂ ਚਾਰ ਸ਼੍ਰੇਣੀਆਂ ਮੰਨੀਆਂ ਗਈਆਂ ਹਨ:।

1. ਅਰਥਾਰਤੀ, ਜੋ ਦੁਨਿਆਵੀ ਪ੍ਰਾਪਤੀਆਂ ਨੂੰ ਮੁੱਖ ਰੱਖ ਕੇ ਭਗਤੀ ਕਰਦਾ ਹੈ;
2. ਆਰਤ, ਜੋ ਮੁਸ਼ਕਿਲ ਦੇ ਸਮੇਂ ਬਚਾ ਲੈਣ ਲਈ ਉਸ ਵੱਲ ਧਿਆਨ ਲਗਾਉਂਦਾ ਹੈ;
3. ਜਗਿਆਸੂ, ਜੋ ਅਧਿਆਤਮਕ ਜਗਿਆਸਾਵਾਂ ਦੇ ਸਮਾਧਾਨ ਵਾਸਤੇ ਸਾਧਨਾ ਕਰਦਾਹੈ; ਅਤੇ
4. ਗਿਆਨੀ, ਜੋ ਕੇਵਲ ਭਗਤੀ-ਭਾਵਨਾ ਦੇ ਕਾਰਨ ਪਰਮਾਤਮਾ ਦੀ ਉਪਾਸਨਾ ਕਰਦਾ ਹੈ। ਗੀਤਾ ਅਨੁਸਾਰ, ਪਰਮਾਤਮਾ ਇਨ੍ਹਾਂ ਸਾਰੇ ਭਗਤਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦਾ ਹੈ ਪਰੰਤੂ ਸਭ ਤੋਂ ਉੱਤਮ ਕੋਟੀ ਦਾ ਭਗਤ ਗਿਆਨੀ ਹੈ, ਜੋ ਨਿਹਕਾਮੀ ਹੋ ਕੇ ਪਰਮਾਤਮਾ ਦੀ ਭਗਤੀ ਕਰਦਾ ਹੈ।

**2.7.3.4** ਭਗਤੀ-ਪਰੰਪਰਾ ਵਿਚ ਵਿਅਕਤੀ ਦੀਆਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਆਦਿਕ ਮੂਲ ਪ੍ਰਵਿਰਤੀਆਂ ਦਾ ਦਮਨ ਕਰਨ ਦੀ ਸਲਾਹ ਨਹੀਂ ਦਿੱਤੀ ਗਈ ਬਲਕਿ ਇਨ੍ਹਾਂ ਦਾ ਉੱਦਾਤੀਕਰਣ

ਕਰ ਕੇ ਇਨ੍ਹਾਂ ਨੂੰ ਭਗਤੀ-ਭਾਵਨਾ ਵਾਲੇ ਪਾਸੇ ਲਾਉਣ ਦਾ ਉਪਦੇਸ਼ ਦਿੱਤਾ ਗਿਆ ਹੈ। ਭਾਰਤ ਦੀ ਭਗਤੀ ਪਰੰਪਰਾ ਵਿਚ ਇਹ ਵੀ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਕੋਈ ਵਿਅਕਤੀ ਆਪਣੇ ਨਿੱਜੀ ਪੁਰਸ਼ਾਰਥ ਨਾਲ ਪਰਮਾਤਮਾ ਦੀ ਪ੍ਰਾਪਤੀ ਨਹੀਂ ਕਰ ਸਕਦਾ, ਇਸ ਮੰਤਵ ਲਈ ਉਸਨੂੰ ਪਰਮਾਤਮਾ ਦੀ ਮਿਹਰਬਾਨੀ ਅਤੇ ਗੁਰੂ ਦੀ ਅਗਵਾਈ ਵੀ ਚਾਹੀਦੀ ਹੈ। ਪਰਮਾਤਮਾ ਏਨਾ ਮਿਹਰਬਾਨ ਹੈ ਕਿ ਉਹ ਵੱਡੇ -ਵੱਡੇ ਅਪਰਾਧੀਆਂ ਅਤੇ ਘੋਰ-ਪਾਪੀਆਂ ਨੂੰ ਵੀ ਆਪਣੀ ਸ਼ਰਨ ਵਿਚ ਲੈ ਲੈਂਦਾ ਹੈ।

**2.7.3.5** ਭਾਰਤ ਦੇ ਸਭਿਆਚਾਰਕ ਇਤਿਹਾਸ ਵਿਚ ਉੱਤਰੀ ਭਾਰਤ ਦਾ ਯੋਗਦਾਨ ਹਮੇਸ਼ਾ ਅਦੁੱਤੀ ਰਿਹਾ ਹੈ। ਇਥੇ ਹੀ ਵੇਦ-ਪਰੰਪਰਾ, ਉਪਨਿਸ਼ਦ-ਪਰੰਪਰਾ, ਭਗਵਦ-ਪਰੰਪਰਾ, ਜੈਨ ਮਤਿ ਅਤੇ ਬੁੱਧ ਧਰਮ ਆਦਿਕ ਦਾਰਸ਼ਨਿਕ-ਧਾਰਮਿਕ ਪ੍ਰਣਾਲੀਆਂ ਵਿਕਸਿਤ ਹੋਈਆਂ ਪਰੰਤੂ ਅੱਠਵੀਂ-ਨੌਵੀਂ ਸਦੀ ਤੋਂ ਵਿਦੇਸ਼ੀ ਆਕ੍ਰਮਣਾਂ ਦੇ ਫ਼ਲਸਰੂਪ ਭਾਰਤ ਦੀ ਸਭਿਆਚਾਰਕ ਅਗਵਾਈ ਦਾ ਕਾਰਜ ਉੱਤਰੀ ਭਾਰਤ ਦੇ ਹੱਥਾਂ ਵਿਚੋਂ ਤਿਲਕ ਕੇ ਦੱਖਣੀ ਭਾਰਤ ਦੇ ਚਿੰਤਕਾਂ ਅਤੇ ਭਗਤਾਂ ਪਾਸ ਚਲਾ ਗਿਆ। ਉੱਤਰੀ ਭਾਰਤ ਛੋਟੀਆਂ-ਛੋਟੀਆਂ ਰਿਆਸਤਾਂ ਵਿਚ ਵਿਭਾਜਿਤ ਹੋ ਗਿਆ ਸੀ। ਜਿਸਦੇ ਸਿੱਟੇ ਵਜੋਂ ਇੱਕੋ ਸਦਾ ਗੜਬੜ ਅਤੇ ਅਸ਼ਾਂਤੀ ਵਾਲਾ ਮਾਹੌਲ ਬਣਿਆ ਰਹਿੰਦਾ ਸੀ। ਇਸਦੀ ਤੁਲਨਾ ਵਿਚ ਦੱਖਣੀ ਭਾਰਤ ਸ਼ਾਂਤ ਅਤੇ ਸਥਿਰ ਰਿਹਾ। ਇਹੀ ਕਾਰਨ ਹੈ ਕਿ ਅੱਠਵੀਂ ਸਦੀ ਤੋਂ ਲੈ ਕੇ ਤੇਰ੍ਹਵੀਂ ਸਦੀ ਤਕ ਦੱਖਣੀ ਭਾਰਤ ਨੇ ਹੀ ਅਧਿਆਤਮਕ ਅਗਵਾਈ ਦੀ ਜ਼ਿੰਮੇਵਾਰੀ ਸੰਭਾਲੀ ਰੱਖੀ। ਇਥੋਂ ਹੀ ਸੁਆਮੀ ਰਾਮਾਨੰਦ ਦੇ ਰੂਪ ਵਿਚ ਭਗਤੀ ਪਰੰਪਰਾ ਦੀ ਧਾਰਾ ਉੱਤਰੀ ਭਾਰਤ ਵਿਚ ਪਹੁੰਚੀ।

**2.7.3.6** ਰਾਮਾਨੰਦ ਦੱਖਣੀ-ਭਾਰਤ ਦੇ ਰਾਮਾਭਗਤੀ ਫ਼ਿਰਕੇ ਦਾ ਸੰਤ ਸੀ। ਦੱਖਣੀ-ਭਾਰਤ ਤੋਂ ਉਹ ਕਾਸ਼ੀ ਵਿਖੇ ਆ ਟਿਕਿਆ ਸੀ ਅਤੇ ਉਸਨੇ ਰਾਮਵਤਾ ਫ਼ਿਰਕੇ ਦੀ ਨੀਂਹ ਰੱਖੀ। ਉਸਦੇ ਧਾਰਮਿਕ ਵਿਸ਼ਵਾਸਾਂ ਬਾਰੇ ਭਰੋਸੇਯੋਗ ਸਾਮਗਰੀ ਨਹੀਂ ਮਿਲਦੀ। ਗ੍ਰਿਅਰਸਨ, ਭੰਡਾਰਕਰ ਅਤੇ ਬਦਰੀ ਨਾਰਾਇਣ ਵਰਗੇ ਵਿਦਵਾਨਾਂ ਦਾ ਮਤਿ ਹੈ ਕਿ ਉਸਦੇ ਵਿਚਾਰ ਆਚਾਰੀਆਂ ਰਾਮਾਨੁਜ ਨਾਲ ਮਿਲਦੇ-ਜੁਲਦੇ ਸਨ ਪਰੰਤੂ ਪੀਤਾਂਬਰ ਦੱਤ ਬੜਥਵਾਲ ਵਰਗੇ ਵਿਦਵਾਨਾਂ ਦਾ ਵਿਚਾਰ ਹੈ ਕਿ ਸੁਆਮੀ ਰਾਮਾਨੰਦ ਦਾ ਦਰਸ਼ਨ ਅਦਵੈਤ, ਵੇਦਾਂਤ, ਯੋਗ ਅਤੇ ਪ੍ਰੇਮਾਭਗਤੀ ਦਾ ਸੁਮਿਸ਼ਰਣ ਹੈ। ਫਰਕੂਹਰ ਅਤੇ ਮੈਕਾਲਿਫ਼ ਉਸਦੇ ਵਿਚਾਰਾਂ ਉਪਰ ਇਸਲਾਮ ਦਾ ਪ੍ਰਭਾਵ ਵੀ ਮੰਨਦੇ ਹਨ। ਰਾਮਾਨੰਦ ਨੇ ਬ੍ਰਾਹਮਣੀ ਰੂੜ੍ਹਪਵਾਦ ਦਾ ਵਿਰੋਧ ਕਰਕੇ ਧਰਮ ਪ੍ਰਤੀ ਇਕ ਉਦਾਰ ਦ੍ਰਿਸ਼ਟੀਕੋਣ ਅਪਣਾਇਆ।ਉਹ ਆਪਣੇ ਸਮੇਂ ਦਾ ਇਕ ਵੱਡਾ ਸਮਾਜ-ਸੁਧਾਰਕ ਵੀ ਸੀ। ਉਸ ਨੇ ਬਿਨਾਂ ਕਿਸੇ ਵਿਤਕਰੇ ਹਰ ਜਾਤੀ ਅਥਵਾ ਵਰਣ ਦੇ ਵਿਅਕਤੀ ਨੂੰ ਆਪਣੇ ਭਗਤੀ ਮਾਰਗ ਦੇ ਘੇਰੇ ਵਿਚ ਆਉਣ ਦੀ ਖੁਲ੍ਹ ਦੇ ਰੱਖੀ ਸੀ। ਇਥੋਂ ਤਕ ਕਿ ਮੁਸਲਮਾਨ ਲੋਕ ਵੀ ਉਸਦੇ ਸ਼ਰਧਾਲੂਆਂ ਵਿਚ ਸਨ।ਉਸਦੀਆਂ ਸਿੱਖਿਆਵਾਂ ਨੇ ਭਗਤੀ ਲਹਿਰ ਦੇ ਦੋ ਵੱਖਰੇ-ਵੱਖਰੇ ਸਕੂਲਾਂ ਨੂੰ ਜਨਮ ਦਿੱਤਾ। ਇਕ ਪੁਰਾਤਨ-ਪੰਥੀ ਸੀ, ਜੋ ਸਗੁਣ ਭਗਤੀ ਦਾ ਸਕੂਲ ਅਖਵਾਇਆ ਅਤੇ ਜਿਸਦੀ ਪ੍ਰਤੀਨਿਧਤਾ ਤੁਲਸੀ ਦਾਸ ਵਰਗੇ ਭਗਤ ਕਰਦੇ ਸਨ।ਇਹ ਸਕੂਲ ਅਵਤਾਰਵਾਦ ਵਿਚ ਵਿਸ਼ਵਾਸ ਰੱਖਦਾ ਸੀ। ਦੂਜਾ ਸਕੂਲ ਨਿਰਗੁਣ ਭਗਤੀ ਦਾ ਬਣਿਆ। ਇਹ ਸਕੂਲ ਪ੍ਰਗਤੀਵਾਦੀ ਸੀ। ਇਸ ਸਕੂਲ ਦੀ ਪ੍ਰਤੀਨਿਧਤਾ ਕਬੀਰ ਅਤੇ ਰਵਿਦਾਸ ਵਰਗੇ ਸੰਤਾਂ ਨੇ ਕੀਤੀ। ਮੱਧਕਾਲ ਵਿਚ ਹੋਏ ਕੁਝ ਇੱਕ ਪ੍ਰਮੁੱਖ ਭਗਤਾਂ ਦਾ ਵੇ ਰਵਾ ਇਸ ਪ੍ਰਕਾਰ ਹੈ।

## 2.7.4.1 ਭਗਤ ਨਾਮਦੇਵ (1270-1350)

ਭਗਤ ਨਾਮਦੇਵ ਜੀ ਦੇ ਜੀਵਨ ਬਾਰੇ ਕੋਈ ਪ੍ਰਮਾਣਿਕ ਜਾਣਕਾਰੀ ਉਪਲਬਧ ਨਹੀਂ ਹੈ। ਮਾਧਵ ਗੋਪਾਲ ਦੇਸ਼ਮੁਖ ਅਨੁਸਾਰ ਆਪ ਦੇ ਪਿਤਾ ਦਾਮਾਸ਼ੇਟ ਸਿੰਪੀ ਅਤੇ ਮਾਤਾ ਗੋਣਾਈ ਪਰਮਣੀ ਜ਼ਿਲੇ ਦੇ ਵਸਨੀਕ ਸਨ ਪਰ ਆਪ ਨਾਮਦੇਵ ਜੀ ਦੇ ਜਨਮ ਤੋਂ ਪਹਿਲਾਂ ਹੀ ਪੰਡਰਪੁਰ ਆ ਵੱਸੇ ਸਨ। ਭਾਈ ਕਾਨ੍ਹ ਸਿੰਘ

ਨਾਭਾ ਅਨੁਸਾਰ ਆਪਦਾ ਜਨਮ ਪਿੰਡ ਕਰਸੀਬਾਮਣੀ (ਜ਼ਿਲਾ ਸਿਤਾਰਾ) ਵਿਚ ਹੋਇਆ।ਨਾਮਦੇਵ ਜੀ ਦੇ ਯੁਗ ਵਿਚ, ਮਹਾਰਾਸ਼ਰ ਵਿਚ, ਭਗਤੀ ਲਹਿਰ ਆਪਣੇ ਸਿੱਖਰ ਤੇ ਸੀ।ਸੰਤ ਗਿਆਨਦੇਵ ਆਪਣੇ ਸਮਕਾਲੀ ਭਗਤ ਸਨ ਅਤੇ ਦੋਹਾਂ ਵਿਚ ਪਰਸਪਰ ਬਹੁਤ ਪ੍ਰੇਮ ਸੀ। ਦੋਹਾਂ ਦੀਆਂ ਰਚਨਾਵਾਂ ਵਿਚ ਵੀ ਕਾਫ਼ੀ ਸਾਂਝ ਹੈ।ਆਰੰਭ ਵਿਚ ਨਾਮਦੇਵ ਸਗੁਣ ਭਗਤੀ ਲਹਿਰ ਨਾਲ ਜੁੜੇ ਹੋਏ ਸਨ ਅਤੇ ਆਪ ਵਿੱਠਲ-ਭਗਤ ਸਨ। ਪਰ ਬਾਅਦ ਵਿਚ ਆਪ ਦਾ ਨਜ਼ਰੀਆਂ ਬਦਲ ਗਿਆ ਅਤੇ ਆਪ ਹਰ ਸਥਾਨ ਤੇ ਪ੍ਰਭੂ ਨੂੰ ਹਾਜ਼ਰ-ਨਾਜ਼ਰ ਵੇਖਣ ਲੱਗੇ।ਇਸ ਪ੍ਰਸੰਗ ਵਿਚ ਆਪਦਾ ਇਕ ਸ਼ਬਦ ਹੈ।

ਏਕ ਅਨੇਕ ਬਿਆਪਤ ਪੂਰਕ ਜਤ ਦੇਖਉ ਤਤ ਸੋਈ।।
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ।।
ਸਭੁ ਗੋਬਿੰਦ ਹੈ ਸਭੁ ਗੋਬਿੰਦ ਹੈ ਗੋਬਿੰਦ ਬਿਨੁ ਨਹੀ ਕੋਈ।।
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ।੧

(ਆ.ਗ੍ਰੰ. ਪੰਨਾ ੪੮੫)

**2.7.4.2** ਨਾਮਦੇਵ ਜੀ ਨੇ ਜਾਤ-ਪਾਤ ਉਪਰ ਆਧਾਰਿਤ ਭਾਰਤੀ ਸਮਾਜ ਦੀ ਆਲੋਚਨਾ ਕੀਤੀ ਅਤੇ ਦਰਸਾਇਆ ਕਿ ਇਕ ਪ੍ਰਭੂ ਦੀ ਸੰਤਾਨ ਹੋਣ ਦੇ ਕਾਰਨ ਸਾਰੇ ਮਨੁੱਖ ਬਰਾਬਰ ਅਤੇ ਭਾਈ-ਭਾਈ ਹਨ। ਭਗਤ ਨਾਮਦੇਵ ਜੀ ਦੀ ਬਾਣੀ ਵਿਚ ਕਰਮ-ਕਾਂਡ ਦੀ ਨਿਸਫ਼ਲਤਾ ਅਤੇ ਅਰਥਹੀਣਤਾ ਦਾ ਸੰਦੇਸ਼ ਵੀ ਰੂਪਮਾਨ ਹੋਇਆ ਹੈ। ਆਪ ਅਵਤਾਰਵਾਦ ਦੀ ਧਾਰਨਾ ਵਿਚ ਵਿਸ਼ਵਾਸ ਨਹੀਂ ਰੱਖਦੇ। ਆਪਣੀ ਬਾਣੀ ਵਿਚ ਜੀਵਨ ਦੀ ਨਾਸ਼ਮਾਨਤਾ ਨੂੰ ਦ੍ਰਿੜ੍ਹਾ ਕੇ ਵਿਅਕਤੀ ਨੂੰ ਪ੍ਰਭੂ-ਭਗਤੀ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਦੇ 18 ਰਾਗਾਂ ਵਿਚ ਆਪਦੇ 61 ਸ਼ਬਦ ਸੰਕਲਿਤ ਹਨ। ਮਹਾਰਾਸ਼ਟਰ ਦੇ ਨਿਵਾਸੀ ਹੋਣ ਕਾਰਨ ਮਰਾਠੀ ਸ਼ਬਦਾਵਲੀ ਅਤੇ ਵਾਕੰਸ਼ ਵੱਡੀ ਮਾਤਰਾ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ।ਫ਼ਾਰਸੀ ਦੀ ਵੀ ਕਾਫ਼ੀ ਸ਼ਬਦਾਵਲੀ ਆ ਗਈ ਹੈ। ਜਿਵੇਂ :ਗਰੀਬ, ਮਸਕੀਨ,ਕਰੀਮ, ਰਹੀਮ, ਅਲਾਹ, ਗਨੀ, ਹਾਜਰਾ ਹਜੂਰ, ਪੇਸ਼, ਦਿਹੰਦ, ਦਾਨਾ-ਬੀਨਾ, ਬਖਸੰਦ, ਖਸਿਖਬਰੀ, ਕੁਜਾ ਆਮਦ, ਕੁਜਾ ਰਫਤੀ, ਆਲਮ ਇਤਿਆਦਿ। ਸੰਸਕ੍ਰਿਤ ਸ਼ਬਦਾਵਲੀ ਦਾ ਵੀ ਭਰਪੂਰ ਪ੍ਰਯੋਗ ਹੋਇਆ ਹੈ। ਜਿਵੇਂਦੇਖੋ: ਏਕ, ਅਨੇਕ, ਵਿਆਪਕ, ਪੂਰਕ,ਮਾਇਆ,ਚਿਤ੍ਰ ਬਚਿਤ੍ਰ, ਬਿਮੋਹਿਤ,ਗੋਬਿੰਦ, ਜਲ ਤਰੰਗ, ਘਟ-ਘਟ, ਪਰਪੰਚ, ਪਾਰਬ੍ਰਹਮ,ਮਿਥਿਆ, ਭਰਮ, ਸੁਪਨ, ਸੁਕ੍ਰਿਤ, ਉਦੇਸ਼,ਅੰਤਰਿ, ਨਿਰੰਤਰ ਆਦਿਕ। ਆਪਦੀ ਬਾਣੀ ਵਿਚ ਰਸਾਂ, ਅਲੰਕਾਰਾਂ, ਬਿੰਬਾਂ ਅਤੇ ਮੁਹਾਵਰੇ-ਅਖਾਉਂਤਾ ਦਾ ਬੜਾ ਪ੍ਰਭਾਵਸ਼ਾਲੀ ਪ੍ਰਯੋਗ ਹੋਇਆ ਹੈ। ਪੰਜਾਬੀ ਅਤੇ ਪੰਜਾਬੀਅਤ ਦਾ ਰੰਗ ਵੀ ਖ਼ੂਬ ਉਘੜਿਆ ਹੈ, ਜਿਥੋਂ ਪਤਾ ਚਲਦਾ ਹੈ ਕਿ ਆਪ ਨੇ ਪੰਜਾਬ ਵਿਚ ਕਾਫ਼ੀ ਸਮਾਂ ਗੁਜ਼ਾਰਿਆ ਸੀ।

### 2.7.5.1 ਭਗਤ ਕਬੀਰ (ਜਨਮ 1398 ਈ.)

ਕਬੀਰ ਜੀ ਦੇ ਜਨਮ-ਸਥਾਨ ਬਾਰੇ ਵਿਦਵਾਨਾਂ ਵਿਚ ਕਈ ਮਤਿ ਹਨ। ਕੁਝ ਵਿਦਵਾਨ 'ਮਗਹਰ' ਨੂੰ ਆਪ ਦਾ ਜਨਮ-ਸਥਾਨ ਮੰਨਦੇ ਹਨ ਅਤੇ ਕੁਝ ਕਾਸ਼ੀ ਨੂੰ। 'ਬਨਾਰਸ ਗਜ਼ਟ' ਅਨੁਸਾਰ ਆਪਦਾ ਜਨਮ ਬੇਲਹਰਾ ਪਿੰਡ ਵਿਚ ਹੋਇਆ। ਆਪ ਦੇ ਮਾਤਾ-ਪਿਤਾ ਅਤੇ ਜਾਤੀ ਆਦਿ ਬਾਰੇ ਵੀ ਵਿਦਵਾਨਾਂ ਵਿਚ ਮਤਿ-ਏਕਤਾ ਨਹੀਂ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਆਪ ਇਕ ਵਿਧਵਾ ਬ੍ਰਾਹਮਣੀ ਦੀ ਸੰਤਾਨ ਸਨ।ਆਪ ਦੀ ਮਾਤਾ ਨੇ ਆਪ ਨੂੰ ਬਨਾਰਸ ਦੇ ਪਾਸ ਇਕ ਤਲਾਬ ਦੇ ਕਿਨਾਰੇ ਤੇ ਛੱਡ ਦਿੱਤਾ ਜਿਸ ਨੂੰ ਅਲੀ ਨਾਮ ਦੇ ਇਕ ਜੁਲਾਹੇ ਨੇ ਆਪਣਾ ਪੁੱਤਰ ਮੰਨ ਕੇ ਪਾਲਿਆ।ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ ਅਨੁਸਾਰ ਆਪ 'ਜੋਗੀ' ਜ਼ਾਤ ਦੇ ਸਨ ਅਤੇਉਨ੍ਹਾਂ ਦੇ ਪਰਿਵਾਰ ਨੇ ਇਸਲਾਮ ਧਰਮ ਕਬੂਲ ਕਰ ਲਿਆ

ਸੀ। ਕਬੀਰ ਜੀ ਦੀ ਵਿਚਾਰਧਾਰਾ ਦਾ ਵਿਸ਼ਲੇਸ਼ਣ ਕਰਨ ਸਮੇਂ ਜਿਹੜਾ ਤੱਥ ਉੱਭਰ ਕੇ ਸਾਹਮਣੇ ਆਉਂਦਾ ਹੈ, ਉਹ ਇਹ ਹੈ ਕਿ ਆਪ ਕਿਸੇ ਧਰਮ ਵਿਸ਼ੇਸ਼ ਨੂੰ ਉੱਤਮ ਜਾਂ ਨਿਮਨ ਨਹੀਂ ਮੰਨਦੇ ਸਨ। ਬਲਕਿ ਆਪ ਇਨ੍ਹਾਂ ਧਰਮਾਂ ਦੇ ਪ੍ਰਤੱਖ ਆਚਰਣ ਵੱਲ ਧਿਆਨ ਦਿੰਦੇ ਹਨ ਅਤੇ ਧਾਰਮਿਕ ਆਗੂਆਂ ਦੀ ਕਥਨੀ ਤੇ ਕਰਨੀ ਵਿਚਲੇ ਅੰਤਰ ਉਪਰ ਉੱਗਲੀ ਉਠਾਉਂਦੇ ਹਨ। ਇਸੇ ਤਰ੍ਹਾਂ ਕਬੀਰ ਜੀ ਨਾ ਕੇਵਲ ਹਿੰਦੂ ਧਰਮ ਵਿਚਲੇ ਕਰਮ-ਕਾਂਡ ਦੀ ਆਲੋਚਨਾ ਕਰਦੇ ਹਨ ਸਗੋਂ ਮੁਸਲਮਾਨਾਂ ਦੇ ਬਾਹਰੀ ਆਚਾਰ ਉਪਰ ਵੀ ਵਿਅੰਗ ਕਰਦੇ ਹਨ। ਆਪ ਇਕ 'ਪਦੇ' ਵਿਚ ਕਾਜ਼ੀ ਨੂੰ ਸੰਬੋਧਿਤ ਕਰਕੇ ਕਹਿੰਦੇ ਹਨ ਕਿ ਤੂੰ ਕਿਹੜੀ ਪੁਸਤਕ ਪੜ੍ਹ ਕੇ ਮੁਸਲਮਾਨਾਂ ਨੂੰ ਸੁਰਗ ਦੇ ਲਾਰੇ ਅਤੇ ਹਿੰਦੂਆਂ ਨੂੰ ਨਰਕ ਦਾ ਡਰ ਦੇਈ ਜਾ ਰਿਹਾ ਹੈਂ। ਕਬੀਰ ਜੀ ਫੁਰਮਾਉਂਦੇ ਹਨ ਕਿ ਸੁੰਨਤ ਕਰਨ ਜਾਂ ਨਾ ਕਰਨ ਨਾਲ ਰੱਬ ਦਾ ਕੋਈ ਲਾਗਾ-ਦੇਗਾ ਨਹੀਂ ਹੈ। ਦੇਖੋ:

ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ।।
ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ।।੩।।
ਛਾਡਿ ਕਤੇਬ ਰਾਮੁ ਭਜੁ ਬਉਰੇ ਜੁਲਮ ਕਰਤ ਹੈ ਭਾਰੀ।।
ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿ ਹਾਰੀ।।੪।।੮।।

(ਰਾਗ ਆਸਾ, ਪੰਨਾ ੪੭੭)

**2.7.5.2** ਕਬੀਰ ਜੀ ਆਪਣੇ ਸਮਕਾਲੀ ਲੋਕਾਂ ਨੂੰ ਵਿਕਾਰਾਂ ਤੋਂ ਮੁਕਤ ਹੋਣ ਦਾ ਸੰਦੇਸ਼ ਦਿੰਦੇ ਹਨ।ਆਪ ਅਨੁਸਾਰ ਮਾਇਆ ਇਕ 'ਵਿਸ਼ਵ ਮੋਹਨੀ ਨਾਰੀ' ਵਾਂਗ ਹੈ। ਇਸ ਦਾ ਸੁਭਾਉ ਹੀ ਲੋਕਾਂ ਨੂੰ ਠੱਗਣਾ ਹੈ। ਇਹ ਵਿਅਕਤੀ ਨੂੰ ਬਾਰ-ਬਾਰ ਆਪਣੇ ਜਾਲ ਵਿਚ ਫਸਾਉਂਦੇ ਹੈ। ਆਪ ਦੀ ਬਾਣੀ ਦਾ ਇਕ ਹੋਰ ਵਿਚਾਰ ਧਾਰਾਈ ਆਧਾਰ ਮੂਰਤੀ-ਪੂਜਾ ਅਤੇ ਕਰਮ-ਕਾਂਡਾਂ ਦੇ ਖੰਡਣ ਨਾਲ ਜੁੜਿਆ ਹੋਇਆ ਹੈ। ਆਪ ਨੇ ਹਿੰਦੂ ਧਰਮ ਵਿਚ ਪ੍ਰਚਲਿਤ ਜਾਤੀ-ਪ੍ਰਥਾ ਦਾ ਬੜਾ ਜ਼ੋਰਦਾਰ ਖੰਡਣ ਕੀਤਾ ਅਤੇ ਜ਼ਾਤ-ਪਾਤ 'ਤੇ ਆਧਾਰਿਤ ਇਕ ਵਿਅਕਤੀ ਦੀ ਦੂਜੇ ਉਪਰ ਸ੍ਰੇਸ਼ਠਤਾ ਦੇ ਸਵਾਲ ਨੂੰ ਜ਼ਬਰਦਸਤ ਚੁਣੌਤੀ ਦਿੱਤੀ। ਦੇਖੋ:

ਜੌ ਤੂੰ ਬ੍ਰਾਹਮਣੁ ਬ੍ਰਾਹਮਣੀ ਜਾਇਆ।।
ਤਉ ਆਨ ਬਾਟ ਕਾਹੇ ਨਹੀਂ ਆਇਆ।।
ਤੁਮ ਕਤ ਬ੍ਰਾਹਮਣ ਹਮ ਕਤ ਸੂਦ।।
ਹਮ ਕਤ ਲੋਹੂ ਤੁਮ ਕਤ ਦੂਧ।।
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ।।
ਸੋ ਬ੍ਰਾਹਮਣੁ ਕਹੀਅਤ ਹੈ ਹਮਾਰੈ।।

(ਗਉੜੀਕਬੀਰ ਜੀ, ਪੰਨਾ ੩੨੪)

**2.7.5.3** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਜੀ ਦੇ 224 ਸ਼ਬਦ ਸੰਕਲਿਤ ਹਨ।ਇਨ੍ਹਾਂ ਤੋਂ ਬਿਨਾ ਬਾਵਨ ਅੱਖਰੀ। ਪੰਦ੍ਹਹ ਥਿਤੀ, ਸਤ ਵਾਰ ਅਤੇ 243 ਸਲੋਕ ਵੀ ਦਰਜ ਹਨ। ਕਬੀਰ ਜੀ ਦੀ ਬਾਣੀ 17 ਰਾਗਾਂ ਵਿਚ ਮਿਲਦੀ ਹੈ। 'ਕਬੀਰ ਗ੍ਰੰਥਾਵਲੀ' ਅਤੇ 'ਬੀਜਕ' ਆਦਿ ਗ੍ਰੰਥਾਂ ਵਿਚ ਵੀ ਉਨ੍ਹਾਂ ਦੀ ਕੁਝ ਬਾਣੀ ਮਿਲਦੀ ਹੈ।ਆਪ ਦੀ ਸਾਹਿਤਿਕ ਪ੍ਰਤਿਭਾ ਬਹੁਤ ਮਹਾਨ ਸੀ। ਆਪ ਦੇ ਵਿਅਕਤਿਤਵ ਵਿਚ ਸੰਤ-ਰੂਪ ਅਤੇ ਕਵੀ-ਰੂਪ ਇਕ ਦੂਜੇ ਵਿਚ ਪੂਰੀ ਤਰ੍ਹਾਂ ਨਾਲ ਘੁਲ-ਮਿਲ ਗਏ ਹਨ।

## 2.7.6.1 ਭਗਤ ਰਵਿਦਾਸ

ਹੋਰ ਬਹੁਤ ਸਾਰੇ ਸੰਤਾਂ-ਭਗਤਾਂ ਵਾਂਗ ਰਵਿਦਾਸ ਜੀ ਦੇ ਜਨਮ ਅਤੇ ਜੀਵਨ ਬਾਰੇ ਪ੍ਰਮਾਣਿਕ ਵੇ ਰਵੇਉਪਲਬਧ ਨਹੀਂ ਹਨ। ਪ੍ਰਿਥਵੀ ਸਿੰਘ ਆਜ਼ਾਦ ਨੇ ਆਪ ਦਾ ਜਨਮ ਮਾਘ ਸੁਦੀ 15, ਸੰਮਤ 1433 (1376 ਈ.) ਨੂੰ ਮੰਨਿਆ ਹੈ। ਆਪ ਦਾ ਜਨਮ-ਸਥਾਨ ਬਨਾਰਸ ਦੇ ਨੇੜੇ ਬਣੀ ਕਿਸੇ ਬਸਤੀ (ਸੀਰ-ਗੋਵਰਧਨਪੁਰਾ) ਨੂੰ ਮੰਨਿਆ ਜਾਂਦਾ ਹੈ।ਇਹ ਬਸਤੀ ਹੁਣ ਬਨਾਰਸ ਦਾ ਹੀ ਇਕ ਹਿੱਸਾ ਬਣ ਗਈ ਹੈ। ਆਪ ਭਗਤੀ ਮਾਰਗ ਦੀ ਅਦਵੈਤਵਾਦੀ ਪਰੰਪਰਾ ਨਾਲ ਸੰਬੰਧ ਰੱਖਦੇ ਸਨ।ਇਸ ਲਈ ਆਪ ਨਿਰਗੁਣ ਪਰਮਾਤਮਾ ਦੀ ਉਪਾਸਨਾ ਕਰਦੇ ਸਨ ਪਰ ਭਗਤੀ ਮਾਰਗ ਨਾਲ ਜੁੜੇ ਹੋਏ ਕੁਝ ਹੋਰ ਮਹਾਨ ਸੰਤਾਂ ਅਤੇ ਭਗਤਾਂ ਵਾਂਗ ਆਪ ਨਿਰਗੁਣ ਅਤੇ ਸਰਗੁਣ ਵਿਚ ਕੋਈ ਸਪਸ਼ਟ ਵਿਭਾਜਨ-ਰੇਖਾ ਨਹੀਂ ਖਿੱਚਦੇ ਸਨ। ਕੁਝ ਵਿਦਵਾਨ ਆਪ ਨੂੰ ਭਗਤ ਰਾਮਾਨੰਦ ਜੀ ਦਾ ਸ਼ਿਸ਼ ਮੰਨਦੇ ਹਨ। ਰਵਿਦਾਸ ਜੀ ਦੀ ਬਾਣੀ ਵਿਚ ਹੋਰ ਬਹੁਤ ਸਾਰੇ ਸਮਕਾਲੀ ਸੰਤਾਂ-ਭਗਤਾਂ ਦੇ ਨਾਮ ਅਤੇ ਹਵਾਲੇ ਤਾਂ ਪ੍ਰਾਪਤ ਹੁੰਦੇ ਹਨ ਪਰੰਤੂ ਰਾਮਾਨੰਦ ਬਾਰੇ ਕੋਈ ਹਵਾਲਾ ਨਹੀਂ ਮਿਲਦਾ। ਇਕ ਸ਼ਬਦ ਵਿਚ ਭਗਤ ਰਵਿਦਾਸ ਜੀ ਫੁਰਮਾਉਂਦੇ ਹਨ :

ਨਾਮਦੇਵ ਕਬੀਰੁ ਤ੍ਰਿਲੋਚਨੁ ਸਧਨਾ ਸੈਨੁ ਤਰੈ।।
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।।
(ਰਾਗੁ ਮਾਰੂ, ਪੰਨਾ ੧੧੦੬)

**2.7.6.2** ਭਗਤ ਰਵਿਦਾਸ ਜੀ ਵਿਅਕਤੀ ਨੂੰ ਵਿਕਾਰਾਂ ਤੋਂ ਬਚਣ ਦਾ ਉਪਦੇਸ਼ ਦਿੰਦੇ ਹਨ।ਆਪ ਦੇ ਵਿਚਾਰ ਅਨੁਸਾਰ, ਵਿਕਾਰ ਮਨ ਦੇ ਸ਼ੀਸ਼ੇ ਨੂੰ ਮੈਲਾ ਕਰ ਦਿੰਦੇ ਹਨ ਅਤੇ ਇਸ ਸੂਰਤ ਵਿਚ ਪ੍ਰਭੂ ਦੇ ਦਰਸ਼ਨ ਨਹੀਂ ਹੁੰਦੇ। ਆਪ ਤੀਰਥ-ਇਸ਼ਨਾਨ ਆਦਿਕ ਕਰਮ-ਕਾਂਡਾਂ ਨੂੰ ਵੀ ਕੋਈ ਮਹਤਵ ਨਹੀਂ ਦਿੰਦੇ। ਹੋਰ ਸੰਤਾਂ-ਭਗਤਾਂ ਦੀ ਤਰ੍ਹਾਂ ਆਪ ਜਾਤ-ਪਾਤ ਦੀ ਧਾਰਨਾ ਦਾ ਖੰਡਣ ਕਰਦੇ ਹਨ।ਬ੍ਰਾਹਮਣਵਾਦ ਦੇ ਵਿਰੋਧ ਵਿਚ ਉੱਠੀ ਭਗਤੀ ਲਹਿਰ ਉਨ੍ਹਾਂ ਸਾਰੇ ਸਰੋਕਾਰਾਂ ਨੂੰ ਰੱਦੀ ਹੈ ਜੋ ਆਮ ਆਦਮੀ ਦਾ ਸ਼ੋਸ਼ਣ ਕਰਨ ਲਈ ਘੜੇ ਗਏ ਸਨ।ਆਪ ਮਾਇਆ ਨੂੰ ਇਕ ਭਗਤ ਲਈ ਸਭ ਤੋਂ ਵੱਡੀ ਚੁਣੌਤੀ ਮੰਨਦੇ ਹਨ ਕਿਉਂਕਿ ਮਾਇਆ ਦੇ ਆਕ੍ਰਸ਼ਣ ਵਿਚ ਫਸ ਕੇ ਵਿਅਕਤੀ ਆਪਣੇ ਉਦੇਸ਼ ਨੂੰ ਭੁੱਲ ਜਾਂਦਾ ਹੈ ਅਤੇ ਆਪਣੀ ਮੰਜ਼ਿਲ ਤੋਂ ਭਟਕ ਜਾਂਦਾ ਹੈ।ਪ੍ਰਭੂ ਨੇ ਮਿੱਟੀ ਦਾ ਪੁਤਲਾ ਸਾਜਿਆ ਤਾਂ ਇਸ ਲਈ ਸੀ ਕਿ ਮਨੁੱਖੀ ਜੂਨ ਪ੍ਰਾਪਤ ਕਰਕੇ ਉਹ ਆਵਾਗਵਣ ਦੇ ਚੱਕਰ ਤੋਂ ਛੁਟਕਾਰਾ ਪ੍ਰਾਪਤ ਕਰ ਲਵੇ ਪਰੰਤੂ ਬਚਪਨ ਤੋਂ ਹੀ ਮਾਇਆ ਉਸਦੀ ਮੁਕਤੀ ਦੇ ਸਾਰੇ ਰਾਹਾਂ ਨੂੰ ਮੱਲ ਕੇ ਖਲੋ ਜਾਂਦੀ ਹੈ।ਅਜਿਹੇ ਮਾਇਆ ਵੇੜ੍ਹੇ ਮਨੁੱਖ ਦੀ ਦੀਨ-ਦਸ਼ਾ ਦਾ ਉੱਲੇਖ ਕਰਦੇ ਹੋਏ ਭਗਤ ਰਵਿਦਾਸ ਜੀ ਫੁਰਮਾਉਂਦੇ ਹਨ:

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ।।
ਦੇਖੈ ਦੇਖੈ ਸੁਨੈਬੋਲੈ ਦਉਰਿਓ ਫਿਰਤੁ ਹੈ।।੧।। ਰਹਾਉ।।
ਜਬ ਕਛੁ ਪਾਵੈਤਬ ਗਰਬੁ ਕਰਤੁ ਹੈ।।
ਮਾਇਆ ਗਈ ਤਬ ਰੋਵਨੁ ਲਗਤੁ ਹੈ।।੧।।
(ਰਾਗੁ ਆਸਾ, ਪੰਨਾ ੪੮੭)

**2.7.6.3** ਰਵਿਦਾਸ ਜੀ ਨੇ ਆਕਾਰ ਦੀ ਦ੍ਰਿਸ਼ਟੀ ਤੋਂ ਬਹੁਤੀ ਰਚਨਾ ਨਹੀਂ ਕੀਤੀ। ਆਪ ਜੀ ਦੇ ਕੇਵਲ 40 ਸ਼ਬਦ ਹੀ ਪ੍ਰਾਪਤ ਹੁੰਦੇ ਹਨ। ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹਨ। ਇਹ ਸ਼ਬਦ 16 ਰਾਗਾਂ ਵਿਚ ਆਏ ਹਨ।ਆਪ ਦੀ ਬਾਣੀ ਵਿਚ ਬਿੰਬਾਂ, ਅਲੰਕਾਰਾਂ, ਰਸਾਂ ਅਤੇ ਪ੍ਰਤੀਕਾਂ ਦਾ ਬੜਾ ਪ੍ਰਭਾਵਸ਼ਾਲੀ ਪ੍ਰਯੋਗ ਹੋਇਆ ਹੈ। ਵਧੇਰੇ ਕਰਕੇ ਇਸ ਵਿਚ ਸ੍ਵੈ-ਸੰਬੋਧਨ ਨਜ਼ਰ ਆਉਂਦਾ ਹੈ। ਆਪ

ਦਾ ਕਾਵਿ ਬਿਨੰਤੀ (ਬੇਨਤੀ) ਕਾਵਿ ਹੈ। ਜਿਸ ਵਿਚ ਸਾਧਕ, ਪ੍ਰਭੂ ਦੇ ਸਨਮੁਖ ਬੇਨਤੀਆਂ ਅਤੇ ਅਰਜ਼ੋਈਆਂ ਕਰਦਾ ਹੋਇਆ ਨਜ਼ਰ ਆਉਂਦਾ ਹੈ। ਆਪ ਦੀ ਬਾਣੀ ਵਿਚ ਕਈ ਤਰ੍ਹਾਂ ਦੀਆਂ ਕਾਵਿ-ਸ਼ੈਲੀਆਂ ਰੂਪਮਾਨ ਹੋਈਆਂ ਹਨ। ਕਿਧਰੇ ਸੰਸਕ੍ਰਿਤ-ਪ੍ਰਧਾਨ ਸ਼ੈਲੀ।ਕਿਧਰੇ ਫ਼ਾਰਸੀ-ਸ਼ਬਦਾਵਲੀ ਪ੍ਰਧਾਨ ਸ਼ੈਲੀ ਹੈ ਅਤੇ ਕਿਧਰੇ -ਕਿਧਰੇ ਪੰਜਾਬੀ ਦਾ ਰੰਗ ਵੀ ਦੇਖਿਆ ਜਾ ਸਕਦਾ ਹੈ।

### 2.7.7.1 ਕੁਝ ਹੋਰ ਭਗਤ ਕਵੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੱਧਕਾਲ ਦੇ ਕੁਝ ਹੋਰ ਭਗਤ ਕਵੀ ਵੀ ਆਏ ਹਨ। ਭਗਤ ਨਾਮਦੇਵ, ਭਗਤ ਕਬੀਰ ਅਤੇ ਭਗਤ ਰਵਿਦਾਸ ਤੋਂ ਬਿਨਾਂ।। ਹੋਰ ਭਗਤ ਕਵੀ ਇਸ ਮਹਾਨ ਗ੍ਰੰਥ ਵਿਚ ਸੰਕਲਿਤ ਹਨ। ਇਨ੍ਹਾਂ ਭਗਤਾਂ ਦੀ ਬਾਣੀ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:

### 2.7.7.2 ਭਗਤ ਤ੍ਰਿਲੋਚਨ ਜੀ

ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ ਚਾਰ ਸ਼ਬਦ (ਦੋ ਰਾਗ ਗੂਜਰੀ ਵਿਚ, ਇਕ ਸਿਰੀ ਰਾਗ ਵਿਚ ਅਤੇ ਇਕ ਧਨਾਸਰੀ ਰਾਗ ਵਿਚ) ਆਏ ਹਨ। ਆਪ ਦੀ ਬਾਣੀ ਵਿਚ ਮਾਇਆ ਤੋਂ ਨਿਰਲੇਪ ਰਹਿਣ, ਵਿਸ਼ੇ-ਵਿਕਾਰਾਂ ਤੋਂ ਬਚਣ ਅਤੇ ਕਰਮ-ਕਾਂਡਾਂ ਦੀ ਆਰਥਹੀਣਤਾ ਆਦਿਕ ਵਿਸ਼ੈ ਆਏ ਹਨ।ਇਕ ਨਮੂਨਾ ਦੇਖੋ:

ਅੰਤਰੁ ਮਲਿ ਨਿਰਮਲੁ ਨਹੀਂ ਕੀਨਾ ਬਾਹਰਿ ਭੇਖ ਉਦਾਸੀ।।
ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨਾ ਕਾਹੇ ਭਇਆ ਸੰਨਿਆਸੀ।।

(ਪੰਨਾ ੫੨੫)

### 2.7.7.3 ਭਗਤ ਬੇਣੀ ਜੀ

ਆਪ ਪੰਦਰ੍ਹਵੀਂ ਸਦੀ ਵਿਚ ਹੋਏ ਮੰਨੇ ਜਾਂਦੇ ਹਨ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਆਪ ਏਕਾਂਤ ਵਿਚ ਬੈਠੇ ਕੇ ਪ੍ਰਭੂ-ਭਗਤੀ ਵਿਚ ਲੀਨ ਰਹਿੰਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ ਤਿੰਨ ਸ਼ਬਦ ਸੰਕਲਿਤ ਹਨ। ਇਨ੍ਹਾਂ ਸ਼ਬਦਾਂ ਵਿਚ ਆਪ ਵਿਅਕਤੀ ਨੂੰ ਸੰਦੇਸ਼ ਦਿੰਦੇ ਹਨ ਕਿ ਉਹ ਮਾਇਆ ਅਤੇ ਵਿਕਾਰਾਂ ਦੇ ਚੱਕਰ ਵਿਚ ਫਸ ਕੇ ਆਪਣੇ ਜੀਵਨ ਨੂੰ ਵਿਅਰਥ ਗੁਆ ਰਿਹਾ ਹੈ। ਦੇਖੋ:

ਫਿਰਿ ਪਛੁਤਾਹਿਗਾ ਮੂੜਿਆ ਤੂ ਕਵਨ ਕੁਮਤਿ ਭ੍ਰਮਿ ਲਾਗਾ।।
ਚੇਤਿ ਰਾਮ ਨਾਹੀ ਜਮ ਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ।।

(ਪੰਨਾ ੯੩)

### 2.7.7.4 ਭਗਤ ਧੰਨਾ ਜੀ

ਆਪ ਦਾ ਜਨਮ 1416 ਈ. ਵਿਚ ਰਾਜਸਥਾਨ ਪ੍ਰਦੇਸ਼ ਦੇ ਇਕ ਪਿੰਡ ਟਾਂਕ ਵਿਚ ਹੋਇਆ। ਆਪ ਜੀ ਦੇ ਸੰਬੰਧ ਵਿਚ ਪ੍ਰਸਿੱਧ ਹੈ ਕਿ ਆਪ ਨੇ ਆਪਣੀ ਸ਼ਰਧਾ ਭਾਵਨਾ ਦੇ ਨਾਲ ਪੱਥਰ ਵਿਚੋਂ ਭਗਵਾਨ ਨੂੰ ਪ੍ਰਾਪਤ ਕਰ ਲਿਆ ਸੀ। ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ ਤਿੰਨ ਸ਼ਬਦ ਸੰਗ੍ਰਹਿਤ ਹਨ। 'ਆਰਤੀ' ਨਾਲ ਸੰਬੰਧਿਤ ਇਕ ਸ਼ਬਦ ਵਿਚ ਭਗਤ ਧੰਨਾ ਜੀ ਦਾ ਖੁਲ੍ਹਾ-ਡੁੱਲ੍ਹਾ ਸੁਭਾਉ ਦ੍ਰਿਸ਼ਟੀਗੋਚਰ ਹੁੰਦਾ ਹੈ। ਦੇਖੋ:

ਗੋਪਾਲ ਤੇਰਾ ਆਰਤਾ।।
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ।।ਰਹਾਉ।।
ਦਾਲਿ ਸੀਧਾ ਮਾਗਉ ਘੀਉ।। ਹਮਰਾ ਖੁਸੀ ਕਰੈ ਨਿਤ ਜੀਉ।।
ਪਨੀਆ ਛਾਦਨੁ ਨੀਕਾ।। ਅਨਾਜ ਮਾਗਉ ਸਤ ਸੀ ਕਾ।।

(ਪੰਨਾ ੬੯੫)

## 2.7.7.5. ਭਗਤ ਭੀਖਨ ਜੀ

ਆਪ ਦਾ ਸਮਾਂ 1480 ਈ. ਤੋਂ 1573 ਈ. ਤਕ ਨਿਸ਼ਚਿਤ ਕੀਤਾ ਗਿਆ ਹੈ।ਆਪ ਸੂਫ਼ੀ ਦਰਵੇਸ਼ ਸਨ ਅਤੇ ਆਪ ਨੇ ਸਯਦ ਪੀਰ ਇਬਰਾਹੀਮ ਤੋਂ ਦੀਨੀ ਸਿੱਖਿਆ ਹਾਸਲ ਕੀਤੀ ਸੀ। ਆਪ ਦੇ ਦੋ ਸ਼ਬਦ ਰਾਗ ਸੋਰਠਿ ਵਿਚ ਸੰਕਲਿਤ ਹਨ।ਆਪ ਆਪਣੀ ਬਾਣੀ ਵਿਚ ਪ੍ਰਭੂ ਦੇ ਨਾਮ ਦੀ ਵਡਿਆਈ ਅਤੇ ਮਹਿਮਾ ਦਾ ਨਿਰੂਪਣ ਕਰਦੇ ਹਨ। ਜਿਵੇਂ:

ਹਰਿ ਗੁਨ ਕਹਤੇ ਕਹਨੁ ਨ ਜਾਈ।।

ਜੈਸੀ ਗੂੰਗੇ ਕੀ ਮਿਠਿਆਈ।।ਰਹਾਉ।।

## 2.7.7.6 ਭਗਤ ਸੈਣ ਜੀ

ਆਪ ਦਾ ਜੀਵਨ ਕਾਲ 1390 ਈ. ਤੋਂ 1440 ਈ. ਤਕ ਨਿਰਧਾਰਿਤ ਕੀਤਾ ਗਿਆ ਹੈ।ਭਾਈ ਗੁਰਦਾਸ ਨੇ ਆਪ ਨੂੰ ਰਾਮਾਨੰਦ ਜੀ ਦਾ ਸ਼ਿਸ਼ ਦੱਸਿਆ ਹੈ। ਭਗਤ ਰਵਿਦਾਸ ਜੀ ਨੇ ਆਪ ਦੀ ਗਿਣਤੀ ਮੱਧਕਾਲ ਦੇ ਪ੍ਰਸਿੱਧ ਭਗਤਾਂ ਵਿਚ ਕੀਤੀ ਹੈ।ਦੇਖੋ:

ਨਾਮਦੇਵ ਕਬੀਰ ਤ੍ਰਿਲੋਚਨੁ ਸਧਨਾ ਸੈਨੁ ਤਰੈ।।
ਕਹਿ ਰਵਿਦਾਸ ਸੁਨਹੁ ਰੇ ਸੰਤਹੁ ਹਰਿ ਜੀਓ ਤੇ ਸਭੈ ਸਰੈ।।

(ਰਾਗ ਮਾਰੂ, ਪੰਨਾ ੧੧੦੬)

## 2.7.7.7 ਭਗਤ ਪੀਪਾ ਜੀ

ਆਪ ਦਾ ਜਨਮ 1426 ਈ. ਵਿਚ ਹੋਇਆ।ਮੇਵਾੜ ਦੇ ਇਤਿਹਾਸ ਅਨੁਸਾਰ ਆਪ ਰਾਣਾ ਕੁੰਭਾ ਦੇ ਸਮਕਾਲੀ ਗਗਰੋਂਨ ਗੜ੍ਹ ਦੇ ਚੌਹਾਨ ਵੰਸ਼ ਦੇ ਰਾਜਾ ਸਨ। ਪਹਿਲਾਂ ਆਪ ਦੁਰਗਾ ਭਗਤ ਸਨ ਪਰ ਬਾਅਦ ਵਿਚ ਵੈਸ਼ਨਵ ਬਣ ਗਏ। ਗੁਰੂ ਗ੍ਰੰਥ ਸਾਹਿਬ ਵਿਚ ਆਪ ਦਾ ਇਕ ਸ਼ਬਦ ਸੰਕਲਿਤ ਹੈ ਜਿਸ ਵਿਚ ਆਪ ਫੁਰਮਾਉਂਦੇ ਹਨ ਕਿ ਮਨੁੱਖੀ ਸਰੀਰ ਹਰੀ ਦਾ ਮੰਦਰ ਹੈ ਅਤੇ ਇਹ ਸਰੀਰ ਹੀ ਧੂਪ, ਦੀਵੇ, ਪ੍ਰਸ਼ਾਦ ਅਤੇ ਪੂਜਾ-ਸਾਮਗਰੀ ਹੈ।ਇਸ ਵਿਚ ਨੌਂ ਖਜ਼ਾਨੇ ਸਾਂਭੇ ਹੋਏ ਹਨ।

## 2.7.7.8 ਭਗਤ ਸਧਨਾ ਜੀ

ਆਪ ਪੇਸ਼ੇ ਤੋਂ ਕਸਾਈ ਸਨ ਪਰੰਤੂ ਭਗਤੀ ਪਰੰਪਰਾ ਦਾ ਅੰਗ ਬਣ ਕੇ ਆਪ ਪ੍ਰਭੂ ਨੂੰ ਸਮਰਪਿਤ ਹੋ ਗਏ ਸਨ। ਗੁਰੂ ਗ੍ਰੰਥ ਸਾਹਿਬ ਦੇ ਬਿਲਾਵਲ ਰਾਗ ਵਿਚ ਆਪ ਦਾ ਇਕ ਸ਼ਬਦ ਸੰਕਲਿਤ ਹੈ, ਜਿਸ ਵਿਚ ਆਪ ਨੇ ਪ੍ਰਭੂ ਦੇ ਸਨਮੁਖ ਕੀਤੀ ਅਰਦਾਸ ਦੀ ਮਹਿਮਾ ਨੂੰ ਬਿਆਨ ਕੀਤਾ ਹੈ। ਦੇਖੋ:

ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ।।
ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ।।੧।।

(ਪੰਨਾ ੮੪੮)

**2.7.7.9** ਇਨ੍ਹਾਂ ਭਗਤਾਂ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਜੈਦੇਵ ਜੀ (ਦੋ ਸ਼ਬਦ) ਭਗਤ ਰਾਮਾਨੰਦ ਜੀ ਅਤੇ ਭਗਤ ਸੂਰਦਾਸ ਜੀ ਦਾ ਵੀ ਇੱਕ-ਇੱਕ ਸ਼ਬਦ ਆਇਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ।। ਭੱਟਾਂ ਦੇ 123 ਸਵਈਏ ਆਏ ਹਨ। ਇਨ੍ਹਾਂ ਸਵੱਈਆਂ ਵਿਚ ਵੱਖ-ਵੱਖ ਗੁਰੂ ਸਾਹਿਬਾਨ ਦਾ ਜੱਸ ਗਾਇਆ ਗਿਆ ਹੈ। ਇਕ ਉਦਾਹਰਣ ਦੇਖੋ:

ਇਕ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ।।
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ।।

### 2.7.8.1 ਗੁਰੂ-ਘਰ ਦੇ ਨਿਕਟਵਰਤੀ : ਬਾਬਾ ਸੁੰਦਰ

ਬਾਬਾ ਸੁੰਦਰ ਜੀ ਗੁਰੂ ਅਮਰਦਾਸ ਦੇ ਪੜ ਪੋਤਰੇ ਅਤੇ ਬਾਬਾ ਮੋਹਰੀ ਜੀ ਦੇ ਪੋਤਰੇ ਸਨ। ਆਪ ਦੀ ਇਕ ਬਾਣੀ 'ਸਦੁ' ਰਾਗ ਰਾਮਕਲੀ ਵਿਚ ਅੰਕਿਤ ਹੈ। ਇਸ ਬਾਣੀ ਦੇ ਛੇ ਪਦੇ ਹਨ ਅਤੇ 'ਸ਼ਬਦਾਰਥਕਾਰ' ਦੇ ਅਨੁਸਾਰ ਇਸ ਰਚਨਾ ਵਿਚ ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਉਣ ਦਾ ਵਰਣਨ ਹੈ। ਇਸ ਬਾਣੀ ਵਿਚ ਬਾਬਾ ਜੀ ਸਤਿਗੁਰੂ ਦਾ ਭਾਣਾ ਮੰਨਣ, ਕੀਰਤਨ ਕਰਨ ਅਤੇ ਕਰਮ-ਕਾਂਡਾਂ ਦੀ ਨਿਸਫ਼ਲਤਾ ਦਾ ਉਪਦੇਸ਼ ਦਿੰਦੇ ਹਨ।ਦੇਖੋ:

(i) ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ।।
ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ।।

(ii) ਅੰਤੇ ਸਤਿਗੁਰੁ ਬੋਲਿਆ ਮੈਂ ਪਿਛੇ ਕੀਰਤਨ ਕਰਿਅਹੁ ਨਿਰਬਾਣੁ ਜੀਉ।।
ਕੇਸੋ ਗੋਪਾਲ ਪੰਡਿਤ ਸਦਿਅਹੁ ਹਰ ਹਰਿ ਕਥਾ ਪੜਹਿ ਪੁਰਾਣੁ ਜੀਉ।।

### 2.7.8.2 ਰਾਇ ਬਲਵੰਡ ਤਥਾ ਸਤੈ ਡੂਮਿ ਕੀ ਵਾਰ

ਰਾਇ ਬਲਵੰਡ ਅਤੇ ਰਾਇ ਸਤਾ ਗੁਰੂ ਘਰ ਦੇ ਢਾਡੀ ਸਨ।ਇਸ ਵਾਰ ਵਿਚ ਉਨ੍ਹਾਂ ਨੇ ਗੁਰੂ ਘਰ ਦੀ ਸਿਫ਼ਤ-ਸਲਾਹ ਕੀਤੀ ਹੈ। ਇਸ ਵਾਰ ਦੀਆਂ ਕੁਲ 8 ਪਉੜੀਆਂ ਹਨ, ਜਿਨ੍ਹਾਂ ਵਿਚੋਂ 5 ਪਉੜੀਆਂ ਵਿਚ ਗੁਰੂ ਅੰਗਦ ਦੇਵ ਜੀ ਦਾ ਜਸ-ਗਾਇਨ ਕੀਤਾ ਗਿਆ ਹੈ।ਉਪਰੰਤ ਇੱਕ-ਇੱਕ ਪਉੜੀ ਵਿਚ ਕ੍ਰਮਵਾਰ ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦੀ ਸਿਫ਼ਤ-ਸ਼ਲਾਘਾ ਕੀਤੀ ਗਈ ਹੈ। ਗੁਰੂ ਰਾਮਦਾਸ ਜੀ ਨਾਲ ਸੰਬੰਧਿਤ ਪਉੜੀ, ਸਿਖ-ਮਰਯਾਦਾ ਦਾ ਇਕ ਅਭਿੰਨ ਅੰਗ ਬਣੀ ਹੋਈ ਹੈ। ਦੇਖੋ:

ਧੰਨੁ ਧੰਨੁ ਰਾਮਦਾਸ ਗੁਰੂ ਜਿਨਿ ਸਿਰਿਆ ਤਿਨੈ ਸਵਾਰਿਆ।।
ਪੂਰੀ ਹੋਈ ਕਰਾਮਾਤਿ ਆਪਿ ਸਿਰਜਣ ਹਾਰੈ ਧਾਰਿਆ।।
ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ।।
ਅਟਲੁ ਆਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ।।

(ਸੱਤਵੀਂ ਪਉੜੀ)

### 2.7.8.3 ਭਾਈ ਮਰਦਾਨਾ

ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦਾ ਅਤਿਅੰਤ ਨਿਕਟਵਰਤੀ, ਸਾਥੀ ਅਤੇ ਰਬਾਬੀ ਸੀ। ਉਹ ਗੁਰੂ ਜੀ ਦੀਆਂ ਉਦਾਸੀਆਂ ਸਮੇਂ ਉਨ੍ਹਾਂ ਦੇ ਨਾਲ ਰਿਹਾ। 'ਬਿਹਾਗੜੇ ਕੀ ਵਾਰ ਮਹਲਾ ਚੌਥਾ' ਵਿਚ ਆਪ ਦੇ ਤਿੰਨ ਸਲੋਕ ਦਰਜ ਹਨ।ਪਹਿਲੇ ਸਲੋਕ ਵਿਚ ਆਪ ਕਲਿਯੁਗ ਦੇ ਸੁਭਾਉ ਨੂੰ ਬਿਆਨ ਕਰਦੇ ਹਨ।ਆਪ ਅਨੁਸਾਰ ਇਸ ਯੁਗ ਦੇ ਲੋਕ ਵਿਕਾਰਾਂ ਵਿਚ ਗ੍ਰਸਤ ਰਹਿੰਦੇ ਹਨ। ਦੂਜੇ ਅਤੇ ਤੀਜੇ ਸਲੋਕ ਵਿਚ ਸਤਿ ਅਤੇ ਸਤਿਸੰਗਤ ਦੇਮਹੱਤਵ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ। ਦੇਖੋ:

ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ।।
ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ
ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ।।

(ਪੰਨਾ ੫੫੩)

### 2.7.8.4 ਬਾਬਾ ਸ੍ਰੀ ਚੰਦ

ਮੱਧਕਾਲ ਵਿਚ ਬਹੁਤ ਸਾਰੇ ਹਰ ਅਜਿਹੇ ਭਗਤ ਕਵੀ ਵੀ ਹੋਏ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਾ ਹੋ ਸਕੀ। ਇਨ੍ਹਾਂ ਵਿਚੋਂ ਇਕ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਸਨ।ਆਪ ਉਦਾਸੀ (ਨ) ਸੰਪਰਦਾਇ ਦੇ ਮੋਢੀ ਅਤੇ ਮਹਾਨ ਭਗਤ ਸਨ।ਆਪ ਨੇ ਬਹੁਤ ਸਾਰੀ ਬਾਣੀ-ਰਚਨਾ ਕੀਤੀ ਹੈ। ਇਕ ਨਮੂਨਾ ਦੇਖੋ:

ਜਟਾ ਜੂਟ ਮੁਕਟ ਸਿਰ ਹੋਇ।।

ਮੁਕਤਾ ਫਿਰੈ ਬੰਧਨ ਨਹੀਂ ਕੋਇ।।

ਨਾਨਕ ਪੂਤਾ ਸ੍ਰੀ ਚੰਦ ਬੋਲੈ।।

ਜੁਗਤ ਗਿਆਨ ਤਤ ਬਿਰੋਲੈ।।

### 2.7.8.4 ਸੁਥਰਾ

ਮੌਲਾ ਬਖ਼ਸ਼ ਕੁਸ਼ਤਾ ਅਨੁਸਾਰ ਆਪ ਦਾ ਜਨਮ 1615 ਈ. ਵਿਚ ਹੋਇਆ ਅਤੇ ਆਪ ਗੁਰੂ ਗੋਬਿੰਦ ਸਿੰਘ ਦੇ ਸਮੇਂ ਤਕ ਜੀਵਿਤ ਰਹੇ। ਆਪ ਇਕ ਵੱਡੇ ਭਗਤ ਅਤੇ ਵਿਅੰਗ-ਵਿਧਾ ਦੇ ਕਵੀ ਸਨ। ਦੇਖੋ:

ਧੀਆਂ ਧਾੜ ਤੇ ਪੁੱਤਰ ਫਾਹ ਰੰਨ ਦੁਖਾਂ ਦਾ ਖੂਹ।

ਇਸ ਘਾਣੀ ਵਿਚੋਂ ਸੁਥਰਿਆ ਕੋਈ ਹਰਿ ਜਨ ਕਢੇ ਧੂਹ।

### 2.7.8.5 ਸੋਢੀ ਮਿਹਰਵਾਨ

ਆਪ ਗੁਰੂ ਰਾਮਦਾਸ ਜੀ ਦੇ ਪੋਤਰੇ ਅਤੇ ਬਾਬਾ ਪ੍ਰਿਥੀ ਚੰਦ ਦੇ ਪੁੱਤਰ ਸਨ। ਆਪਨੇ 'ਮਹਲਾ ਸੱਤਵਾਂ' ਦੇ ਨਾਮ ਹੇਠ ਬਾਣੀ-ਰਚਨਾ ਕੀਤੀ। ਵਾਰ ਪੀਰਾਂ ਕੀ, ਸੁਖਮਨੀ ਸਹੰਸਰਨਾਮਾ ਅਤੇ ਰਾਮਕਲੀ ਓਅੰਕਾਰ ਆਪ ਦੀਆਂ ਕੁਝ ਪ੍ਰਸਿੱਧ ਰਚਨਾਵਾਂ ਹਨ।ਇਕ ਨਮੂਨਾ ਦੇਖੋ:

ਸਿਰਜਨਹਾਰ ਨੇ ਕੀਤੇ ਭੇਖ।।

ਭੇਖ ਭੇਖ ਮਹਿ ਰਹੈ ਅਲੇਖ।।

ਏਕੋ ਨਾਮ ਜਪਹੁ ਮਨਿ ਮਾਲਾ।।

ਨਾਨਕ ਸਿਮਰਹੁ ਗੁਰ ਗੋਪਾਲਾ।।

### 2.7.8.6 ਸੋਢੀ ਹਰਿ ਜੀ

ਆਪ ਸੋਢੀ ਮਿਹਰਵਾਨ ਦੇ ਪੁੱਤਰ ਸਨ।ਆਪ ਨੇ 'ਮਹਲਾ ਅੱਠਵਾਂ' ਸਿਰਲੇਖ ਅਧੀਨ ਬਾਣੀ ਦੀ ਰਚਨਾ ਕੀਤੀ। ਆਪ ਨੇ ਵਾਰਤਕ ਦੇ ਵੀ ਬਹੁਤ ਸਾਰੇ ਗ੍ਰੰਥ ਲਿਖੇ ਹਨ।

### 2.7.8.7 ਛੱਜੂ ਭਗਤ

ਆਪ ਲਾਹੌਰ ਦੇ ਪ੍ਰਸਿੱਧ ਭਗਤ ਹੋਏ ਹਨ। ਆਪ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਸਨ। ਆਪ ਦੇ ਦੋ ਗ੍ਰੰਥ 'ਵਿਸ਼ਿਸ਼ਟ ਸਾਰ' ਅਤੇ 'ਪਦ ਸੰਗ੍ਰਹਿ' ਪ੍ਰਾਪਤ ਹੁੰਦੇ ਹਨ। ਸਿੱਖ ਇਤਿਹਾਸਕਾਰਾਂ ਅਨੁਸਾਰ ਆਪ ਦੀ ਕਵਿਤਾ ਵਿਚ ਇਸਤ੍ਰੀ-ਨਿੰਦਾ ਹੋਣ ਦੇ ਕਾਰਨ ਇਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨਾ ਕੀਤਾ ਗਿਆ।

### 2.7.8.8 ਬਾਬਾ ਜਲ੍ਹਣ

ਆਪ ਸਿੱਧੇ-ਸਾਦੇ ਜੀਵਨ ਵਾਲੇ ਭਗਤ ਕਵੀ ਸਨ। ਆਪ ਦੀ ਕਵਿਤਾ ਵਿਚ ਵਿਅੰਗ ਪ੍ਰਧਾਨ ਹੈ। ਇਕ

ਨਮੂਨਾ ਦੇਖੋ:

ਪਾਂਧਿਆਂ ਦੇ ਘਰ ਪਿਟੀਐ ਵੈਦਾਂ ਪੁਤ ਮਰਨ।
ਚਲੂ ਜਲੂਣ ਘਰ ਆਪਣੇ ਸਾਹਾ ਦੇਹ ਨਿਸੰਗ।

### 2.7.8.9 ਬਾਬਾ ਵਜੀਦ

ਆਪ ਨੂੰ ਸਮਾਜ ਵਿਚਲੀ ਕਾਣੀ ਵੰਡ ਦਾ ਬੜਾ ਤੀਖਣ ਅਹਿਸਾਸ ਸੀ ਅਤੇ ਇਸ ਅਹਿਸਾਸ ਨੂੰ ਆਪ ਨੇ ਆਪਣੀਆਂ ਰਚਨਾਵਾਂ ਵਿਚ ਪੇਸ਼ ਕੀਤਾ ਹੈ। ਦੇਖੋ:

ਚੋਰ ਜੁ ਕਰਦੇ ਚੋਰੀ ਲਿਆਵਣ ਲੁੱਟ ਘਰ।
ਖਾਂਦੇ ਦੁਧ ਮਲਾਈ ਮਲੀਦੇ ਕੁੱਟ ਕਰ।
ਰਹਿੰਦੇ ਤੇਰੀ ਆਸ ਸੋ ਜਾਂਦੇ ਭੁਖ ਮਾਰ।
ਵਜੀਦਾ ਕੌਣ ਸਾਹਿਬ ਨੂੰ ਆਖੇ, ਐਉਂ ਨਹੀਂ ਅੰਞ ਕਰ।

### 2.7.8.10 ਕੁਝ ਹੋਰ ਕਵੀ

ਇਸ ਕਾਲ ਵਿਚ ਹੋਰ ਵੀ ਬਹੁਤ ਭਗਤ ਕਵੀ ਹੋਏ, ਜਿਨ੍ਹਾਂ ਨੇ ਪੰਜਾਬੀ ਦੇ ਭਗਤੀ ਕਾਵਿ ਵਿਚ ਮਹੱਤਵਪੂਰਨ ਵਾਧਾ ਕੀਤਾ। ਇਨ੍ਹਾਂ ਕਵੀਆਂ ਵਿਚ ਵਲੀ ਰਾਮ (ਕਾਫ਼ੀਆਂ, ਕਬਿੱਤ ਅਤੇ ਝੂਲਣੇ), ਭਗਤ ਕਾਹਨਾ (ਕਾਫ਼ੀਆਂ), ਖੁਸ਼ਹਾਲ ਚੰਦ (ਬਿਸ਼ਨਪਦੇ ਅਤੇ ਵਾਰਾਂ), ਅੱਡਣ ਸ਼ਾਹ (ਬਚਨ), ਦਰਸ਼ਨ ਭਗਤ (ਝੂਲਣੇ, ਮਾਝਾਂ, ਬੇਨਤੀਆਂ), ਸੇਵਾ ਦਾਸ (ਆਸਾਵਰੀਆਂ) ਅਤੇ ਕਵੀ ਚੂਹੜ (ਆਸਾਵਰੀਆਂ) ਆਦਿ ਦੇ ਨਾਮ ਉੱਲੇਖਯੋਗ ਹਨ।

### 2.7.9.1 ਸਾਰਾਂਸ਼

ਮੱਧਕਾਲ ਵਿਚ ਭਗਤੀ ਕਾਵਿ ਪਰੰਪਰਾ ਨੇ ਪੰਜਾਬੀ ਸਾਹਿੱਤ ਨੂੰ ਭਰਪੂਰ ਅਤੇ ਅਮੀਰ ਬਣਾਉਣ ਵਿਚ ਵੱਡਮੁੱਲਾ ਯੋਗਦਾਨ ਪਾਇਆ। ਭਗਤ ਨਾਮਦੇਵ,ਭਗਤ ਕਬੀਰ, ਭਗਤ ਰਵਿਦਾਸ ਅਤੇ ਕੁਝ ਹੋਰ ਭਗਤ ਕਵੀ ਗੁਰਮਤਿ ਕਾਵਿ ਦਾ ਅਨਿੱਖੜ ਅੰਗ ਬਣ ਗਏ ਕਿਉਂਕਿ ਉਨ੍ਹਾਂ ਦੀ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਨੇ 'ਆਦਿ ਗ੍ਰੰਥ' ਵਿਚ ਸੰਕਲਿਤ ਕਰ ਦਿੱਤਾ ਸੀ।ਪਰੰਤੂ ਇਨ੍ਹਾਂ ਕਵੀਆਂ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਅਜਿਹੇ ਭਗਤ ਕਵੀ ਹੋਏ ਹਨ, ਜੋ ਇਸ ਕਾਲ ਵਿਚ ਬਹੁਤ ਲੋਕਪ੍ਰਿਅ ਰਹੇ। ਅਜੇ ਵੀ ਅਨੇਕ ਭਗਤ ਕਵੀਆਂ ਦੇ ਕਲਮੀ-ਨੁਸਖ਼ੇ ਖਾਲਸਾ ਕਾਲਜ ਅੰਮ੍ਰਿਤਸਰ, ਸੈਂਟਰਲ ਪਬਲਿਕ ਲਾਇਬਰੇਰੀ ਪਟਿਆਲਾ,ਭਾਸ਼ਾ ਵਿਭਾਗ ਪੰਜਾਬ, ਪੰਜਾਬ ਯੂਨੀਵਰਸਿਟੀ ਲਾਹੌਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਲਾਇਬਰੇਰੀਆਂ ਵਿਚ ਸਾਂਭੇ ਹੋਏ ਹਨ। ਪ੍ਰੋ. ਪ੍ਰੀਤਮ ਸਿੰਘ ਪਟਿਆਲਾ ਪਾਸ ਵੀ ਅਜਿਹੇ ਕਲਮੀ ਨੁਸਖ਼ਿਆਂ ਦਾ ਇਕ ਬਹੁਤ ਵੱਡਾ ਭੰਡਾਰ ਸੀ। ਜਿਹੜਾ ਉਨ੍ਹਾਂ ਦੇ ਅਕਾਲ ਚਲਾਣੇ ਉਪਰੰਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਪਹੁੰਚਾ ਦਿੱਤਾ ਗਿਆ ਹੈ।ਲੋੜ ਹੈ ਕਿ ਇਸ ਬਹੁਮੁੱਲੇ ਖ਼ਜ਼ਾਨੇ ਦਾ ਸੰਪਾਦਨ ਕਰਕੇ ਇਸ ਨੂੰ ਪ੍ਰਕਾਸ਼ਿਤ ਕੀਤਾ ਜਾਵੇ ਤਾਂ ਜੋ ਮੱਧਕਾਲੀਨ ਪੰਜਾਬੀ ਸਾਹਿੱਤ ਨਾਲ ਸੰਬੰਧਿਤ ਸਾਰੇ ਸ੍ਰੋਤ ਸੂਝਵਾਨ ਪਾਠਕਾਂ ਅਤੇ ਵਿਦਵਾਨਾਂ ਲਈ ਸੁਲੱਭ ਹੋ ਸਕਣ।

## ਪ੍ਰਸ਼ਨ : ਉਪਰੋਕਤ ਪਾਠ ਵਿਚ ਦਿੱਤੀ ਗਈ ਸਮੱਗਰੀ ਨੂੰ ਪੜ੍ਹ ਕੇ ਪੁਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ।

1. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਭਗਤਾਂ ਦੀ ਬਾਣੀ ਦੇ ਪ੍ਰਮੁੱਖ ਸਰੋਕਾਰਾਂ ਉਪਰ ਇਕ

ਵਿਸ਼ਲੇਸ਼ਣਾਤਮਕ ਨੋਟ ਲਿਖੋ।

2. ਭਗਤ ਬਾਣੀ ਦੇ ਕਲਾ ਪੱਖ ਬਾਰੇ ਇਕ ਲੇਖ ਲਿਖੋ।

3. ਭਗਤ ਬਾਣੀ ਦੀ ਗੁਰਮਤਿ ਕਾਵਿ ਨਾਲ ਸਾਂਝ ਦਾ ਵਿਸ਼ਲੇਸ਼ਣ ਕਰੋ।

## ਸਹਾਇਕ ਪੁਸਤਕਾਵਲੀ


1. *ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿਤ ਦਾ ਇਤਿਹਾਸ* (ਪਹਿਲਾ ਅਤੇ ਦੂਜਾ ਭਾਗ) ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
2. *ਪੰਜਾਬੀ ਸਾਹਿੱਤ ਦਾ ਇਤਿਹਾਸ* (ਭਾਗ ਪਹਿਲਾ, 1850 ਈ. ਤਕ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.
3. ਪ੍ਰੋ. ਬ੍ਰਹਮਜਗਦੀਸ਼ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ: ਬਾਣੀ ਅਤੇ ਬਾਣੀਕਾਰ,* ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2008.
4. ਡਾ. ਮੋਹਣ ਸਿੰਘ ਦੀਵਾਨਾ, *ਹਿਸਟਰੀ ਆਫ਼ ਪੰਜਾਬੀ ਲਿਟਰੇਚਰ,* ਜਲੰਧਰ, 1971.
5. Hans, S.S., *Historical Analysis of Sikh Literature,* G.N.D.U. Amritsar, 1980.

ਪਾਠ ਨੰ. 2.8

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ, ਸਭਿਆਚਾਰਕ ਅਤੇ ਇਤਿਹਾਸਕ ਪਰਿਪੇਖ

## ਪਾਠ ਦਾ ਮੰਤਵ

**ਸ੍ਰੀ ਗੁਰੂ ਗ੍ਰੰਥ ਸਾਹਿਬ** ਸਿੱਖ ਗੁਰੂਆਂ ਦੀ ਵਿਸ਼ਵ ਅਧਿਆਤਮਕ ਸਾਹਿਤ ਨੂੰ ਹੀ ਉੱਤਮ ਦੇਣ ਨਹੀਂ ਸਗੋਂ ਸਾਹਿਤਕ ਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਵੀ ਇਹ ਇਕ ਮਹਾਨ ਸੰਕਲਨ ਹੈ। ਧਾਰਮਕ ਖੇਤਰ ਵਿਚ ਇਸ ਨੂੰ ਗੁਰੂ-ਪਦਵੀ ਪ੍ਰਾਪਤ ਹੈ ਅਤੇ ਸਾਹਿਤਕ ਖੇਤਰ ਵਿਚ ਅਨੇਕ ਭਾਸ਼ਾਵਾਂ ਦੇ ਸੋਮੇ ਇਸੇ ਮਾਨਸਰੋਵਰ ਵਿਚ ਹਨ। ਪੰਜਾਬੀ ਭਾਸ਼ਾ ਦਾ ਤਾਂ ਇਹ ਅਸਲੋਂ ਉਦਗਮ ਸਰੋਤ ਹੈ। ਇਸ ਦੀ ਸਮੁੱਚੀ ਬਾਣੀ ਦੀ ਨੁਹਾਰ ਹੀ ਉਦਾਰ ਨਹੀਂ ਸਗੋਂ ਵੱਖ-ਵੱਖ ਇਲਾਕਿਆਂ ਅਤੇ ਸਾਧਨਾਤਮਕ ਪਰੰਪਰਾਵਾਂ ਨਾਲ ਸੰਬੰਧਤ ਰਚੈਤਿਆਂ ਦੀਆਂ ਬਾਣੀਆਂ ਸ਼ਾਮਲ ਕਰਕੇ ਇਸ ਗ੍ਰੰਥ ਨੂੰ ਧਾਰਮਕ ਸੰਪਰਦਾਇਕ ਸੰਕੀਰਨਤਾ ਤੋਂ ਦੂਰ ਰੱਖਿਆ ਗਿਆ ਹੈ। ਉਸ ਯੁੱਗ ਵਿਚ ਮਜ਼੍ਹਬੀ ਤੰਗ-ਨਜ਼ਰੀਏ ਨੂੰ ਦੂਰ ਕਰਨ ਦੀ ਦਿਸ਼ਾ ਵਿਚ ਪੁੱਟਿਆ ਗਿਆ ਇਹ ਅਮਰ ਅਤੇ ਅਭੁੱਲ ਕਦਮ ਹੈ। ਇਸ ਦੀ ਸਾਹਿਤਕ ਵਿਸ਼ੇਸ਼ਤਾ ਦਾ ਵਿਸ਼ਲੇਸ਼ਣ ਕਰਨਾ ਬੜਾ ਰੌਚਿਕ ਅਤੇ ਮਹੱਤਵਪੂਰਨ ਵਿਸ਼ਾ ਹੈ। ਇਸ ਪਾਠ ਵਿਚ ਇਸ ਦੇ ਸਾਹਿਤਕ, ਸਭਿਆਚਾਰਕ ਤੇ ਇਤਿਹਾਸਕ ਪੱਖਾਂ ਬਾਰੇ ਵਿਚਾਰ ਕੀਤਾ ਗਿਆ ਹੈ।

## ਪਾਠ ਦੀ ਰੂਪ-ਰੇਖਾ

ਇਤਿਹਾਸਕ ਪਰਿਪੇਖ-ਸੰਪਾਦਨ ਅਤੇ ਸਾਹਿਤਕ ਕਲਾ : ਬਾਣੀਆਂ ਤੇ ਰਾਗਾਂ ਦੀ ਤਰਤੀਬ-ਛੰਦ, ਅਲੰਕਾਰ ਤੇ ਪ੍ਰਤੀਕ ਯੋਜਨਾ, ਭਾਸ਼ਾ, ਸਮਾਜਕ ਤੇ ਸਭਿਆਚਾਰਕ ਮਹਾਨਤਾ - ਸਾਰਾਂਸ।

## ਇਤਿਹਾਸਕ ਪਰਿਪੇਖ

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਪੰਜਵੇਂ ਸਤਿਗੁਰੂ ਸ੍ਰੀ ਅਰਜਨ ਦੇਵ ਜੀ ਨੇ 1604 ਈ. ਵਿਚ ਕੀਤਾ ਸੀ। ਉਨ੍ਹਾਂ ਦੇ ਗੁਰਿਆਈ ਕਾਲ ਵਿਚ ਸਿੱਖ ਵਿਰੋਧੀ ਸ਼ਕਤੀਆਂ ਨੇ ਸਿਰ ਚੁੱਕਣਾ ਸ਼ੁਰੂ ਕਰ ਦਿੱਤਾ ਸੀ। ਜਦੋਂ ਗੁਰੂ ਰਾਮ ਦਾਸ ਜੀ ਨੇ ਆਪਣੇ ਵੱਡੇ ਪੁੱਤਰ ਬਾਬਾ ਪ੍ਰਿਥੀ ਚੰਦ ਨੂੰ ਛੱਡ ਕੇ ਗੁਰਗੱਦੀ ਸਭ ਤੋਂ ਛੋਟੇ ਸਪੁੱਤਰ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਦਿੱਤੀ ਤਾਂ ਪ੍ਰਿਥੀ ਚੰਦ ਗੁਰੂ-ਘਰ ਦਾ ਪੱਕਾ ਵਿਰੋਧੀ ਬਣ ਗਿਆ। ਪ੍ਰਿਥੀ ਚੰਦ ਦਾ ਪੁੱਤਰ ਸੋਢੀ ਮੇਹਰਵਾਨ ਇਕ ਚੰਗਾ ਕਵੀ ਅਤੇ ਲਿਖਾਰੀ ਸੀ। ਉਸਨੇ ਦੇਖਿਆ ਕਿ ਗੁਰੂ-ਘਰ ਵਿਚ ਕਿਸੇ ਵਿਅਕਤੀ ਵਿਸ਼ੇਸ਼ ਨਾਲੋਂ ਬਾਣੀ ਦਾ ਮਾਨ-ਸਨਮਾਨ ਵਧੇਰੇ ਹੈ ਤਾਂ ਉਸਨੇ ਆਪਣੀਆਂ ਰਚਨਾਵਾਂ ਵਿਚ 'ਨਾਨਕ' ਪਦ ਦਾ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ। ਉਸ ਸਮੇਂ ਆਮ ਆਦਮੀ ਨੂੰ ਪ੍ਰਮਾਣਿਕ (ਸੱਚੀ ਬਾਣੀ) ਅਤੇ ਅਪ੍ਰਮਾਣਿਕ (ਕੱਚੀ ਬਾਣੀ) ਦੇ ਦਰਮਿਆਨ ਨਿਖੇੜਾ ਕਰਨਾ ਔਖਾ ਸੀ। ਇਸ ਲਈ ਕੁਝ ਸ਼ਰਧਾਲੂ ਸਿੱਖਾਂ ਨੇ ਗੁਰੂ ਜੀ ਦੇ ਸਨਮੁਖ ਬੇਨਤੀ ਕੀਤੀ ਕਿ ਇਸ ਸਮੱਸਿਆ ਦੇ ਨਿਵਾਰਨ ਦੀ ਕੋਈ ਵਿਧੀ ਸਮਝਾਉ :

> ਏਥੇ ਕਿਸੇ ਸਿਖ ਸ਼ਬਦ 'ਮਿਹਰਵਾਨ' ਦਾ ਪੜ੍ਹਿਆ।
> ਉਹ ਸ਼ਬਦ ਅਵਾਜ਼ ਕੰਨ ਗੁਰੂ ਅਰਜਨ ਮੇਂ ਪੜਿਆ।
> ਬਚਨ ਕੀਤਾ : ਭਾਈ ਗੁਰਦਾਸ ! ਗੁਰੂ ਦੀ ਬਾਣੀ ਜੁਦਾ ਕਰੀਏ।
> 'ਮੀਣੇ' ਪਾਣ ਲਗੇ ਹੀ ਰਲਾ ਸੋ ਨਿਆਰੀ ਕਰ ਧਰੀਏ।

ਸੋ ਸਾਹਿਬ ਅਗੇ ਹੀ ਬਾਣੀ ਉਚਾਰ ਕਰਤ ਸੇ ਭਏ।

ਸੋ ਭਾਈ ਗੁਰਦਾਸ ਸਭ ਇਕਤਰ ਕਰ ਲਏ।

**(ਭਾਈ ਕੇਸਰ ਸਿੰਘ ਛਿੱਬਰ, ਬੰਸਾਵਲੀ ਨਾਮਾ)**

ਇਸੇ ਤਰ੍ਹਾਂ ਦਾ ਇਕ ਹਵਾਲਾ ਭਾਈ ਸੰਤੋਖ ਸਿੰਘ *(ਸੂਰਜ ਪ੍ਰਕਾਸ਼)* ਨੇ ਵੀ ਦਿੱਤਾ ਹੈ। ਉਨ੍ਹਾਂ ਅਨੁਸਾਰ ਪ੍ਰਿਥੀ ਚੰਦ ਅਤੇ ਸੋਢੀ ਮੇਹਰਵਾਨ ਵਰਗੇ ਮਨਮੁਖ ਵਿਅਕਤੀ ਗੁਰਬਾਣੀ ਦੀ ਸ਼ੈਲੀ ਵਿਚ 'ਕੱਚੀ ਬਾਣੀ' ਦੀ ਰਚਨਾ ਕਰ ਰਹੇ ਸਨ। ਜਦੋਂ ਗੁਰੂ ਜੀ ਪਾਸ ਇਹੋ ਜਿਹੀਆਂ ਸ਼ਿਕਾਇਤਾਂ ਪੁੱਜੀਆਂ ਤਾਂ ਆਪ ਨੇ 'ਆਦਿ ਗ੍ਰੰਥ' ਦੀ ਸੰਪਾਦਨਾ ਦਾ ਫ਼ੈਸਲਾ ਕਰ ਲਿਆ। ਦੇਖੋ :

ਇਕ ਸਿੱਖ ਬੋਲਯੋ ਜੋਰਿ ਕਰ 'ਗੁਰੂ ਜੀ ਸੁਨਿ ਲੀਜੈ।

ਪ੍ਰਿਥੀਆ ਆਦਿਕ ਅਪਰ ਬਹੁ ਤਿਨ ਕਰਮ ਲਖੀਜੈ।

ਆਪ ਬਨਾਵਤ ਸ਼ਬਦ ਕੋ ਨਿਜ ਬੁਧਿ ਅਨੁਸਾਰੀ।

ਸ੍ਰੀ ਨਾਨਕ ਕੋ ਨਾਮ ਸ਼ੁਭ ਧਰਿ ਦੇਤ ਮਝਾਰੀ।'

ਆਦਿ ਗ੍ਰੰਥ ਵਿਚ ਸੰਕਲਿਤ ਕਰਨ ਲਈ ਪਹਿਲੇ ਚਾਰ ਸਤਿਗੁਰਾਂ ਅਤੇ ਭਗਤ ਜਨਾਂ ਦੀ ਬਾਣੀ ਗੁਰੂ ਅਰਜਨ ਦੇਵ ਜੀ ਪਾਸ ਪਹਿਲਾਂ ਤੋਂ ਹੀ ਮੌਜੂਦ ਸੀ। ਆਪਣੀ ਅਤੇ ਹੋਰ ਭਗਤਾਂ ਦੀ ਬਾਣੀ ਨੂੰ ਪੋਥੀਆਂ ਦੇ ਰੂਪ ਵਿਚ ਸੰਭਾਲਣ ਦੀ ਪਰੰਪਰਾ ਗੁਰੂ ਨਾਨਕ ਦੇਵ ਜੀ ਆਪ ਹੀ ਸ਼ੁਰੂ ਕਰ ਦਿੱਤੀ ਸੀ। ਮੱਕੇ ਦੀ ਉਦਾਸੀ ਸਮੇਂ ਗੁਰੂ ਨਾਨਕ ਦੇਵ ਜੀ ਪਾਸ ਆਪਣੀ ਲਿਖੀ ਹੋਈ ਇਕ ਪੋਥੀ ਵੀ ਮੌਜੂਦ ਸੀ, ਜਿਸਦੀ ਪੁਸ਼ਟੀ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਵੀ ਹੁੰਦੀ ਹੈ :

ਪੁਛਨਿ ਫੋਲਿ ਕਿਤਾਬ ਨੂੰ ਹਿੰਦੂ ਵਡਾ ਕਿ ਮੁਸਲਮਾਨੋਈ।।

ਬਾਬਾ ਆਖੇ ਹਾਜੀਆ ਸ਼ੁਭ ਅਮਲਾ ਬਾਝਹੁ ਦੋਨੋ ਰੋਈ।।

ਅਤੇ

ਬਾਬਾ ਫਿਰਿ ਮਕੇ ਗਇਆ ਨੀਲ ਬਸਤਰ ਧਾਰੇ ਬਨਵਾਰੀ।।

ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾਧਾਰੀ।। (ਪਹਿਲੀ ਵਾਰ)

ਭਾਵੇਂ ਕੁੱਝ ਸਿੱਖ ਇਤਿਹਾਸਕਾਰਾਂ ਅਤੇ ਵਿਦਵਾਨਾਂ (ਭਾਈ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ, ਡਾ. ਗੋਪਾਲ ਸਿੰਘ, ਡਾ. ਰਤਨ ਸਿੰਘ ਜੱਗੀ ਆਦਿ) ਦਾ ਵਿਚਾਰ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਆਪ ਤੋਂ ਪਹਿਲਾਂ ਹੋਏ ਸਤਿਗੁਰਾਂ ਦੀ ਬਾਣੀ ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਨ ਜੀ ਤੋਂ ਹਾਸਲ ਕੀਤੀ ਅਤੇ ਇਸ ਮੰਤਵ ਲਈ ਆਪ ਨੇ ਬਾਬਾ ਮੋਹਨ ਜੀ ਦੀ ਉਸਤਤਿ ਵਿਚ ਇਕ ਸ਼ਬਦ ਦਾ ਉੱਚਾਰਣ ਵੀ ਕੀਤਾ :

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ।।

ਮੋਹਨ ਤੇਰੇ ਸੋਹਨਿ ਦੁਆਰਿ ਜੀਉ ਸੰਤ ਧਰਮਸਾਲਾ।।

................

ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ।।

ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ।। (ਗਉੜੀ ਮ. ਪ, ਛੰਤ)

ਪਰੰਤੂ ਪ੍ਰੋ. ਸਾਹਿਬ ਸਿੰਘ ਨੇ ਆਪਣੀ ਪੁਸਤਕ *'ਆਦਿ ਬੀੜ ਬਾਰੇ'* ਵਿਚ ਡੂੰਘਾ ਵਿਸ਼ਲੇਸ਼ਣ ਕਰਕੇ ਇਹ ਸਿੱਟਾ ਕੱਢਿਆ ਹੈ ਕਿ 'ਆਦਿ-ਗ੍ਰੰਥ' ਵਿਚ ਸ਼ਾਮਲ ਕੀਤੀ ਜਾਣ ਵਾਲੀ ਸਾਰੀ ਬਾਣੀ ਪੰਜਵੇਂ ਗੁਰੂ ਜੀ ਪਾਸ ਪਹਿਲਾਂ ਹੀ ਮੌਜੂਦ ਸੀ ਅਤੇ ਇਸ ਮੰਤਵ ਲਈ ਨਾ ਤਾਂ ਆਪ ਗੋਇੰਦਵਾਲ ਸਾਹਿਬ ਵਿਖੇ ਬਾਬਾ ਮੋਹਨ ਜੀ ਪਾਸ ਗਏ ਅਤੇ

ਨਾ ਉਨ੍ਹਾਂ ਦੂਰ-ਨੇੜੇ ਵੱਸਦੇ ਗੁਰਸਿੱਖਾਂ ਨੂੰ ਹੁਕਮਨਾਮੇ ਭੇਜ ਕੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਮੰਗਵਾਈ ਸੀ।

ਇਸ ਬਾਣੀ ਨੂੰ ਹੋਰ ਸੋਮਿਆਂ ਨਾਲ ਮੇਲ ਕੇ ਪ੍ਰਮਾਣਿਕ/ਅਪ੍ਰਮਾਣਿਕ ਦਾ ਨਿਰਣਾ ਕਰਨ ਤੋਂ ਪਿੱਛੋਂ ਹੀ 'ਆਦਿ ਗ੍ਰੰਥ' ਵਿਚ ਸੰਕਲਿਤ ਕੀਤਾ ਗਿਆ। ਇਸ ਪਵਿੱਤਰ ਗ੍ਰੰਥ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਬਾਣੀ ਤੋਂ ਬਿਨਾਂ ਪੰਦਰਾਂ ਭਗਤਾਂ (ਜੈਦੇਵ, ਸ਼ੇਖ ਫ਼ਰੀਦ, ਨਾਮਦੇਵ, ਤ੍ਰਿਲੋਚਨ, ਪਰਮਾਨੰਦ, ਸਧਨਾ, ਬੇਣੀ, ਰਾਮਾਨੰਦ, ਧੰਨਾ, ਪੀਪਾ, ਸੈਣ, ਕਬੀਰ, ਰਵਿਦਾਸ, ਭੀਖਣ, ਸੂਰ ਦਾਸ), ਬਾਬਾ ਸੁੰਦਰ, ਭਾਈ ਮਰਦਾਨਾ, ਸਤਾ ਬਲਵੰਡ ਅਤੇ ਗਿਆਰਾਂ ਭੱਟ ਕਵੀਆਂ ਦੀ ਬਾਣੀ ਸ਼ਾਮਲ ਹੈ। ਨੌਵੇਂ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਦਮਦਮਾ ਸਾਹਿਬ ਵਾਲੀ ਬੀੜ' ਵਿਚ ਭਾਈ ਮਨੀ ਸਿੰਘ ਦੀ ਕਲਮ ਦੁਆਰਾ ਚੜ੍ਹਾਇਆ ਸੀ। ਇਸੇ ਗ੍ਰੰਥ ਨੂੰ ਗੁਰੂ ਜੀ ਨੇ 1708 ਈ. ਵਿਚ ਜੋਤੀ ਜੋਤਿ ਸਮਾਉਣ ਸਮੇਂ ਗੁਰੂ-ਪਦਵੀ ਦਿੱਤੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 31 ਰਾਗਾਂ ਦੇ ਅਨੁਸਾਰ ਬਾਣੀ ਸੰਕਲਿਤ ਕੀਤੀ ਗਈ ਹੈ। ਇਨ੍ਹਾਂ ਰਾਗਾਂ ਵਿਚ ਬਾਣੀਆਂ ਦੀ ਤਰਤੀਬ ਇਸ ਪ੍ਰਕਾਰ ਹੈ :

1. ਚਉਪਦੇ, ਦੁਪਦੇ, ਤਿਪਦੇ, ਪੰਚਪਦੇ ਜਾਂ ਛਿਪਦੇ-ਘਰ ਅਤੇ ਮਹਲੇ ਅਨੁਸਾਰ।
2. ਅਸ਼ਟਪਦੀਆਂ, ਘਰ ਅਤੇ ਮਹਲੇ ਅਨੁਸਾਰ।
3. ਸੋਹਲੇ, ਘਰ ਅਤੇ ਮਹਲੇ ਅਨੁਸਾਰ।
4. ਗੁਰੂ ਸਾਹਿਬ ਦੀ ਕੋਈ ਵਿਸ਼ੇਸ਼ ਰਚਨਾ, ਘਰ ਅਤੇ ਮਹਲੇ ਅਨੁਸਾਰ।
5. ਛੰਤ, ਘਰ ਅਤੇ ਮਹਲੇ ਅਨੁਸਾਰ।
6. ਵਾਰਾਂ, ਘਰ ਅਤੇ ਮਹਲੇ ਅਨੁਸਾਰ ਅਤੇ ਉਨ੍ਹਾਂ ਤੋਂ ਮਗਰੋਂ ਕੋਈ ਹੋਰ ਵਾਰ।
7. ਭਗਤ ਬਾਣੀ ਪਹਿਲਾਂ ਕਬੀਰ, ਫੇਰ ਨਾਮਦੇਵ....ਇਤਿਆਦਿ।

'ਆਦਿ ਗ੍ਰੰਥ' ਦੇ ਆਰੰਭ ਵਿਚ ਜਪੁਜੀ, ਰਹਿਰਾਸ (ਸੋਦਰੁ) ਅਤੇ ਸੋਹਿਲਾ ਦਿੱਤੇ ਗਏ ਹਨ। ਇਸ ਪਿੱਛੋਂ ਸ੍ਰੀ ਰਾਗ ਤੋਂ ਜੈਜਾਵੰਤੀ ਤਕ 31 ਰਾਗਾਂ ਵਿਚ ਬਾਣੀ ਆਈ ਹੈ। ਜੈਜਾਵੰਤੀ ਰਾਗ ਤੋਂ ਪਿੱਛੋਂ ਸਲੋਕ ਅਤੇ ਸਵੱਈਏ ਸੰਕਲਿਤ ਕੀਤੇ ਗਏ ਹਨ।

## ਸੰਪਾਦਨ ਅਤੇ ਸਾਹਿਤਕ ਕਲਾ

ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਭਾਰਤ ਦੇ ਇਤਿਹਾਸ ਵਿਚ ਹੀ ਨਹੀਂ, ਸਗੋਂ ਵਿਸ਼ਵ ਸਾਹਿਤ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਘਟਨਾ ਹੈ। ਇਸ ਤੋਂ ਪਹਿਲਾਂ ਇਤਨੇ ਵੱਡੇ ਆਕਾਰ ਦੇ ਗ੍ਰੰਥ ਦੇ ਸੰਪਾਦਿਤ ਹੋਣ ਬਾਰੇ ਸਾਰੀਆਂ ਭਾਸ਼ਾਵਾਂ ਦਾ ਸਾਹਿਤਕ ਇਤਿਹਾਸ ਚੁੱਪ ਹੈ। ਧਰਮ ਅਤੇ ਭਾਸ਼ਾ ਨਿਰਲੇਪ ਇਸ ਗ੍ਰੰਥ ਦਾ ਮਹੱਤਵ ਸਾਹਿਤ ਸੰਪਾਦਨ ਦੀ ਕਲਾਤਮਕ ਨਿਪੁੰਨਤਾ ਦਾ ਵੀ ਪਰਿਚਯ ਦਿੰਦਾ ਹੈ। ਗੁਰੂ ਬਾਣੀ ਦੀ ਰਚਨਾ ਪ੍ਰਕਿਰਿਆ ਦਾ ਆਰੰਭ ਗੁਰੂ ਨਾਨਕ ਦੇਵ ਜੀ ਤੋਂ ਹੋ ਚੁੱਕਾ ਸੀ। ਆਸਾ ਰਾਗ ਦੀ 'ਪੱਟੀ ਲਿਖੀ' ਉਕਤੀ ਤੋਂ ਸੰਕੇਤ ਮਿਲਦਾ ਹੈ ਕਿ ਗੁਰੂ ਨਾਨਕ ਜੀ ਆਪਣੀ ਬਾਣੀ ਨਾਲ-ਨਾਲ ਲਿਖਦੇ ਜਾਂਦੇ ਸਨ। ਗੁਰੂ ਅੰਗਦ ਨੂੰ ਗੱਦੀ ਮਿਲਣ ਸਮੇਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਪੋਥੀ ਵੀ ਦਿੱਤੀ ਗਈ ਸੀ। ਇਸ ਤੋਂ ਇਲਾਵਾ *ਪੁਰਾਤਨ ਜਨਮਸਾਖੀ* ਅਨੁਸਾਰ ਗੁਰੂ ਨਾਨਕ ਦੇ ਕਈ ਸਤਿਸੰਗੀ ਲਿਖਾਰੀ ਵੀ ਕੁਝ ਚੋਣਵੀਆਂ ਬਾਣੀਆਂ ਆਪ ਲਿਖ ਲਿਆ ਕਰਦੇ ਸਨ। ਉਨ੍ਹਾਂ ਵਿਚੋਂ ਸੈਦੋ ਘੇਹੋ, ਹਸੂ ਲੋਹਾਰਾ, ਸੀਹਾ ਛੀਂਬਾ, ਝਾੜ ਕਲਾਲ, ਮਨਸੁਖ ਬਾਣੀਆਂ ਆਦਿ ਦੇ ਨਾਂ ਵਿਸ਼ੇਸ਼ ਉਲੇਖਯੋਗ ਹਨ। *'ਗੁਰ ਪ੍ਰਤਾਪ ਸੂਰਜ ਗ੍ਰੰਥ'* (ਰਾਸ 9/ਅੰਸੁ 59) ਅਨੁਸਾਰ ਪਹਿਲੇ ਗੁਰੂ ਦੀ ਬਾਣੀ ਦਾ ਇਕ ਸੰਗ੍ਰਹਿ ਭਾਈ ਮਨਸੁੱਖ ਨੇ ਤਿਆਰ ਕੀਤਾ। *'ਤਵਾਰੀਖ ਗੁਰੂ ਖਾਲਸਾ'* (ਭਾਗ 1 ਨੰਬਰ 2) ਵਿਚ ਬੂਟਾ ਸਿੰਘ ਪੰਸਾਰੀ (ਰਾਵਲਪਿੰਡੀ) ਵਾਲੀ ਇਕ ਪੁਰਾਣੀ ਬੀੜ ਦਾ ਸੰਬੰਧ ਭਾਈ ਬਖਤੇ ਨਾਲ ਜੋੜਦੇ ਹੋਇਆਂ ਗਿਆਨੀ ਗਿਆਨ ਸਿੰਘ ਨੇ ਉਸ ਨੂੰ ਗੁਰੂ ਦੀ ਬਾਣੀ ਇਕੱਠੀ ਕਰਕੇ ਸੰਕਲਿਤ ਕਰਨ ਦੇ ਉਦਮ ਵਿਚ ਲੀਨ ਦੱਸਿਆ। ਇਹ ਬੀੜ ਹੁਣ ਬੂਟਾ ਸਿੰਘ ਪੰਸਾਰੀ ਦੀ ਸੰਤਾਨ ਪਾਸ ਦਿੱਲੀ ਵਿਖੇ ਉਪਲਬੱਧ ਹੈ।

ਗੁਰੂ ਨਾਨਕ ਜੀ ਦੁਆਰਾ ਗੁਰੂ ਅੰਗਦ ਨੂੰ ਪ੍ਰਦਾਨ ਕੀਤਾ ਗਿਆ ਉਨ੍ਹਾਂ ਦਾ ਬਾਣੀ ਸੰਗ੍ਰਹਿ ਹੁਣ ਪ੍ਰਾਪਤ ਨਹੀਂ ਹੈ। ਗੁਰਬਾਣੀ ਦਾ ਦੂਜਾ ਸੰਗ੍ਰਹਿ ਬਾਬਾ ਮੋਹਨ ਵਾਲੀਆਂ ਪੋਥੀਆਂ ਦੇ ਨਾਂ ਨਾਲ ਪ੍ਰਸਿੱਧ ਹੈ ਜੋ ਗੁਰੂ ਅਮਰਦਾਸ ਨੇ ਆਪਣੇ ਪੋਤਰੇ ਸਹੰਸਰਾਮ ਕੋਲੋਂ ਤਿਆਰ ਕਰਵਾਈਆਂ ਸਨ ਜਿਨ੍ਹਾਂ ਵਿਚੋਂ ਇਕ ਪੋਥੀ ਹੁਣ ਪਟਿਆਲੇ ਬਾਬਾ ਭਗਤ ਸਿੰਘ ਪਾਸ ਪਈ ਹੈ ਅਤੇ ਦੂਜੀ ਅਹਿਆਪੁਰ (ਜ਼ਿਲ੍ਹਾ ਹੁਸ਼ਿਆਰਪੁਰ) ਵਿਚ। ਇਸ ਤੋਂ ਉਪਰੰਤ ਇਕ ਹੋਰ ਬਾਣੀ ਸੰਗ੍ਰਹਿ ਤਿਆਰ ਹੋਇਆ ਜੋ ਗੁਰੂ ਹਰਿਸਹਾਇ ਨਾਂ ਦੇ ਪਿੰਡ ਵਿਚ ਸੋਢੀਆਂ ਪਾਸ ਸੁਰੱਖਿਅਤ ਸੀ, ਪਰ ਹੁਣ ਉਹ ਪੋਥੀ ਚੋਰੀ ਹੋ ਚੁੱਕੀ ਹੈ। ਇਸ ਤਰ੍ਹਾਂ ਗੁਰੂ ਅਰਜਨ ਜੀ ਤੋਂ ਪਹਿਲਾਂ ਗੁਰੂ ਸਾਹਿਬ ਦੀ ਬਾਣੀ ਇੱਧਰ-ਉੱਧਰ ਸ਼ਰਧਾਲੂਆਂ ਪਾਸ ਪੋਥੀਆਂ ਦੇ ਰੂਪ ਵਿਚ ਪਈ ਸੀ ਅਤੇ ਉਸ ਦਾ ਕੋਈ ਪ੍ਰਮਾਣਿਕ ਸੰਗ੍ਰਹਿ ਉਪਲਬੱਧ ਨਹੀਂ ਸੀ। ਅਜਿਹੀ ਅਨਿਸ਼ਚਿਤਤਾ ਦੀ ਅਵਸਥਾ ਵਿਚ ਜਦੋਂ ਪ੍ਰਿਥੀਚੰਦ ਨੇ ਗੁਰੂ-ਗੱਦੀ ਦੇ ਮੁਕਾਬਲੇ ਤੇ ਆਪਣੀ ਗੱਦੀ ਕਾਇਮ ਕਰ ਲਈ ਅਤੇ ਉਸ ਦਾ ਪੁੱਤਰ ਮਿਹਰਬਾਨ 'ਨਾਨਕ' ਕਵੀ ਛਾਪ ਦੀ ਵਰਤੋਂ ਕਰਕੇ ਸਾਹਿਤ ਕਵਿਤਾ ਦੀ ਰਚਨਾ ਕਰਨ ਲੱਗ ਪਿਆ, ਤਾਂ ਇਸ ਦਾ ਸਮਾਚਾਰ ਗੁਰੂ ਅਰਜਨ ਨੂੰ ਮਿਲਿਆ। ਉਨ੍ਹਾਂ ਨੇ ਭਾਈ ਗੁਰਦਾਸ ਨੂੰ ਗੁਰਬਾਣੀ ਇਕੱਠੀ ਕਰਨ ਅਤੇ ਸੰਭਾਲਣ ਦਾ ਆਦੇਸ਼ ਦਿੱਤਾ। ਬਾਬਾ ਬੁੱਢਾ ਇਸ ਕੰਮ ਵਿਚ ਉਨ੍ਹਾਂ ਦੇ ਸਹਾਇਕ ਸਨ। ਇਸ ਤਰ੍ਹਾਂ ਇਕੱਠੀ ਹੋਈ ਅਤੇ ਆਪਣੀ ਰਚੀ ਬਾਣੀ ਲਿਖਾਣ ਦਾ ਕਾਰਜ ਪਹਿਲਾਂ ਭਾਈ ਸੰਤ ਦਾਸ, ਭਾਈ ਹਰੀਆ ਜੀ, ਭਾਈ ਸੁਖਾ ਜੀ ਅਤੇ ਭਾਈ ਮਨਸਾ ਰਾਮ ਨੂੰ ਸੌਂਪਿਆ ਗਿਆ। ਕਈ ਵਰ੍ਹਿਆਂ ਦੀ ਘਾਲਣਾ ਤੋਂ ਬਾਅਦ ਜਦ ਸਾਰੀ ਬਾਣੀ ਇਕੱਠੀ ਹੋ ਗਈ ਤਾਂ ਉਸ ਨੂੰ ਸੋਧ ਕੇ ਅਤੇ ਰਾਗਾਂ ਅਨੁਸਾਰ ਤਰਤੀਬ ਦੇ ਕੇ ਅੰਤਿਮ ਰੂਪ ਵਿਚ ਲਿਖਣ ਦਾ ਕੰਮ ਭਾਈ ਗੁਰਦਾਸ ਦੇ ਸਪੁਰਦ ਕੀਤਾ ਗਿਆ। ਇਹ ਕੰਮ ਭਾਈ ਸਾਹਿਬ ਨੇ ਕਰਤਾਰਪੁਰੀ ਬੀੜ ਅਨੁਸਾਰ 1661 ਬਿ. (1604 ਈ.) ਵਿਚ ਸਮਾਪਤ ਕੀਤਾ। ਬਾਬਾ ਬੁੱਢਾ ਜੀ ਨੂੰ ਇਸ ਦਾ ਪਹਿਲਾ ਗ੍ਰੰਥੀ ਥਾਪਿਆ ਗਿਆ। ਗੁਰੂ ਗੋਬਿੰਦ ਸਿੰਘ ਨੇ ਦਮਦਮਾ ਸਾਹਿਬ ਵਿਚ ਬੀੜ ਵਿਚ ਗੁਰੂ ਤੇਗ ਬਹਾਦਰ ਦੀ ਬਾਣੀ ਸ਼ਾਮਲ ਕੀਤੀ। ਇਹ ਬਾਣੀ ਸ਼ਾਮਿਲ ਕਰਨ ਵੇਲੇ ਪੁਰਬਲੀ ਬੀੜ ਦਾ ਸਰੂਪ, ਕ੍ਰਮ ਅਤੇ ਸਮੱਗਰੀ ਇੰਨ ਬਿੰਨ ਰਹਿਣ ਦਿੱਤੀ ਗਈ।

ਇਸ ਗ੍ਰੰਥ ਵਿਚ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਅਤੇ ਗੁਰੂ ਤੇਗ ਬਹਾਦਰ ਤੋਂ ਇਲਾਵਾ ਹੋਰ ਵੀ ਅਨੇਕਾਂ ਸੰਤਾਂ, ਭਗਤਾਂ, ਫ਼ਕੀਰਾਂ ਦੀ ਬਾਣੀ ਸੰਮਿਲਿਤ ਹੈ, ਜਿਵੇਂ ਕਿ ਭਗਤ ਜੈਦੇਵ, ਬਾਬਾ ਫ਼ਰੀਦ, ਤ੍ਰਿਲੋਚਨ, ਨਾਮਦੇਵ, ਪਰਮਾਨੰਦ, ਸਧਨਾ, ਬੇਣੀ, ਜੈਦੇਵ, ਧੰਨਾ, ਪੀਪਾ, ਸੈਣ, ਰਵਿਦਾਸ, ਸੂਰਦਾਸ, ਭੀਖਨ, ਭਾਈ ਮਰਦਾਨਾ, ਬਾਬਾ ਸੁੰਦਰ, ਸੱਤਾ ਡੂੰਮ, ਰਾਇ ਬਲਵੰਤ ਆਦਿ। ਇਨ੍ਹਾਂ ਦੇ ਇਲਾਵਾ ਭੱਟਾਂ ਦੀ ਬਾਣੀ ਵੀ ਇਸ ਗ੍ਰੰਥ ਵਿਚ ਸ਼ਾਮਲ ਕੀਤੀ ਹੈ। ਕੁਝ ਵਿਦਵਾਨ ਇਨ੍ਹਾਂ ਭੱਟਾਂ ਦੀ ਗਿਣਤੀ ਗਿਆਰਾਂ ਮੰਨਦੇ ਹਨ ਅਤੇ ਕੁਝ ਵਿਦਵਾਨ ਸਤ੍ਹਾਰਾਂ।

ਗੁਰੂ ਅਰਜਨ ਦੇਵ ਜੀ ਨੇ ਬੜੀ ਸੁੰਦਰ ਤਰਤੀਬ ਨਾਲ ਸਾਰੀ ਬਾਣੀ ਸੰਕਲਿਤ ਕੀਤੀ ਹੈ। ਇਹ ਸਾਰੀ ਵਿਵਸਥਾ ਉੱਤਮ ਸੰਪਾਦਨ ਕਲਾ ਦਾ ਬੜਾ ਚੰਗਾ ਨਮੂਨਾ ਹੈ। ਇਸ ਗ੍ਰੰਥ ਦੇ ਆਰੰਭ ਵਿਚ ਪਹਿਲਾਂ ਜਪੁਜੀ ਸੰਕਲਿਤ ਹੈ ਅਤੇ ਉਸ ਪਿੱਛੋਂ 9 ਸ਼ਬਦ ਸੋਦਰ ਅਤੇ ਸੋਪੁਰਖ ਦੇ ਹਨ ਅਤੇ ਇਨ੍ਹਾਂ ਸ਼ਬਦਾਂ ਪਿੱਛੋਂ 5 ਹੋਰ ਸ਼ਬਦ ਦਰਜ ਹਨ ਜਿਨ੍ਹਾਂ ਨੂੰ 'ਸੋਹਿਲ' ਕਿਹਾ ਜਾਂਦਾ ਹੈ। ਇਸ ਗ੍ਰੰਥ ਦੇ ਪੰਨਾ 14 ਤੋਂ 1343 ਤੱਕ ਦਰਜ ਸਾਰੀ ਬਾਣੀ 31 ਰਾਗਾਂ ਵਿਚ ਸੰਕਲਿਤ ਹੈ। ਰਾਗਾਂ ਦੀ ਤਰਤੀਬ ਇਸ ਪ੍ਰਕਾਰ ਹੈ - ਸਿਰੀ, ਮਾਝ, ਗਉੜੀ, ਆਸਾ, ਗੁਜਰੀ, ਦੇਵ ਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾਗੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਤ ਨਰਾਇਣ, ਮਾਲੀ, ਗਉੜਾ, ਮਾਰੂ ਤੁਖਾਰੀ, ਕੇਦਾਰ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਕਾਨੜਾ, ਕਲਿਆਣ, ਪ੍ਰਭਾਤੀ ਅਤੇ ਜੈ-ਜੈਵੰਤੀ। ਇਨ੍ਹਾਂ ਰਾਗਾਂ ਤੋਂ ਬਾਅਦ ਸਹਿਸਕਿਤੀ ਸ਼ਲੋਕ, ਗਾਥਾ, ਫੁਨਹੇ, ਚਉਬੋਲੇ, ਸ਼ਲੋਕ ਕਬੀਰ, ਸ਼ਲੋਕ ਫ਼ਰੀਦ, ਸਵੈਏ ਸੀ ਮੁਖਵਾਕ, ਭੱਟਾਂ ਦੇ ਸਵੈਏ, ਸ਼ਲੋਕ ਵਾਰਾਂ ਤੇ ਵਧੀਕ, ਸ਼ਲੋਕ ਮ. ੯ ਮੁਦਾਵਣੀ ਅਤੇ ਰਾਗਮਾਲਾ ਨਾਂ ਦੀਆਂ ਬਾਣੀਆਂ ਦਰਜ ਹਨ।

ਰਾਗਾਂ ਵਿਚ ਦਰਜ ਬਾਣੀ ਦੀ ਆਪਣੀ ਇਕ ਤਰਤੀਬ ਹੈ। ਸਭ ਤੋਂ ਪਹਿਲਾਂ ਚਉਪਦੇ ਹਨ ਅਤੇ ਉਨ੍ਹਾਂ ਦੇ ਅਧੀਨ ਹੀ ਦੁਪਦੇ, ਤਿਪਦੇ, ਪੰਜ ਪਦੇ, ਛਿਪਦੇ ਦਰਜ ਹਨ। ਇਨ੍ਹਾਂ ਪਿੱਛੋਂ ਅਸ਼ਟਪਦੀਆਂ ਅਤੇ ਸੋਹਲਿਆਂ ਦੀ ਵਾਰੀ

ਆਉਂਦੀ ਹੈ। ਫਿਰ ਵਿਸ਼ੇਸ਼ ਨਾਮ ਸੂਚਕ ਬਾਣੀਆਂ, ਛੰਤ ਅਤੇ ਵਾਰਾਂ ਦਾ ਕੰਮ ਹੈ। ਇਸ ਪਿੱਛੋਂ ਸੰਤਾਂ, ਭਗਤਾਂ ਦੀ ਬਾਣੀ ਹੈ। ਭਗਤਾਂ ਦਾ ਭਾਵੇਂ ਕੋਈ ਖਾਸ ਕ੍ਰਮ ਨਹੀਂ ਰੱਖਿਆ ਗਿਆ, ਪਰ ਆਮ ਤੌਰ 'ਤੇ ਕਬੀਰ ਤੋਂ ਸ਼ੁਰੂ ਕੀਤਾ ਜਾਂਦਾ ਹੈ। ਹਰ ਪ੍ਰਕਾਰ ਦੀਆਂ ਬਾਣੀਆਂ ਅਤੇ ਸ਼ਬਦਾਂ ਦੇ ਅੰਤ ਉੱਤੇ ਸਾਧਾਰਨ ਅਤੇ ਜੋੜ ਅੰਕ ਦੋਵੇਂ ਦਿੱਤੇ ਹਨ। ਇਸ ਤਰ੍ਹਾਂ ਨਾਲ ਗਿਣਤੀ ਸਪੱਸ਼ਟ ਹੁੰਦੀ ਜਾਂਦੀ ਹੈ। ਇਹ ਸਾਰੀ ਗੱਲ ਬੜੀ ਵਿਵਸਥਿਤ ਵਿਧੀ ਨਾਲ ਹੋਈ ਹੈ। ਹਰ ਗੁਰੂ ਜਾਂ ਭਗਤ ਦੀ ਬਾਣੀ ਅੰਕਿਤ ਕਰਨ ਤੋਂ ਪਹਿਲਾਂ ਉਸ ਦੇ ਰਚੈਤਾ ਦਾ ਸੰਕੇਤ ਕਰ ਦਿੱਤਾ ਗਿਆ ਹੈ। ਸਿੱਖ ਗੁਰੂਆਂ ਦੀ ਬਾਣੀ ਵਿਚ ਚੂੰਕਿ 'ਨਾਨਕ' ਕਵੀ ਛਾਪ ਵਰਤੀ ਗਈ ਹੈ, ਇਸ ਲਈ ਉਨ੍ਹਾਂ ਦੀ ਬਾਣੀ ਦੇ ਆਰੰਭ ਵਿਚ ਮਹਲਾ ਅੰਕ ਦੇ ਕੇ ਉਚਾਰਨਹਾਰੇ ਨੂੰ ਸਪਸ਼ਟ ਕਰ ਦਿੱਤਾ ਗਿਆ ਹੈ। ਵਾਰਾਂ ਮੂਲ ਰੂਪ ਵਿਚ ਪਉੜੀਆਂ ਵਿਚ ਲਿਖੀਆਂ ਗਈਆਂ ਸਨ; ਪਰ ਗੁਰੂ ਅਰਜਨ ਦੇਵ ਜੀ ਨੇ ਪਉੜੀਆਂ ਦੇ ਵਿਸ਼ੇ ਨਾਲ ਸੰਬੰਧਿਤ ਅਤੇ ਰਹੱਸ ਅਨੁਭੂਤੀ ਦੀ ਸਮਾਜਕ ਮਹੱਤਤਾ ਦਰਸਾਉਣ ਵਾਲੇ ਸ਼ਲੋਕਾਂ ਨੂੰ ਵੀ ਜੜ ਦਿੱਤਾ ਹੈ। ਵਾਰ ਦੇ ਆਰੰਭ ਵਿਚ ਉਸ ਦੇ ਰਚੈਤਾ ਦਾ ਸੰਕੇਤ ਕੀਤਾ ਗਿਆ ਹੈ। ਇਸ ਲਈ ਵਾਰ ਦੀਆਂ ਪਉੜੀਆਂ ਉਸੇ ਰਚੈਤਾ ਗੁਰੂ ਦੀਆਂ ਹਨ, ਪਰ ਜਿਥੇ ਕਿਤੇ ਕੋਈ ਨਵੀਂ ਪਉੜੀ ਗੁਰੂ ਅਰਜਨ ਵੱਲੋਂ ਵਧਾਈ ਹੈ ਉਥੇ ਇਸ ਬਾਰੇ ਸੰਕੇਤ ਦੇ ਦਿੱਤਾ ਗਿਆ ਹੈ। ਸ਼ਲੋਕ ਜ਼ਰੂਰੀ ਨਹੀਂ ਕਿ ਵਾਰ ਦੇ ਰਚੈਤਾ ਗੁਰੂ ਦੇ ਹੀ ਹੋਣ। ਉਹ ਕਿਸੇ ਗੁਰੂ ਦੇ ਹੋ ਸਕਦੇ ਹਨ। ਉਨ੍ਹਾਂ ਤੋਂ ਪਹਿਲਾਂ ਰਚੈਤਾ ਗੁਰੂ ਦਾ ਮਹਲਾ ਅੰਕ ਲਿਖਿਆ ਗਿਆ ਹੈ। ਵਾਰਾਂ ਤੋਂ ਬਚ ਰਹੇ ਸ਼ਲੋਕਾਂ ਨੂੰ ਗ੍ਰੰਥ ਸਾਹਿਬ ਦੇ ਅਖੀਰ 'ਤੇ ਸੰਪਾਦਿਤ ਕੀਤਾ ਗਿਆ ਹੈ। ਇਸ ਤਰ੍ਹਾਂ ਸਾਰੀ ਬਾਣੀ ਨੂੰ ਬੜੀ ਨਿਸ਼ਚਿਤ ਅਤੇ ਵਿਵਸਥਿਤ ਵਿਧੀ ਨਾਲ ਸੰਪਾਦਿਤ ਕਰ ਕੇ ਇਸ ਖੇਤਰ ਵਿਚ ਇਕ ਮਹੱਤਵਪੂਰਨ ਅਤੇ ਅਦੁੱਤੀ ਕਦਮ ਉਠਾਇਆ ਗਿਆ ਹੈ। ਇਸ ਨਾਲ ਅਧਿਆਤਮਿਕ ਖੇਤਰ ਲਈ ਬਾਣੀ ਦੀ ਸੰਭਾਲ ਹੋ ਗਈ। ਨਾਲੇ ਮੱਧ ਯੁੱਗ ਦੀ ਭਾਰਤੀ ਸੰਸਕ੍ਰਿਤੀ ਦਾ ਯਥਾਰਥ ਸਰੂਪ ਉਪਲਬੱਧ ਹੋ ਗਿਆ ਅਤੇ ਸਭ ਤੋਂ ਵੱਧ ਭਾਸ਼ਾ ਦੀ ਦ੍ਰਿਸ਼ਟੀ ਤੋਂ ਵੱਡਮੁੱਲਾ ਖ਼ਜ਼ਾਨਾ ਬਿਨਾਂ ਕਿਸੇ ਪ੍ਰਕਾਰ ਦੇ ਰੌਲ਼ਿਆਂ ਤੋਂ ਹਮੇਸ਼ਾਂ ਲਈ ਸੁਰੱਖਿਅਤ ਹੋ ਗਿਆ ਹੈ।

*ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚ ਵਿਸ਼ੇਸ਼ ਨਾਮ ਸੂਚਕ ਬਾਣੀਆਂ ਆਮ ਤੌਰ 'ਤੇ ਛੰਦਾਂ ਤੋਂ ਪਹਿਲਾਂ ਦਰਜ ਹਨ। ਇਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ - ਸਿਰੀ ਰਾਗ ਵਿਚ 'ਪਹਰੇ', ਅਤੇ 'ਵਣਜਾਰਾ', ਮਾਝ ਰਾਗ ਵਿਚ 'ਬਾਰਹਮਾਹਾ' ਅਤੇ 'ਦਿਨ ਰੈਣੀ', ਗਉੜੀ ਰਾਗ ਵਿਚ 'ਕਰਹਲੇ', 'ਬਾਵਨ ਅੱਖਰੀ', 'ਸੁਖਮਨੀ' ਅਤੇ 'ਥਿਤੀ', ਆਸਾ ਰਾਗ ਵਿਚ 'ਬਿਰਹੜੇ' ਅਤੇ 'ਪੱਟੀ', ਵੱਡਹੰਸ ਰਾਗ ਵਿਚ 'ਘੋੜੀਆਂ' ਅਤੇ 'ਅਲਾਹੁਣੀਆਂ', ਧਨਾਸਰੀ ਰਾਗ ਵਿਚ 'ਆਰਤੀ', ਸੂਹੀ ਰਾਗ ਵਿਚ 'ਕੁਚੱਜੀ', 'ਸੁਚੱਜੀ', 'ਗੁਣਵੰਤੀ', ਬਿਲਾਵਲ ਰਾਗ ਵਿਚ 'ਥਿਤੀ' ਅਤੇ 'ਵਾਰ ਸੱਤ', ਰਾਮਕਲੀ ਰਾਗ ਵਿਚ 'ਅਨੰਦ', 'ਸੱਦ', 'ਓਅੰਕਾਰ ਅਤੇ ਸਿੱਧ ਗੋਸ਼ਟੀ', ਮਾਰੂ ਰਾਗ ਵਿਚ 'ਅੰਜੁਲੀਆਂ' ਅਤੇ ਤੁਖਾਰੀ ਰਾਗ ਵਿਚ 'ਬਾਰਹਮਾਹਾ'। ਇਨ੍ਹਾਂ ਵਿਚ ਬਹੁਤ ਸਾਰੀਆਂ ਰਚਨਾਵਾਂ ਲੋਕ ਗੀਤਾਂ ਦੀ ਸ਼ੈਲੀ ਉੱਤੇ ਆਧਾਰਤ ਹਨ। ਸਿੱਖ ਗੁਰੂ ਸਾਹਿਬਾਨ ਨੇ ਜਿੱਥੇ ਜਨ ਭਾਸ਼ਾ ਨੂੰ ਮਹੱਤਵ ਦੇ ਕੇ ਉਸ ਵਿਚ ਆਪਣੀ ਬਾਣੀ ਦੀ ਰਚਨਾ ਕੀਤੀ, ਉਥੇ ਲੋਕ-ਗੀਤਾਂ ਦੀ ਸ਼ੈਲੀ ਨੂੰ ਵੀ ਅਪਣਾ ਕੇ ਉਸ ਨੂੰ ਸਾਹਿਤਕ ਮੂੰਹ ਮੱਥਾ ਪ੍ਰਦਾਨ ਕੀਤਾ। ਇਨ੍ਹਾਂ ਲੋਕ ਸ਼ੈਲੀਆਂ ਵਿਚੋਂ ਕੁਝ ਦਾ ਸੰਬੰਧ ਕਾਲ (ਸਮਾਂ) ਨਾਲ ਹੈ ਜਿਵੇਂ ਪਹਿਰੇ, ਦਿਨ ਰੈਣੀ, ਵਾਰ ਸੱਤ, ਥਿਤੀ ਅਤੇ ਬਾਰਹਮਾਹਾ। ਕੁਝ ਦਾ ਸੰਬੰਧ ਵਰਣਮਾਲਾ ਸ਼ੈਲੀ ਨਾਲ ਹੈ ਜਿਵੇਂ ਪੱਟੀ, ਬਾਵਨ ਅੱਖਰੀ, ਓਅੰਕਾਰ। ਕੁਝ ਰਚਨਾਵਾਂ ਵਰਗਾਂ ਨਾਲ ਸੰਬੰਧਤ ਗੀਤਾਂ ਦੀ ਸ਼ੈਲੀ ਉੱਤੇ ਆਧਾਰਤ ਹਨ ਜਿਵੇਂ ਵਣਜਾਰਾ, ਕਰਹਲੇ। ਘੋੜੀਆਂ, ਅਲਾਹੁਣੀਆਂ, ਅੰਜੁਲੀਆਂ ਆਦਿ ਦਾ ਸੰਬੰਧ ਇਸਤਰੀਆਂ ਦੇ ਗੀਤਾਂ ਨਾਲ ਹੈ ਜੋ ਖੁਸ਼ੀ ਜਾਂ ਗਮੀ ਦੇ ਅਵਸਰ 'ਤੇ ਗਾਏ ਜਾਂਦੇ ਹਨ। ਇਸ ਤਰ੍ਹਾਂ ਪੁਰਾਤਨ ਕਾਵਿ ਪਰੰਪਰਾਵਾਂ ਦੇ ਭਾਵੀਕ੍ਰਿਤ ਰੂਪਾਂ ਦਾ ਸੁੰਦਰ ਚਿਤਰਣ ਹੀ ਨਹੀਂ, ਸਗੋਂ ਪੁਰਾਤਨ ਕਾਵਿ ਭੇਦਾਂ ਦਾ ਗਿਆਨ ਵੀ ਗੁਰੂ ਗ੍ਰੰਥ ਸਾਹਿਬ ਤੋਂ ਸਰਲਤਾ ਪੂਰਵਕ ਹੋ ਜਾਂਦਾ ਹੈ।

ਛੰਦ ਯੋਜਨਾ ਦੀ ਦ੍ਰਿਸ਼ਟੀ ਤੋਂ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚਲੀ ਬਾਣੀ ਪਰਖਣ ਤੋਂ ਪਹਿਲਾਂ ਇਹ ਗੱਲ ਚੰਗੀ ਤਰ੍ਹਾਂ ਮਨ ਵਿਚ ਵਸਾ ਲੈਣੀ ਚਾਹੀਦੀ ਹੈ ਕਿ ਕਵਿਤਾ ਕਰਨਾ ਸੰਤਾਂ ਫ਼ਕੀਰਾਂ ਦਾ ਕੋਈ ਕਿੱਤਾ ਨਹੀਂ ਸੀ। ਉਹ ਤਾਂ ਭਾਵਾਂ ਦੇ ਵਹਿਣ ਵਿਚ ਵਹਿ ਕੇ ਜਦ ਉਨ੍ਹਾਂ ਨੂੰ ਜ਼ੁਬਾਨ ਦੇ ਦਿੰਦੇ ਹਨ ਤਾਂ ਉਨ੍ਹਾਂ ਦੇ ਬਚਨ ਆਪਣੇ ਆਪ

ਕਵਿਤਾ ਬਣ ਕੇ ਝਰਨੇ ਦੇ ਪਾਣੀ ਵਾਂਗ ਫੁੱਟ ਪੈਂਦੇ। ਉਨ੍ਹਾਂ ਦੇ ਬੋਲਾਂ ਵਿਚ ਕਿਸੇ ਪ੍ਰਕਾਰ ਦਾ ਬਨਾਵਟੀ ਯਤਨ ਕਰਨ ਦਾ ਆਭਾਸ ਨਹੀਂ ਹੁੰਦਾ, ਸਗੋਂ ਕੁਦਰਤ ਅਤੇ ਸਹਿਜ ਸੁਭਾਵਿਕਤਾ ਹੀ ਵਿਦਮਾਨ ਰਹਿੰਦੀ ਹੈ। ਇਸ ਲਈ ਛੰਦ ਅਨੁਸਾਰ ਬਾਣੀ ਰਚਨਾ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੇ ਬਾਣੀਕਾਰਾਂ ਦੀ ਅਨਿਵਾਰਯ ਲੋੜ ਨਹੀਂ, ਨਾ ਮਾਤਰ ਸਾਧਨ ਹੈ। ਫ਼ਲਸਰੂਪ ਬਹੁਤ ਘੱਟ ਛੰਦਾਂ ਦੇ ਨਾਂ ਪਦਿਆਂ ਤੋਂ ਪਹਿਲਾਂ ਦਿੱਤੇ ਗਏ ਹਨ। ਜਿਨ੍ਹਾਂ ਛੰਦਾਂ ਦੇ ਨਾਂ ਦਿੱਤੇ ਗਏ ਹਨ, ਉਨ੍ਹਾਂ ਵਿਚੋਂ ਸ਼ਲੋਕ ਦੀ ਪ੍ਰਧਾਨਤਾ ਹੈ। ਵਾਰਾਂ ਤੋਂ ਬਿਨਾਂ ਕਬੀਰ, ਫ਼ਰੀਦ, ਗੁਰੂ ਤੇਗ ਬਹਾਦਰ, ਦੇ ਨਾਂ ਅਧੀਨ ਅਤੇ ਸ਼ਲੋਕ ਵਾਰਾਂ ਤੋਂ ਵਧੀਕ ਸਿਰਲੇਖ ਹੇਠਾਂ ਗੁਰੂ ਸਾਹਿਬ ਦੇ ਅੰਤ ਉੱਤੇ ਬਹੁਤ ਸਾਰੇ ਸ਼ਲੋਕ ਦਿੱਤੇ ਗਏ ਹਨ। ਉਂਜ ਭਾਵੇਂ ਸ਼ਲੋਕਾਂ ਸੰਬੰਧੀ ਵੀ ਕਿਸੇ ਖ਼ਾਸ ਨਿਯਮ ਦਾ ਪਾਲਨ ਨਹੀਂ ਕੀਤਾ ਗਿਆ ਅਤੇ ਇਨ੍ਹਾਂ ਦਾ ਆਕਾਰ ਰਚਨਾ ਪ੍ਰਕਿਰਿਆ ਦੀ ਦੀਰਘਤਾ ਉੱਤੇ ਨਿਰਭਰ ਕਰਦਾ ਹੈ, ਪਰ ਫਿਰ ਵੀ ਇਨ੍ਹਾਂ ਵਿਚ ਮੁੱਖ ਤੌਰ 'ਤੇ ਦੋਹਰੇ ਅਤੇ ਸੋਰਠ ਦਾ ਤੋਲ ਪ੍ਰਧਾਨ ਹੈ। ਸ਼ਲੋਕਾਂ ਪਿਛੋਂ ਪਉੜੀਆਂ ਦਾ ਨੰਬਰ ਆਉਂਦਾ ਹੈ। ਉਂਜ ਤਾਂ ਭਾਵੇਂ ਜਪੁਜੀ, ਸਿਧ ਗੋਸਟਿ, ਅਨੰਦ ਆਦਿ ਰਚਨਾਵਾਂ ਦੇ ਬੰਦਾਂ ਨੂੰ ਵੀ ਪਉੜੀ ਕਹਿ ਦਿੱਤਾ ਜਾਂਦਾ ਹੈ, ਪਰ ਜਿਨ੍ਹਾਂ ਛੰਦਾਂ ਨਾਲ 'ਪਉੜੀ' ਸੂਚਕ ਸ਼ਬਦ ਆਇਆ ਹੈ, ਉਹ ਕੇਵਲ ਵਾਰਾਂ ਵਿਚ ਸੰਕਲਿਤ ਹਨ। ਇਨ੍ਹਾਂ ਪਉੜੀਆਂ ਦੇ ਵੀ ਅੱਗੋਂ ਕਈ ਭੇਦ ਹਨ ਅਤੇ ਚੌਪਈ, ਸੰਗੀਤਾ, ਨਿਸ਼ਾਨੀ, ਬੀਰ ਆਦਿ ਕਈ ਛੰਦ ਰੂਪਾਂ ਦੇ ਇਨ੍ਹਾਂ ਵਿਚ ਦਰਸ਼ਨ ਹੋ ਜਾਂਦੇ ਹਨ। ਤੀਜਾ ਛੰਦ ਸਵੈਯਾ ਹੈ ਜਿਸ ਵਿਚ ਪੰਜਵੇਂ ਗੁਰੂ ਅਤੇ ਭੱਟਾਂ ਨੇ ਆਪਣੀ ਬਾਣੀ ਉਚਾਰੀ ਹੈ। ਚੌਥਾ ਛੰਦ 'ਛੰਤ' ਹੈ। ਛੰਤ ਅਸਲੋਂ ਛੰਦ ਦਾ ਹੀ ਲੋਕ ਪ੍ਰਚੱਲਿਤ ਰੂਪ ਹੈ। ਇਸ ਦੀ ਵਰਤੋਂ ਉਨ੍ਹਾਂ ਲੋਕ ਗੀਤਾਂ ਲਈ ਹੁੰਦੀ ਹੈ, ਜੋ ਵਿਆਹ ਦੇ ਮੌਕੇ ਲਾੜਾ ਆਪਣੀਆਂ ਸਾਲੀਆਂ ਨੂੰ ਸੁਣਾਉਂਦਾ ਹੈ। ਇਸ ਲਈ 'ਛੰਤ', ਛੰਦ ਦਾ ਸੂਚਕ ਨਾ ਹੋ ਕੇ ਲੋਕ-ਗੀਤਾਂ ਦੀ ਪਰੰਪਰਾ ਉੱਤੇ ਇਕ ਰਚਨਾ-ਵਿਧਾਨ ਹੈ। ਇਨ੍ਹਾਂ ਵਿਚ ਜੀਵਾਤਮਾ ਰੂਪੀ ਨਾਇਕਾ ਦੀ ਬ੍ਰਿਹਾ ਅਨੁਭੂਤੀ, ਸੰਜੋਗ ਦੀ ਅਭਿਲਾਸ਼ਾ, ਪ੍ਰਿਯ ਦੀ ਉਡੀਕ ਅਤੇ ਕਦੇ-ਕਦੇ ਪ੍ਰਾਪਤ ਹੋਣ ਵਾਲੇ ਸੰਜੋਗ ਸੁੱਖ ਦੀਆਂ 'ਭਾਵਨਾਵਾਂ ਦੀ ਅਭਿਵਿਅਕਤੀ ਹੁੰਦੀ ਹੈ। ਛੰਤ ਵਿਚ ਪਦਿਆਂ ਦੀ ਗਿਣਤੀ ਕਿਸੇ ਨਿਸ਼ਚਿਤ ਰੂਪ ਵਿਚ ਨਹੀਂ ਹੁੰਦੀ, ਪਰ ਆਮ ਤੌਰ 'ਤੇ ਚਾਰ ਪਦ ਹੁੰਦੇ ਹਨ ਅਤੇ ਇਨ੍ਹਾਂ ਪਦਿਆਂ ਵਿਚ ਪੰਕਤੀਆਂ ਵੀ ਇਕ ਸਮਾਨ ਨਹੀਂ ਹੁੰਦੀਆਂ, ਪਰ ਸਾਧਾਰਣ ਤੌਰ 'ਤੇ ਛੇ-ਛੇ ਪੰਕਤੀਆਂ ਵੇਖੀਆਂ ਗਈਆਂ ਹਨ। ਤੁਖਾਰੀ ਰਾਗ ਵਿਚ ਤਾਂ 'ਬਾਰਹਮਾਹ' ਨੂੰ ਵੀ ਛੰਤ ਦਾ ਨਾਂ ਦਿੱਤਾ ਗਿਆ ਹੈ, ਭਾਵੇਂ ਉਸ ਵਿਚ ਸਤਾਰ੍ਹਾਂ ਪਦੇ ਹਨ।

*ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚ ਮਾਤ੍ਰਿਕ ਛੰਦਾਂ ਦੀ ਪ੍ਰਧਾਨਤਾ ਹੈ। ਇਹ ਮਾਤ੍ਰਿਕ ਛੰਦ ਆਪਣੇ ਲੱਛਣਾਂ ਦੀ ਨਵਾਬੀ ਕੈਦ ਤੋਂ ਮੁਕਤ ਹਨ, ਇੱਥੇ ਕੇਵਲ ਉਨ੍ਹਾਂ ਲੱਛਣਾਂ ਦਾ ਆਭਾਸ ਮਿਲਦਾ ਹੈ, ਪੂਰਨ ਪਾਬੰਦੀ ਨਹੀਂ। ਲਗਭਗ 40 ਕੁ ਮਾਤ੍ਰਿਕ ਛੰਦਾਂ ਦੇ ਆਭਾਸ ਗ੍ਰੰਥ ਵਿਚੋਂ ਮਿਲ ਜਾਂਦੇ ਹਨ, ਜਿਵੇਂ ਹਰਿਗੀਤਾ, ਹਾਕਲ, ਸੰਸਗਤਿ, ਉਮਾਹਾ, ਛਵਿ, ਅਸ਼ਟਪਦੀ, ਗੀਤਾ, ਦੋਹਰਾ, ਸੋਰਠਾ, ਸਵੈਯਾ, ਕਲਸ, ਘਨਕਲਾ, ਚਿਤਰਕਲਾ, ਛਪੈ, ਝੂੱਲਣਾ, ਤਾਂਟੰਕ, ਤੋਮਰ, ਦਵੈਯਾ, ਨਿਸ਼ਾਨੀ, ਪਉੜੀ, ਬਿਸਨ ਪਦਾ, ਪੰਚਾਨਨ, ਗੀਤਾ ਅਤਿਗੀਤਾ, ਅਮ੍ਰਿਤਘਾਟ, ਸ਼ੰਕਰ, ਸੁਖਦਾ, ਸੁਵਾਕ, ਪ੍ਰਮਾਣਿਕਾ, ਰਾਧਿਕਾ ਰੂਆਮਲਾ, ਰੋਲਾ ਆਦਿ। ਭੱਟਾਂ ਦੀ ਬਾਣੀ ਵਿਚ ਵਰਣਿਕ ਅਤੇ ਗਣਿਕ ਛੰਦਾਂ ਦੇ ਵੀ ਕੁਝ ਵੇਦਾਂ ਨੂੰ ਵੇਖਣ ਦਾ ਯਤਨ ਕੀਤਾ ਜਾ ਸਕਦਾ ਹੈ। ਅਸਲ ਵਿਚ ਗ੍ਰੰਥ ਸਾਹਿਬ ਵਿਚਲੀ ਬਾਣੀ ਛੰਦ ਦੀ ਪਾਬੰਦੀ ਨਾਲੋਂ ਰਾਗ ਦੀ ਆਵੱਸ਼ਕਤਾ ਨੂੰ ਜ਼ਿਆਦਾ ਮਹੱਤਵ ਦਿੰਦੀ ਹੈ। ਇਸ ਲਈ ਮਾਤਰਾਵਾਂ ਆਦਿ ਗਿਣਨ ਵੇਲੇ ਸਾਧਾਰਨ ਪਾਠ ਕਰਨ ਦੀ ਰੀਤ ਨੂੰ ਸਾਹਮਣੇ ਰੱਖਣਾ ਚਾਹੀਦਾ ਹੈ ਨਾ ਕਿ ਲਿਖਤ ਅਨੁਸਾਰ, ਨਹੀਂ ਤਾਂ ਮਾਤਰਾਵਾਂ ਦੀ ਗਿਣਤੀ ਵੱਧ ਜਾਂਦੀ ਹੈ। ਨਾਲੇ ਕਈਆਂ ਥਾਵਾਂ 'ਤੇ ਕਵੀ-ਛਾਪਾਂ (ਨਾਨਕ, ਕਬੀਰਾ, ਫ਼ਰੀਦਾ), ਆਤਮ ਸੂਚਕ ਜਾਂ ਸੰਬੋਧਨਾਤਮਕ ਸ਼ਬਦ ਛੰਦਾਂ ਦੀ ਗਿਣਤੀ ਵਿਚ ਸ਼ਾਮਲ ਨਹੀਂ ਹੁੰਦਾ। ਕਿਤੇ-ਕਿਤੇ ਇਕ ਅੱਖਰ ਨਾਲ ਦੋ-ਦੋ ਮਾਤਰਾਵਾਂ ਦੀ ਵਰਤੋਂ ਵੀ ਹੋਈ ਹੈ। ਇਸ ਦਾ ਕਾਰਨ ਵੀ ਸੰਗੀਤ ਦੀ ਆਵੱਸ਼ਕਤਾ ਹੈ। ਮੁੱਖ ਤੌਰ 'ਤੇ ਪਦਿਆਂ ਦੀ ਇਸ ਗ੍ਰੰਥ ਵਿਚ ਪ੍ਰਧਾਨਤਾ ਹੈ। ਇਹ ਪਦੇ ਪੰਕਤੀ ਭੇਦ ਤੋਂ ਵੱਖ-ਵੱਖ ਪ੍ਰਕਾਰ ਦੇ ਹਨ। ਇਨ੍ਹਾਂ ਨੂੰ ਇਕ ਤੁਕਾਂ, ਦੋ ਤੁਕਾਂ, ਤ੍ਰਿਤੁਕਾ, ਚਉਤੁਕਾ ਆਦਿ ਨਾਂ ਦਿੱਤੇ ਗਏ ਹਨ। ਇਨ੍ਹਾਂ ਪਦਿਆਂ ਨੂੰ ਸ਼ਬਦ ਦੇ ਰੂਪ ਵਿਚ ਪਰੋਇਆ ਗਿਆ ਹੈ ਅਤੇ ਪਦਿਆਂ ਦੀ ਦ੍ਰਿਸ਼ਟੀ ਤੋਂ ਹੀ ਇਨ੍ਹਾਂ ਦੇ ਨਾਂ ਰੱਖੇ ਗਏ ਹਨ, ਜਿਵੇਂ ਦੁਪਦੇ, ਚਉਪਦੇ, ਪੰਚਪਦੇ, ਛਿਪਦੇ, ਅਸ਼ਟਪਦੀਆਂ ਆਦਿ। ਹਰ ਸ਼ਬਦ ਦੇ ਆਰੰਭਕ ਪਦ ਤੋਂ ਬਾਅਦ ਇਕ ਜਾਂ ਦੋ ਪੰਕਤੀਆਂ, 'ਰਹਾਉ' ਦੀਆਂ

ਹੁੰਦੀਆਂ ਹਨ, ਜਿਨ੍ਹਾਂ ਵਿਚ ਸਾਰੇ ਸ਼ਬਦ ਦਾ ਕੇਂਦਰੀ ਭਾਵ ਰੱਖਿਆ ਗਿਆ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਸਪਸ਼ਟ ਹੈ ਕਿ ਛੰਦ, ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਲਈ ਕੋਈ ਅਨਿਵਾਰਯ ਬੰਧਨ ਨਹੀਂ ਸਗੋਂ ਸੰਤਾਂ ਦੇ ਆਦੇਸ਼ ਸਾਹਮਣੇ ਤਾਂ ਛੰਦਾਂ ਨੇ ਵੀ ਆਪਣੀ ਬੇਬਸੀ ਤਿਆਗ ਦਿੱਤੀ ਹੈ ਅਤੇ ਉਹ ਆਪਣੇ ਲੱਛਣਾਂ ਦੀਆਂ ਸੀਮਾਵਾਂ ਤੋਂ ਬਾਹਰ ਨਿਕਲ ਕੇ ਨਿਸ਼ਚਿਤ ਰੂਪ ਦੀ ਥਾਂ ਤੇ ਸਹਿਜ ਰੂਪ ਵਿਚ ਆਪਣੇ ਸਰੂਪ ਵਟਾ ਬੈਠੇ ਹਨ।

*ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਸਾਰੀ ਬਾਣੀ ਰਾਗ ਹੈ। ਸ਼ੁਰੂ ਤੋਂ ਹੀ ਗੁਰੂ ਨਾਨਕ ਦੇਵ ਜੀ ਨੂੰ ਕੀਰਤਨ ਨਾਲ ਬਹੁਤ ਪਿਆਰ ਸੀ। ਭਾਈ ਮਰਦਾਨਾ ਕੀਰਤਨ ਲਈ ਰਬਾਬ ਵਜਾਉਣ ਵਾਸਤੇ ਸਦਾ ਉਨ੍ਹਾਂ ਦੇ ਨਾਲ ਰਹਿੰਦਾ ਸੀ। ਗੁਰੂ ਅਰਜਨ ਦੇਵ ਜੀ ਨੇ ਹਰਿ ਭਗਤੀ ਵਿਚ ਕੀਰਤਨ ਦੇ ਮਹੱਤਵ ਨੂੰ ਪ੍ਰਗਟ ਕਰਦਿਆਂ ਕਿਹਾ :

1. ਗੁਣ ਗੋਬਿੰਦ ਗਾਵਹੁ ਸਤਿ ਹਰਿਜਨ।
   ਰਾਗ ਰਤਨ ਰਸਨਾ ਆਲਾਪ। (ਬਿਲਾਵਲ, ਮ. 5)
2. ਸਾਧ ਸੰਗਤਿ ਕੀ ਜਾਵਉ ਟੇਕ
   ਕਹੁ ਨਾਨਕ ਤਿਸੁ ਕੀਰਤਨ ਏਕ। (ਰਾਮਕਲੀ, ਮ. 5)

ਮੱਧ ਯੁੱਗ ਦੇ ਲਗਭਗ ਸਾਰੇ ਸੰਤ ਅਤੇ ਭਗਤ ਕੀਰਤਨ ਰਾਹੀਂ ਪ੍ਰਮਾਤਮਾ ਨੂੰ ਕ੍ਰਿਪਾ ਕਰਨ ਲਈ ਦ੍ਰਵਿਤ ਕਰਨ ਦਾ ਯਤਨ ਕਰਦੇ ਰਹੇ ਹਨ, ਪਰ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚ ਰਾਗਾਂ ਅਤੇ ਉਨ੍ਹਾਂ ਦੇ ਲੈਅ, ਸੁਰ, ਤਾਲ ਘਰ ਆਦਿ ਦਾ ਨਿਰਦੇਸ਼ ਕਰਕੇ ਸੰਗਤੀ ਪ੍ਰਤਿ ਵਿਸ਼ੇਸ਼ ਰੁਚੀ ਪ੍ਰਗਟ ਕੀਤੀ ਗਈ ਹੈ। ਵਾਰਾਂ ਨਾਲ ਵੀ ਲੋਕ-ਵਰਾਂ ਦੀਆਂ ਧੁਨੀਆਂ ਨੂੰ ਅਪਨਾਉਣ ਦੀ ਤਾਕੀਦ ਹੈ।

ਆਰੰਭ ਅਤੇ ਅੰਤ ਦੀਆਂ ਕੁਝ ਕੁ ਬਾਣੀਆਂ ਨੂੰ ਛੱਡ ਕੇ ਬਾਕੀ ਸਾਰੀ ਸਮੱਗਰੀ 31 ਰਾਗਾਂ ਅਧੀਨ ਸੰਕਲਿਤ ਹੋਈ ਹੈ। ਇਸ ਤੋਂ ਇਲਾਵਾ ਆਸਾ ਰਾਗਨੀ ਅਤੇ ਅਸਾਵਰੀ ਰਾਗਨੀ ਨੂੰ ਇਕ ਥਾਂ ਇਕੱਠਾ ਕਰ ਦਿੱਤਾ ਗਿਆ ਹੈ। ਜੇ ਇਨ੍ਹਾਂ ਦੋਹਾਂ ਨੂੰ ਵੱਖ-ਵੱਖ ਮੰਨ ਲਈਏ, ਤਾਂ 31 ਦੀ ਥਾਂ ਸੰਖਿਆ 32 ਹੋ ਜਾਂਦੀ ਹੈ। ਇਸ ਗ੍ਰੰਥ ਦੇ ਅਖ਼ੀਰ ਉੱਤੇ ਸੰਕਲਿਤ ਰਾਗਮਾਲਾ ਦਾ ਤਾਲਮੇਲ ਉਨ੍ਹਾਂ 31 ਰਾਗਾਂ ਨਾਲ ਨਹੀਂ ਬੈਠਦਾ। ਰਾਗਮਾਲਾ ਵਿਚ ਦਿੱਤੇ ਛੇ ਵੱਡ ਰਾਗਾਂ ਵਿਚ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚ ਕੇਵਲ ਦੋ ਹਨ - ਰਿਸ਼ੀ ਰਾਗ ਅਤੇ ਭੈਰਾਉ ਰਾਗ। ਰਾਗਾਂ ਦੀਆਂ ਜਿਨ੍ਹਾਂ 30 ਨਾਰੀਆਂ ਅਤੇ 48 ਪੁੱਤਰਾਂ ਦੇ ਨਾਂ ਰਾਗਮਾਲਾ ਵਿਚ ਗਿਣਾਏ ਗਏ ਹਨ, ਉਨ੍ਹਾਂ ਵਿਚੋਂ ਗ੍ਰੰਥ ਸਾਹਿਬ ਵਿਚ ਕੇਵਲ ਗਿਆਰਾਂ ਨਾਰੀਆਂ ਅਤੇ ਅੱਠ ਪੁੱਤਰ ਹਨ। ਇਸ ਤੋਂ ਇਲਾਵਾ ਗ੍ਰੰਥ ਸਾਹਿਬ ਵਿਚਲੇ ਬਿਹਾਗੜਾ, ਵੰਡਹੰਸ, ਮਾਲਗਉੜਾ ਅਤੇ ਕਲਿਆਣ ਨਾਂ ਨਾਲ ਰਾਗਾਂ ਅਤੇ ਮਾਝ ਜੈਤਸਰੀ, ਰਾਮਕਲੀ, ਤੁਖਾਰੀ, ਪ੍ਰਭਾਤੀ, ਜੈਜਾਵੰਤੀ ਨਾਂ ਵਾਲੀਆਂ ਰਾਗਨੀਆਂ ਦਾ ਉਲੇਖ ਰਾਗਮਾਲਾ ਵਿਚ ਮੂਲੋਂ ਹੀ ਨਹੀਂ ਹੋਇਆ। ਫ਼ਲਸਰੂਪ ਇਹ ਰਾਗਮਾਲਾ ਗ੍ਰੰਥ ਸਾਹਿਬ ਵਿਚਲੇ ਰਾਗ ਰਾਗਨੀਆਂ ਦਾ ਸਹੀ ਬਿਉਰਾ ਪੇਸ਼ ਨਹੀਂ ਕਰਦੀ। ਇਸੇ ਅਸੰਬੰਧਤਾ ਕਰਕੇ ਇਸ ਦਾ ਕਰਤਿਤਵ ਸ਼ੱਕੀ ਹੋ ਗਿਆ ਹੈ ਅਤੇ ਤੱਤ-ਸੰਬੰਧੀ ਸਿੱਖ ਵਿਦਵਾਨਾਂ ਵਿਚ ਬੜਾ ਵਿਵਾਦ ਚਲਦਾ ਰਿਹਾ ਹੈ। ਡਾ. ਚਰਨ ਸਿੰਘ ਦੀ ਖੋਜ ਅਨੁਸਾਰ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਰਾਗ ਪਰੰਪਰਾ ਆਪਣੇ ਆਪ ਵਿਚ ਸੁਤੰਤਰ ਹੈ, ਕਿਸੇ ਹੋਰ ਮੱਤ ਦੀ ਅਨੁਯਾਈ ਨਹੀਂ। ਉਨ੍ਹਾਂ ਨੇ ਵੱਖ ਵੱਖ ਮਤਾਂ ਦੀਆਂ 11 ਰਾਗਮਾਲਾਵਾਂ ਦੇ ਕੇ ਗ੍ਰੰਥ ਸਾਹਿਬ ਦੀ ਮੌਲਿਕਤਾ ਨੂੰ ਤੁਲਨਾਤਮਕ ਅਧਿਐਨ ਦੁਆਰਾ ਸਪਸ਼ਟ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਵੇਲੇ ਸਿਰੀ ਰਾਗ ਨੂੰ ਪ੍ਰਥਮ ਸਥਾਨ ਦਿੱਤਾ ਗਿਆ ਹੈ ਅਤੇ ਜੈਜਾਵੰਤੀ ਰਾਗ ਨੂੰ ਅਖ਼ੀਰ ਉੱਤੇ ਸੰਕਲਿਤ ਕੀਤਾ ਗਿਆ, ਪਰ ਇਸ ਦਾ ਇਹ ਭਾਵ ਨਹੀਂ ਕਿ ਇਹ ਕ੍ਰਮ ਇਕ ਰਾਗ ਦਾ ਦੂਜੇ ਰਾਗਾਂ ਨਾਲੋਂ ਮਹੱਤਵ ਦਰਸਾਉਣ ਲਈ ਰੱਖਿਆ ਗਿਆ ਹੈ, ਸਗੋਂ ਗੁਰਬਾਣੀ ਅਨੁਸਾਰ ਤਾਂ ਹਰ ਉਹ ਰਾਗ ਉੱਤਮ ਹੈ ਜੋ ਪ੍ਰਮਾਤਮਾ ਵਿਚ ਲੀਨ ਕਰਨ ਦੀ ਸਮਰੱਥਾ ਰਖਦਾ ਹੋਵੇ। ਅਜਿਹਾ ਨਾ ਕਰ ਸਕਣ ਵਾਲਾ ਰਾਗ ਸੱਚਮੁੱਚ ਵਿਅਰਥ ਹੈ, ਆਪਣੇ ਉਦੇਸ਼ ਤੋਂ ਸੱਖਣਾ ਹੈ, ਕੇਵਲ ਅਲਾਪ ਹੀ ਬਣ ਕੇ ਰਹਿ ਜਾਂਦਾ ਹੈ :

ਸਭਨਾ ਰਾਗਾ ਵਿਚਿ ਸੋ ਭਲਾ ਭਾਈ।
ਜਿਤ ਵਸਿਆ ਮਨਿ ਆਇ। (ਸ਼ਲੋਕ ਵਾਰਾਂ ਤੇ ਵਧੀਕ, ਮ. 5)

*ਸ੍ਰੀ ਗੁਰੂ ਗ੍ਰੰਥ ਸਾਹਿਬ* ਦੇ ਰਾਗਾਂ ਵਿਚ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਇਨ੍ਹਾਂ ਰਾਗਾਂ ਦਾ ਸੰਬੰਧ ਰਾਗ ਵਿੱਦਿਆ ਦੀਆਂ ਸ਼ਾਸਤਰੀ ਸੀਮਾਵਾਂ ਨਾਲ ਘੱਟ ਅਤੇ ਜਨ-ਜੀਵਨ ਨਾਲ ਅਧਿਕ ਹੈ। ਇਸ ਲਈ ਬਹੁਤ ਸਾਰੇ ਦੇਸੀ ਰਾਗ ਰਾਗਨੀਆਂ ਵੀ ਇਸ ਗ੍ਰੰਥ ਵਿਚ ਸੰਮਿਲਤ ਹੋ ਗਈਆਂ ਹਨ, ਜਿਵੇਂ ਮਾਝ, ਤੁਖਾਰੀ, ਪ੍ਰਭਾਤੀ ਆਦਿ।

ਅਲੰਕਾਰਾਂ ਦੁਆਰਾ ਕਾਵਿ ਗੁਲਦਸਤੇ ਸਜਾਉਣਾ ਸੰਤ ਕਵੀਆਂ ਦਾ ਉਦੇਸ਼ ਨਹੀਂ ਸੀ, ਕਈ ਦਾਰਸ਼ਨਿਕ ਅਤੇ ਧਾਰਮਿਕ ਸੰਕਲਪਾਂ ਅਤੇ ਤੱਤਵਾਂ ਨੂੰ ਭਲੀ ਭਾਂਤ ਸੰਸਾਰੀਆਂ ਦੇ ਹਿਰਦੇ ਵਿਚ ਬਿਠਾਉਣ ਲਈ ਕਈ ਪ੍ਰਕਾਰ ਦੀਆਂ ਭੌਤਿਕ ਸਦ੍ਰਿਸ਼ਤਾਵਾਂ ਪ੍ਰਸਤੁਤ ਕਰਨੀਆਂ ਪੈਂਦੀਆਂ ਸਨ। ਅਲੰਕਾਰਾਂ ਵਿਚ ਵਿਸ਼ਵਾਸ ਨਾ ਰਖਦੇ ਹੋਇਆਂ ਵੀ ਉਨ੍ਹਾਂ ਤੋਂ ਸਹਿਜ ਸੁਭਾ ਅਜਿਹੀ ਅਭਿਵਿਅਕਤੀ ਹੁੰਦੀ ਰਹੀ ਹੈ, ਜਿਸ ਵਿਚ ਅਰਥ-ਗਤ ਚਮਤਕਾਰ ਕਿਸੇ ਨਾ ਕਿਸੇ ਰੂਪ ਵਿਚ ਉਘੜ ਕੇ ਸਾਹਮਣੇ ਆਇਆ। ਉਨ੍ਹਾਂ ਦੇ ਅਲੰਕਾਰ ਪਰੰਪਰਾਗਤ ਘੱਟ ਅਤੇ ਜਨ-ਜੀਵਨ ਨਾਲ ਅਧਿਕ ਸੰਬੰਧਤ ਹਨ। ਡਾ. ਮਨਮੋਹਨ ਸਹਿਗਲ ਅਨੁਸਾਰ ਉਨ੍ਹਾਂ ਦੀ ਕਲਪਨਾ-ਦ੍ਰਿਸ਼ਟੀ ਦਾ ਖੇਤਰ ਇਕ ਪਾਸੇ ਚੰਦਰਮਾ, ਸੂਰਜ, ਸਿਤਾਰੇ, ਰੁੱਤਾਂ, ਬੇਲ-ਬੂਟੇ, ਫੁੱਲਾਂ-ਫਲਾਂ, ਨਦੀ-ਨਾਲਿਆਂ, ਪਰਬਤਾਂ-ਬੀਹੜਾ, ਖਾੜੀਆਂ, ਸਾਗਰਾਂ, ਤਕ ਵਿਆਪਤ ਹੈ ਤਾਂ ਦੂਜੇ ਪਾਸੇ ਪਸ਼ੂ-ਪੰਛੀਆਂ, ਕੀੜਿਆਂ, ਪਤੰਗਿਆਂ, ਖਾਣ-ਪੀਣ ਦੀ ਵਸਤੂਆਂ, ਜਨਮ-ਮਰਨ, ਇਸਤਰੀ ਪੁਰਸ਼, ਵਿਆਹ ਸ਼ਾਦੀਆਂ, ਘਰ-ਬਾਹਰ ਆਦਿ ਨਾਲ ਸੰਬੰਧਤ ਹੈ। ਇਸ ਲਈ ਇਹ ਅਲੰਕਾਰ ਯੋਜਨਾ ਬੜੀ ਰੋਚਕ ਅਤੇ ਆਕਰਸ਼ਕ ਹੈ। ਮੁੱਖ ਤੌਰ 'ਤੇ ਅਲੰਕਾਰ ਨੂੰ ਸ਼ਬਦ ਅਤੇ ਅਰਥ ਦੇ ਭੇਦਾਂ ਵਿਚ ਵੰਡਿਆ ਜਾਂਦਾ ਹੈ। ਇਸ ਗ੍ਰੰਥ ਵਿਚ ਦੋਹਾਂ ਤਰ੍ਹਾਂ ਦੇ ਅਲੰਕਾਰਾਂ ਦੇ ਦਰਸ਼ਨ ਹੋ ਜਾਂਦੇ ਹਨ। ਸ਼ਬਦ ਅਲੰਕਾਰਾਂ ਵਿਚ ਅਨੁਪ੍ਰਾਸ ਦੀ ਪ੍ਰਧਾਨਤਾ ਹੈ ਜਿਸ ਨਾਲ ਬੜੀ ਨਾਦ ਸੁੰਦਰਤਾ ਉਪਜ ਸਕੀ ਹੈ।

ਰਹੱਸਵਾਦੀ ਕਾਵਿ ਵਿਚ ਗੁੱਝੀ ਅਨੁਭੂਤੀ ਨੂੰ ਪ੍ਰਗਟ ਕਰਨ ਲਈ ਕਈ ਵਾਰ ਪ੍ਰਤੀਕਾਂ ਦਾ ਸਹਾਰਾ ਲੈਣਾ ਪੈਂਦਾ ਹੈ। ਨਾਥਾਂ ਅਤੇ ਸਿੱਧਾਂ ਦੀ ਸਾਧਨਾ ਤੋਂ ਹੀ ਮੱਧ ਯੁੱਗ ਦੇ ਸਾਹਿਤ ਵਿਚ ਪ੍ਰਤੀਕ ਯੋਜਨਾ ਦਾ ਆਰੰਭ ਹੁੰਦਾ ਹੈ। ਇਸ ਉੱਤੇ ਸੂਫ਼ੀਆਂ ਦੀ ਪ੍ਰਤੀਕ ਪੱਧਤੀ ਦਾ ਵੀ ਪ੍ਰਭਾਵ ਵੇਖਿਆ ਜਾ ਸਕਦਾ ਹੈ : ਪ੍ਰਮਾਤਮਾ ਨਾਲ ਸੰਬੰਧ ਸਥਾਪਿਤ ਕਰਨ ਦੀ ਪ੍ਰਕਿਰਿਆ ਦੇ ਦੌਰਾਨ ਸੰਤਾਂ ਭਗਤਾਂ ਨੇ ਪਤੀ, ਪਤਨੀ, ਮਾਤਾ, ਪਿਤਾ-ਬਾਲਗ, ਸੁਆਮੀ-ਸੇਵਕ ਵਾਲੇ ਪ੍ਰਤੀਕ ਵਰਤੇ ਹਨ। ਇਨ੍ਹਾਂ ਦੀ ਵਰਤੋਂ ਨਾਲ ਕਾਵਿ ਵਿਚ ਇਕ ਅਨੰਦ ਅਤੇ ਸਤਿਕਾਰ ਪੂਰਨ ਵਾਤਾਵਰਣ ਦੀ ਸ੍ਰਿਸ਼ਟੀ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਵਿਚ ਇਹ ਪ੍ਰਵਿਰਤੀ ਸਹਿਜ ਵੇਖੀ ਜਾ ਸਕਦੀ ਹੈ। 'ਲਾਲ ਬਹੁ ਗੁਣ ਕਾਮਣਿ ਮੋਹੀ' 'ਵੀਵਾਹੁ ਹੁਆ ਸੋਭ ਸੇਤੀ ਪੰਚ ਸ਼ਕਤੀ ਆਇਆ' ਸਖੀ ਮਿਲਸੁ ਰਸਿ ਮੰਗਲ ਗਾਵਹੁ ਹਮ ਘਰ ਸਾਜਨੁ ਆਇਆ' ਵਿਚ ਪਤੀ ਪਤਨੀ ਦੇ ਸੰਬੰਧ ਸੂਚਕ ਪ੍ਰਤੀਕ ਵੇਖੇ ਜਾ ਸਕਦੇ ਹਨ। ਇਨ੍ਹਾਂ ਦਾ ਅਧਿਕਤਰ ਸੰਬੰਧ ਯੋਗ ਮੱਤ ਨਾਲ ਹੈ। ਸੰਤ ਕਬੀਰ ਅਤੇ ਗੁਰੂ ਨਾਨਕ ਦੇਵ ਦੀ ਬਾਣੀ ਵਿਚ ਇਸ ਪ੍ਰਕਾਰ ਦੇ ਪ੍ਰਤੀਕਾਂ ਦੀ ਭਰਮਾਰ ਹੈ। ਬਾਬਾ ਫ਼ਰੀਦ ਦੀ ਬਾਣੀ ਵਿਚ ਸੂਫ਼ੀ ਪੱਧਤੀ ਦੇ ਪ੍ਰਤੀਕ ਮਿਲ ਜਾਂਦੇ ਹਨ। ਸੰਤਾਂ ਦੀਆਂ ਬਾਣੀਆਂ ਵਿਚ ਰੂਪਕਾਤਮਕ ਸ੍ਰਿਸ਼ਟੀ ਦੁਆਰਾ ਵੀ ਪ੍ਰਤੀਕ ਵਿਧਾਨ ਹੁੰਦਾ ਵੇਖਿਆ ਗਿਆ ਹੈ। ''ਸਾਸ ਬੁਰੀ ਘਰ ਵਾਸੁ ਨ ਦੇਵ ਪਿਰ ਸਿਉ ਮਿਲਣ ਨ ਦੇਇ ਬੁਰੀ'' ਵਿਚ ਗੁਰੂ ਨਾਨਕ ਦੇਵ ਜੀ ਨੇ ਮਾਇਆ ਲਈ ਸੱਸ ਦਾ ਪ੍ਰਤੀਕ ਵਰਤਿਆ ਹੈ। ਇਸੇ ਤਰ੍ਹਾਂ ਹੇਠ ਲਿਖੇ ਰੂਪਕ ਵਿਧਾਨ ਦੁਆਰਾ ਮਨਮੁੱਖ ਮਾਇਆ ਧਾਰੀ ਜੀਵ ਦੇ ਗਰਬ ਦੀ ਨਿਰਧਾਰਤਾ ਸਪਸ਼ਟ ਕੀਤੀ ਹੈ :

ਉਤੰਗੀ ਪੇਓਹਰੀ ਗਹਿਰੀ ਗੰਭੀਰੀ।
ਸਸੁੜਿ ਸੁਹੀਆ ਕਿਵ ਕਰੀ ਨਿਵਣ ਨ ਜਾਇ ਥਣੀ।
ਗਚੁ ਜਿ ਲਗਾ ਗਿੜਵੜੀ ਸਖੀਏ ਧਉਲ ਹਰੀ।
ਸੇ ਭੀ ਢਹਦੇ ਡਿਠ ਮੈਂ ਮੁੰਧ ਨ ਗਰਬੁ ਥਣੀ।

ਕਵਿਤਾ ਵਿਚ ਬਿੰਬ ਵਿਧਾਨ ਜਾਂ ਕਲਪਨਾ ਦਾ ਬਹੁਤ ਅਧਿਕ ਮਹੱਤਵ ਹੈ। ਇਸ ਦਾ ਭਾਵ ਤੋਂ ਲੈ ਕੇ ਸ਼ੈਲੀ ਤੱਕ ਵਿਸਤਾਰ ਹੈ। ਇਸ ਦਾ ਸਰੂਪ ਬਹੁਤ ਕੁਝ ਕਵੀ ਦੇ ਵਿਅਕਤਿਤਵ ਉੱਤੇ ਨਿਰਭਰ ਕਰਦਾ ਹੈ। ਜਿਤਨਾ ਕਵੀ ਸੰਵੇਦਨਸ਼ੀਲ ਹੋਵੇਗਾ, ਜਿਤਨਾ ਉਹ ਘੁੰਮਿਆ ਫਿਰਿਆ ਹੋਵੇਗਾ ਅਤੇ ਜਿਤਨਾ ਉਸ ਨੇ ਪ੍ਰਕਿਰਤੀ ਨੂੰ ਨੀਝ ਨਾਲ

ਵੇਖਿਆ ਅਤੇ ਮਾਣਿਆ ਹੋਵੇਗਾ, ਉਤਨਾ ਹੀ ਉਸ ਦਾ ਬਿੰਬ ਵਿਧਾਨ ਸਸ਼ਕਤ ਹੋਵੇਗਾ। *ਸ੍ਰੀ ਗੁਰੂ ਗ੍ਰੰਥ ਸਾਹਿਬ* ਦੇ ਬਾਣੀਕਾਰਾਂ ਦਾ ਅਨੁਭਵ ਹੀ ਬੜਾ ਵਿਸ਼ਾਲ ਨਹੀਂ ਸੀ, ਸਗੋਂ ਉਨ੍ਹਾਂ ਵਿਚੋਂ ਬਹੁਤੇ ਸੈਲਾਨੀ ਪ੍ਰਵਿਰਤੀ ਦੇ ਸਨ। ਇਸ ਲਈ ਵੱਖ-ਵੱਖ ਇਲਾਕਿਆਂ ਦੇ ਜੋ ਅਨੁਭਵ ਉਨ੍ਹਾਂ ਦੇ ਮਨ ਉੱਤੇ ਪੈਂਦੇ ਰਹੇ ਸਨ, ਵਕਤ-ਵਕਤ ਸਿਰ ਉਨ੍ਹਾਂ ਦੀ ਬਾਣੀ ਵਿਚ ਪ੍ਰਗਟ ਹੋ ਕੇ ਉਸ ਦੇ ਅਨੁਭੂਤੀ ਪੱਖ ਨੂੰ ਦ੍ਰਿੜ੍ਹ ਕਰਦੇ ਰਹੇ ਹਨ। ਰੁੱਤਾਂ ਤੋਂ ਲੈ ਕੇ ਘਰੇਗੀ ਜੀਵਨ ਤਕ, ਧਾਰਮਕ ਕਰਮਕਾਂਡਾਂ ਤੋਂ ਲੈ ਕੇ ਮਾਮੂਲੀ ਕਿੱਤਿਆਂ ਤਕ ਬਿੰਬ ਦਾ ਪਸਾਰਾ ਹੈ। ਦ੍ਰਿਸ਼ਟਾਂਤਾਂ ਅਤੇ ਰੂਪਕਾਂ ਦੁਆਰਾ ਵੀ ਸੁੰਦਰ ਬਿੰਬ ਵਿਧਾਨ ਸੰਪੰਨ ਹੋਇਆ। ਯੁੱਗ ਚਿਤਰਣ ਵੀ ਬਿੰਬ ਵਿਧਾਨ ਦਾ ਇਕ ਸਹਾਇਕ ਤੱਤਵ ਰਿਹਾ ਹੈ। ਬਾਰਹਮਾਹਾ ਤੁਖਾਰੀ ਵਿਚ ਬਸੰਤ ਦੀ ਰੁੱਤ ਦਾ ਬਿੰਬ ਵੇਖੋ :

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ।
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ
ਪਿਰੁ ਘਰੁ ਨਹੀ ਆਵੈ ਧਨ ਕਿਉ ਸੁਖ ਪਾਵੈ ਬਿਰਹਿ ਬਿਰੋਧ ਤਨੁ ਛੀਜੈ।
ਕੋਕਿਲ ਅੰਬਿ ਸੁਹਾਵੀ ਬੋਲੈ ਕਿਉਂ ਦੁਖੁ ਅੰਕਿ ਸਹੀਜੈ।
ਭਵਰੁ ਭਵੰਤਾ ਫੂਲੀ ਡਾਲੀ ਕਿਉਂ ਜੀਵਾ ਮਰ ਮਾਏ।
ਨਾਨਕ ਚੇਤ ਸਹਿਜ ਸੁਖੁ ਪਾਵੇ ਜੇ ਹਰਿ ਵਰੁ ਘਰਿ ਧਨ ਪਾਏ।

ਇਸੇ ਤਰ੍ਹਾਂ ਧਾਰਮਕ ਕਰਮਕਾਂਡ ਸੰਬੰਧੀ ਹੇਠ ਲਿਖਿਆਂ ਬਿੰਬ ਵੇਖੋ :

ਪੜਿ ਪੁਸਤਕ ਸੰਧਿਆ ਬਾਦੰ। ਸਿਲ ਪੂਜਸਿ ਬਗੁਲ ਸਮਾਧੰ।
ਮੁਖ ਝੂਠ ਬਿਭਖਣ ਸਾਰੰ। ਤ੍ਰੈਪਾਲ ਤਿਹਾਲ ਬਿਚਾਰੰ।
ਗਲਿ ਮਾਲਾ ਤਿਲਕੁ ਲਿਲਾਟੰ। ਦੁਇ ਧੋਤੀ ਬਸਤਰ ਕਪਾਟੰ।
ਜੈ ਜਾਣਸ ਬ੍ਰਹਮੰ ਕਰਮੰ। ਸਭਿ ਫੋਕਟ ਨਿਸਚਉ ਕਰਮੰ। (ਆਸਾ ਦੀ ਵਾਰ, ਮ. ੧)

ਭਾਸ਼ਾ ਦੀ ਦ੍ਰਿਸ਼ਟੀ ਤੋਂ *ਸ੍ਰੀ ਗੁਰੂ ਗ੍ਰੰਥ ਸਾਹਿਬ* ਇਕ ਅਦੁੱਤੀ ਰਚਨਾ ਹੈ। ਡਾ. ਟ੍ਰੰਪ ਵਰਗੇ ਪੱਖਪਾਤੀ ਮਿਸ਼ਨਰੀ ਵਿਦਵਾਨਾਂ ਨੇ ਵੀ ਇਸ ਨੂੰ ਪ੍ਰਾਚੀਨ ਭਾਰਤੀ ਭਾਸ਼ਾਵਾਂ ਦਾ ਕੋਸ਼ ਮੰਨਣੋਂ ਸੰਕੋਚ ਨਹੀਂ ਕੀਤਾ। ਬਾਰ੍ਹਵੀਂ ਸਦੀ ਤੋਂ ਲੈ ਕੇ ਸਤਾਰ੍ਹਵੀਂ ਸਦੀ ਤਕ ਦੀ ਅਧਿਆਤਮਕ ਸਾਧਨਾ ਦੀ ਬਾਣੀ ਸੰਕਲਿਤ ਹੋਣ ਅਤੇ ਲਗਭਗ ਛੇ ਸਦੀਆਂ ਵਿਚ ਵਿਆਪਕ ਭਾਸ਼ਾਈ ਰੂਪਾਂ ਦੇ ਇਸ ਗ੍ਰੰਥ ਵਿਚ ਦਰਸ਼ਨ ਹੋ ਜਾਂਦੇ ਹਨ। ਆਧੁਨਿਕ ਭਾਰਤੀ ਭਾਸ਼ਾਵਾਂ ਉੱਤੇ ਸਮੇਂ-ਸਮੇਂ ਪੈਣ ਵਾਲੇ ਅਰਬੀ ਫ਼ਾਰਸੀ ਆਦਿ ਭਾਸ਼ਾਵਾਂ ਦੇ ਪ੍ਰਭਾਵਾਂ ਦਾ ਅਧਿਐਨ ਇਸ ਵਿਚਲੀਆਂ ਭਾਸ਼ਾਈ ਵਿਸ਼ੇਸ਼ਤਾਵਾਂ ਤੋਂ ਸਫ਼ਲਤਾ ਪੂਰਵਕ ਕੀਤਾ ਜਾ ਸਕਦਾ ਹੈ। ਇਸ ਦੇ ਬਾਣੀਕਾਰ ਭਾਰਤ ਦੇ ਵੱਖ-ਵੱਖ ਪ੍ਰਦੇਸ਼ਾਂ ਨਾਲ ਸੰਬੰਧਤ ਸਨ ਅਤੇ ਸੰਤ ਸਾਧਕ ਹੋਣ ਦੇ ਨਾਤੇ ਉਨ੍ਹਾਂ ਦੀ ਪ੍ਰਵਿਰਤੀ ਸੈਲਾਨੀ ਸੀ, ਇਸ ਵਾਸਤੇ ਭ੍ਰਮਣਾਂ ਦੇ ਦੌਰਾਨ ਵੱਖ-ਵੱਖ ਪ੍ਰਦੇਸ਼ਾਂ ਦੀਆਂ ਬੋਲੀਆਂ ਦੀ ਮਿਸ ਦਾ ਵਿਦਮਾਨ ਹੋ ਜਾਣਾ ਸੁਭਾਵਿਕ ਸੀ। ਇਸ ਤੋਂ ਛੁੱਟ ਭਾਰਤੀ ਭਾਸ਼ਾਵਾਂ ਖ਼ਾਸ ਕਰ ਕੇ ਪੂਰਬੀ, ਪੱਛਮੀ ਅਤੇ ਦੱਖਣੀ ਅਪਭ੍ਰੰਸ਼ਾਂ ਨੇ ਆਦਿ ਗ੍ਰੰਥ ਦੀਆਂ ਭਾਸ਼ਾਈ ਵੰਨਗੀਆਂ ਨੂੰ ਨਿਸ਼ਚਿਤ ਹੋਣ ਵਿਚ ਮੂਲਧਾਰ ਦਾ ਯੋਗ ਦਿੱਤਾ। ਧਾਰਮਕ ਪਰੰਪਰਾਵਾਂ ਨਾਲ ਸੰਬੰਧਤ ਹੋਣ ਕਾਰਨ ਇਸ ਵਿਚ ਪਰਿਭਾਸ਼ਿਕ ਸ਼ਬਦਾਵਲੀ ਦੀ ਵੀ ਬਹੁਤਾਤ ਹੈ।

ਭਾਸ਼ਾ ਦੇ ਆਧਾਰ ਉੱਤੇ ਵਰਗੀਕਰਣ ਕਰਦਿਆਂ ਡਾ. ਮਨਮੋਹਨ ਸਹਿਗਲ ਨੇ ਇਸ ਗ੍ਰੰਥ ਨੂੰ ਸੱਤ ਭਾਸ਼ਾਈ ਰੂਪਾਂ ਵਿਚ ਵੰਡਿਆ ਹੈ। ਪਹਿਲਾ ਰੂਪ ਸਹਸਕ੍ਰਿਤੀ ਅਤੇ ਗਾਥਾ ਸਲੋਕਾਂ ਦਾ ਹੈ ਜੋ ਸੰਸਕ੍ਰਿਤ ਅਤੇ ਅਪਭ੍ਰੰਸ਼ ਦੇ ਮੇਲ ਨਾਲ ਹੋਂਦ ਵਿਚ ਆਇਆ ਹੈ। ਇਹ ਭਾਸ਼ਾ ਨਾ ਸ਼ੁੱਧ ਸੰਸਕ੍ਰਿਤ ਰਹੀ ਹੈ ਅਤੇ ਨਾ ਅਪਭ੍ਰੰਸ਼। ਇੰਜ ਕਹੋ ਕਿ ਅਪਭ੍ਰੰਸ਼ ਉੱਤੇ ਸੰਸਕ੍ਰਿਤ ਦੀ ਪਾਣ ਚੜ੍ਹਾ ਕੇ ਇਸ ਦੇ ਸੰਸਕ੍ਰਿਤ ਹੋਣ ਦਾ ਆਭਾਸ ਕਰਵਾਇਆ ਗਿਆ ਹੈ, ਪਰ ਇਸ ਵਿਚੋਂ ਸਾਧੁੱਕੀ ਜਾਂ ਸਾਧ ਭਾਸ਼ਾ ਦੇ ਲੁੱਕੇ ਹੋਏ ਰੂਪ ਦੇ ਦਰਸ਼ਨ ਆਪਣੇ ਆਪ ਹੋ ਜਾਂਦੇ ਹਨ। ਦੂਜਾ ਵਰਗ ਉਸ ਸੰਤ ਭਾਸ਼ਾ ਦਾ

ਹੈ ਜਿਸ ਵਿਚ ਹਿੰਦੀ ਦਾ ਰੂਪ ਪ੍ਰਧਾਨ ਹੈ। ਇਸ ਨੂੰ ਸਾਧਾਰਨ ਸੰਤ ਭਾਖਾ ਦਾ ਨਾਂ ਦਿੱਤਾ ਜਾ ਸਕਦਾ ਹੈ। ਇਸ ਵਿਚ ਲਗਭੱਗ ਸਾਰੇ ਗੁਰੂ ਸਾਹਿਬਾਨ ਨੇ ਰਚਨਾ ਕੀਤੀ ਹੈ। ਇਸ ਵਿਚ ਸਭ ਨਾਲੋਂ ਅਧਿਕ ਅੰਸ਼ ਬ੍ਰਿਜ ਭਾਸ਼ਾ ਦਾ ਹੈ। ਤੀਜੇ ਵਰਗ ਵਿਚ ਉਹ ਭਾਸ਼ਾ ਰੱਖੀ ਜਾ ਸਕਦੀ ਹੈ ਜਿਸ ਵਿਚ ਪੰਜਾਬੀ ਦਾ ਅੰਸ਼ ਬਹੁਤ ਅਧਿਕ ਹੈ। ਇਸ ਵਿਚ ਅਧਿਕਤਰ ਗੁਰੂ ਨਾਨਕ ਜੀ ਦੀ ਬਾਣੀ ਸੰਮਿਲਤ ਕੀਤੀ ਜਾ ਸਕਦੀ ਹੈ। ਚੌਥਾ ਵਰਗ ਉਹ ਹੈ, ਜਿਸ ਵਿਚ ਫ਼ਰੀਦ ਦੇ ਸ਼ਲੋਕ ਅਤੇ ਸੁੰਦਰ ਦੀ ਸਦ ਸ਼ਾਮਲ ਕੀਤੇ ਜਾ ਸਕਦੇ ਹਨ। ਇਨ੍ਹਾਂ ਬਾਣੀਆਂ ਦਾ ਪਿੰਡਾ ਸ਼ੁੱਧ ਲਹਿੰਦੀ ਪੰਜਾਬੀ ਹੈ ਜਿਸ ਉੱਤੇ ਕੇਂਦਰੀ ਪੰਜਾਬੀ ਅਤੇ ਹਿੰਦਵੀ ਦਾ ਵੀ ਕਿਤੇ-ਕਿਤੇ ਪ੍ਰਭਾਵ ਹੈ। ਪੰਜਵੇਂ ਵਰਗ ਵਿਚ ਅਪਭ੍ਰੰਸ਼ ਪ੍ਰਧਾਨ ਬਾਣੀ ਰੱਖੀ ਜਾ ਸਕਦੀ ਹੈ, ਜੈਦੇਵ ਆਦਿ ਦੀ ਬਾਣੀ ਇਸੇ ਵਰਗ ਵਿਚ ਆਉਂਦੀ ਹੈ। ਸੰਤ ਨਾਮਦੇਵ ਅਤੇ ਤ੍ਰਿਲੋਚਨ ਭਗਤ ਦੀ ਬਾਣੀ ਨੂੰ ਮਰਾਠੀ ਪ੍ਰਧਾਨ ਸੰਤ ਭਾਖਾ ਦੇ ਵਰਗ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਭਾਸ਼ਾ ਸੰਬੰਧੀ ਅੰਤਮ ਵਰਗ ਉਨ੍ਹਾਂ ਸੰਤਾਂ ਅਤੇ ਭਗਤਾਂ ਦਾ ਹੈ ਜੋ ਸ਼ੁੱਧ ਪੱਛਮੀ ਹਿੰਦੀ ਅਤੇ ਖੜ੍ਹੀ ਬੋਲੀ ਪ੍ਰਧਾਨ ਸੰਤ ਭਾਸ਼ਾ ਵਿਚ ਆਪਣੀ ਰਚਨਾ ਕਰਦੇ ਸਨ। ਪਹਿਲੇ ਦੱਸੇ ਛਿਆਂ ਵਰਗਾਂ ਵਿਚ ਨਾ ਆਉਣ ਵਾਲੇ ਲਗਭਗ ਸਾਰੇ ਸੰਤ ਕਵੀ ਇਸ ਵਰਗ ਦੇ ਅੰਤਰਗਤ ਰੱਖੇ ਜਾ ਸਕਦੇ ਹਨ। ਇਸ ਵਰਗ ਦਾ ਪ੍ਰਤੀਨਿਧ ਸੰਤ ਕਬੀਰ ਹੈ ਅਤੇ ਸੈਣ, ਧੰਨਾ, ਪੀਪਾ, ਸਧਨਾ, ਬੇਣੀ, ਸੂਰਦਾਸ, ਪਰਮਾਨੰਦ, ਭੀਖਮ ਆਦਿ ਵੀ ਉਸ ਸ਼੍ਰੇਣੀ ਦੀ ਭਾਸ਼ਾ ਦਾ ਪ੍ਰਯੋਗ ਕਰਦੇ ਹਨ। ਇਹ ਵਰਗੀਕਰਣ ਬੜਾ ਸਥੂਲ ਜਿਹਾ ਮੰਨਿਆ ਜਾ ਸਕਦਾ ਹੈ। ਉਂਜ ਇਕ ਹੀ ਰਚਨਾ ਵਿਚ ਕਈ ਭਾਸ਼ਾ ਰੂਪਾਂ ਦੇ ਦਰਸ਼ਨ ਹੋ ਜਾਂਦੇ ਹਨ। ਜੈਤਸਰੀ ਦੀ ਵਾਰ ਮ. ਪ ਵਿਚ ਜੇ ਕਿਸੇ ਪਉੜੀ ਦਾ ਪਹਿਲਾ ਸ਼ਲੋਕ ਸਹਸਕ੍ਰਿਤੀ ਹੈ ਤਾਂ ਦੂਜਾ ਪੱਛਮੀ ਪੰਜਾਬ ਦਾ ਅਤੇ ਪਉੜੀ ਪੂਰਬੀ ਪੰਜਾਬੀ ਦੀ ਚਉਬੋਲਿਆਂ ਵਿਚ ਵੀ ਅਜਿਹਾ ਅੰਤਰ-ਭੇਦ ਵੇਖਿਆ ਜਾ ਸਕਦਾ ਹੈ।

ਭਾਸ਼ਾ ਦੇ ਸੁਹਜ ਦੇ ਪੱਖ ਤੋਂ ਸ਼ਬਦ ਅਲੰਕਾਰਾਂ ਦਾ ਬਹੁਤ ਮਹੱਤਵ ਹੈ। ਭਾਸ਼ਾ ਸੁਹਜ ਦਾ ਰੂਪ ਮੁਹਾਵਰਿਆਂ ਅਤੇ ਅਖਾਣਾਂ ਦੀ ਵਰਤੋਂ ਵਿਚ ਵੇਖਿਆ ਜਾ ਸਕਦਾ ਹੈ। ਆਦਿ ਗ੍ਰੰਥ ਦੇ ਬਾਣੀਕਾਰਾਂ ਨੇ ਆਪਣੇ ਸਰੋਤਿਆਂ ਦੀ ਪੱਧਰ ਅਨੁਸਾਰ ਜਨ-ਜੀਵਨ ਦੇ ਸਾਧਾਰਨ ਪ੍ਰਯੋਗ ਵਿਚ ਆਉਣ ਵਾਲੇ ਮੁਹਾਵਰੇ ਜਾਂ ਅਖਾਣ ਵਰਤੇ ਹਨ, ਪਰ ਇਹ ਵਰਤੋਂ ਕਿਸੇ ਉਚੇਚ ਅਧੀਨ ਨਹੀਂ ਹੋਈ। ਸਾਧਾਰਨ ਵਿਵਰਣ ਵਿਚ ਆਪਣੇ ਆਪ ਹੀ ਕੋਈ ਅਖਾਣ ਵਰਤਿਆ ਗਿਆ ਹੋਵੇ ਤਾਂ ਵੱਖਰੀ ਗੱਲ ਹੈ ਜਿਵੇਂ ਤੱਤੀ ਵਾਉ ਨਾ ਲਗਣਾ, ਠਉਰ ਨਾ ਠਾਉ, ਨਦਰ ਕਰਨਾ, ਆਲੁ ਪਤਾਲੁ, ਸੁਨੇਹੁ ਦੇ ਕਾਨ, ਹੁਕਮ ਵਰਤਣਾ, ਸਾਹ ਲਿਖਣਾ, ਘਾੜਤ ਘੜਨਾ, ਠਾਗੇ ਜਾਣਾ, ਚਿਤੁ ਰਖਣਾ, ਇਛਾ ਪੁਜਾਣਾ, ਭਰਮ ਭੁਲਾਣਾ, ਲੜ ਲਾਣਾ, ਦੇਹੀ ਫਿਰਨਾ, ਪੱਜ ਰਖਣਾ, ਰੋਟੀਆਂ ਕਾਰਣਿ ਪੁਰਹਿ ਤਾਲ, ਨਿਵੈ ਸੋ ਗਉਰਾ ਹੋਇ, ਪੁਤੀ ਗੰਢਿ ਪਵੈ ਸੰਸਾਰ, ਜੇਹੇ ਬੀਜ ਸੋ ਲੂਣੇ, ਚੋਰ ਕੀ ਹਾਮੀ ਭਰੇ ਨਾ ਕੋਈ, ਸਹਿਜ ਪਕੇ ਸੋ ਮੀਠਾ ਹੋਇ, ਵਰਮੀ ਮਾਰੀ ਸਾਪੁ ਨ ਮਰਈ, ਜਿਥੇ ਬੋਲਣਿ ਹਾਰੀਐ ਤਿਥੈ ਚੰਗੀ ਚੁਪ, ਜਬ-ਨਾਚੀ ਤੰਬ ਘੂਘਟੁ ਕੈਸਾ, ਬਿਨ ਬੇੜੀ ਪਾਰ ਨ ਅੰਬੜੇ ਆਦਿ। ਭਾਸ਼ਾ ਦੀ ਸਜਾਵਟ ਦਾ ਤੀਜਾ ਰੂਪ ਸਤਿ ਕਥਨਾਂ ਜਾਂ ਸੂਕਤੀਆਂ ਜਾਂ ਸੁਭਾਸ਼ਿਤਾ ਵਿਚ ਵੇਖਿਆ ਜਾ ਸਕਦਾ ਹੈ। ਸੁਭਾਸ਼ਿਤਾ ਜਾਂ ਸ਼ਕਤੀ ਆਤਮ ਅਭਿਵਿਅਕਤੀ ਦੀ ਸਤਿਅਤਾ ਦਾ ਸ਼ੁੱਧ ਅਤੇ ਨਿਰਛਲ ਪ੍ਰਦਰਸ਼ਨ ਹੈ। ਅਨੁਭੂਤੀ ਜਿਤਨੀ ਡੂੰਘੀ ਹੋਵੇਗੀ, ਉਸ ਦੀ ਅਭਿਵਿਅਕਤੀ ਉਤਨੀ ਹੀ ਨਾਪੀ-ਤੋਲੀ ਅਤੇ ਸੰਪੰਨ ਹੋਵੇਗੀ। ਕਿਉਂਕਿ ਲਗਭਗ ਸਾਰੇ ਬਾਣੀਕਾਰ ਅਧਿਆਤਮਿਕ ਸਾਧਕ ਹਨ ਇਸ ਲਈ ਉਨ੍ਹਾਂ ਦੀਆਂ ਸ਼ਕਤੀਆਂ ਉਪਦੇਸ਼ ਪ੍ਰਧਾਨ ਹਨ। ਸ਼ਲੋਕ ਤਾਂ ਲਗਭਗ ਸਾਰੇ ਸੂਕਤੀ ਦਾ ਜਾਮਾ ਪਾ ਕੇ ਸਾਹਮਣੇ ਆਏ ਹਨ ਜਿਵੇਂ :

(1) ਕਰਤੂਤਿ ਪਸੂ ਕੀ ਮਾਨਸ ਜਾਤਿ।

(2) ਬਿਰਖ ਕੀ ਛਾਇਆ ਸਿਉ ਰੰਗੁ ਲਾਵੈ।
ਓਹ ਬਿਨਸੈ ਉਹੁ ਮਨਿ ਪਛੁਤਾਵੈ।

(3) ਬਟਾਊ ਸਿਉ ਜੋ ਲਾਵੈ ਨੇਹੁ।
ਤਾ ਕਉਂ ਹਾਥਿ ਨਾ ਆਵੈ ਕੇਹ।

(4) ਬਿਰਥੀ ਸਾਕਤ ਕੀ ਆਰਜਾ।

(5) ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥੀ ਬਿਹਾਇ।
ਮੇਘ ਬਿਨਾ ਜਿਉ ਖੇਤਿ ਜਾਇ।

ਇਸ ਮਹਾਨ ਗ੍ਰੰਥ ਦਾ ਪਰਵਰਤੀ ਪੰਜਾਬੀ ਸਾਹਿਤ ਉੱਤੇ ਵੀ ਕਈ ਰੂਪਾਂ ਵਿਚ ਪ੍ਰਭਾਵ ਪਿਆ ਹੈ। ਇਸ ਦਾ ਪਹਿਲਾ ਰੂਪ ਪ੍ਰੇਰਣਾਤਮਕ ਹੈ। ਇਸ ਤੋਂ ਪ੍ਰੇਰਿਤ ਹੋ ਕੇ ਅਤੇ ਇਸ ਦੇ ਸਿਧਾਂਤਾਂ ਦੀ ਵਿਆਖਿਆ ਕਰਦੇ ਹੋਇਆਂ ਭਾਈ ਗੁਰਦਾਸ ਨੇ ਆਪਣਾ ਸਾਹਿਤ ਰਚਿਆ। ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਦੀ ਵਾਰਤਕ ਦਾ ਪ੍ਰਮੁੱਖ ਰੂਪ ਜਨਮ ਸਾਖੀਆਂ ਹਨ। ਇਹ ਜਨਮ ਸਾਖੀਆਂ ਭਾਵੇਂ ਮੂਲ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਤ ਅਧਿਆਤਮਕ ਧਰਾਤਲ ਵਾਲੀ ਘਟਨਾਵਲੀ ਨੂੰ ਪੇਸ਼ ਕਰਦੀਆਂ ਹਨ, ਪਰ ਮੂਲ ਰੂਪ ਵਿਚ ਉਹ ਗੁਰਬਾਣੀ ਦੇ ਸ਼ਬਦਾਂ ਦੀ ਉਥਾਨਿਕਾ ਵਜੋਂ ਹੀ ਹਨ। ਇਨ੍ਹਾਂ ਦੋਹਾਂ ਸਦੀਆਂ ਦਾ ਗੋਸ਼ਟਿ, ਟੀਕਾ, ਪਰਮਾਰਥ ਆਦਿ ਸਾਰਾ ਵਾਰਤਕ ਸਾਹਿਤ ਅਸਲੋਂ ਇਸ ਗ੍ਰੰਥ ਦੀ ਵਿਆਖਿਆ ਉੱਤੇ ਆਧਾਰਤ ਹੈ। ਇਸ ਤਰ੍ਹਾਂ ਗ੍ਰੰਥ ਤੋਂ ਪ੍ਰੇਰਿਤ ਹੋ ਕੇ ਅਧਿਆਤਮਿਕ ਪੰਜਾਬੀ ਸਾਹਿਤ ਦਾ ਉਦੋਂ ਪੱਦ ਅਤੇ ਗੱਦ ਲਿਖਿਆ ਗਿਆ। ਇਸ ਤੋਂ ਛੁੱਟ, ਸੂਫ਼ੀ ਫ਼ਕੀਰ ਅਤੇ ਕਿੱਸਾਕਾਰਾਂ ਦੀ ਸ਼ਬਦਾਵਲੀ ਉੱਤੇ ਵੀ ਗ੍ਰੰਥ ਸਾਹਿਬ ਦੀ ਭਾਸ਼ਾ ਸ਼ੈਲੀ ਨੇ ਬਹੁਤ ਪ੍ਰਭਾਵ ਪਾਇਆ ਹੈ। ਦਮੋਦਰ, ਸ਼ਾਹ ਹੁਸੈਨ, ਕਾਦਰਯਾਰ, ਹਾਸ਼ਮ ਆਦਿ ਕਿਸੇ ਦੀ ਰਚਨਾ ਵੇਖ ਲਵੋ ਇਸ ਗ੍ਰੰਥ ਦੇ ਪ੍ਰਭਾਵ ਤੋਂ ਮੁਕਤ ਨਹੀਂ ਹਨ। ਉਦਾਹਰਣ ਵਜੋਂ :

ਮ. 2 – ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜ਼ਾਰ।
ਏਤੇ ਚਾਨਣ ਹੋਂਦਿਆ ਗੁਰ ਬਿਨੁ ਘੋਰ ਅੰਧਾਰ।

ਹਾਸ਼ਮ –ਚੰਦਾ ਚਮਕ ਵਿਖਾਲ ਨਾ ਸਾਨੂੰ ਅਤੇ ਨਾ ਕਰ ਮਾਨ ਵਧੇਰਾ
ਤੈਂ ਜੇਹੇ ਲਖ ਚੜ੍ਹਨ ਅਸਾਨੂੰ ਪਰ ਸਜਨਾਂ ਬਾਝ ਅੰਧੇਰਾ।

ਆਧੁਨਿਕ ਕਾਲ ਵਿਚ ਸਿੰਘ ਸਭਾ ਦੇ ਪ੍ਰਭਾਵ ਅਧੀਨ ਰਚਿਆ ਬਹੁਤਾ ਸਾਹਿਤ ਇਸੇ ਗ੍ਰੰਥ ਨੂੰ ਆਧਾਰ ਬਣਾ ਕੇ ਰਚਿਆ ਗਿਆ ਹੈ। ਭਾਈ ਵੀਰ ਸਿੰਘ ਇਸ ਗ੍ਰੰਥ ਦੇ ਸਿਧਾਂਤ ਦੇ ਆਧੁਨਿਕ ਵਿਆਖਿਆਕਾਰ ਹਨ। ਸਤਾਰ੍ਹਵੀਂ ਸਦੀ ਵਿਚ ਜੋ ਕੰਮ ਭਾਈ ਗੁਰਦਾਸ ਨੇ ਸੰਪੰਨ ਕੀਤਾ ਸੀ, ਉਹੀ ਕੰਮ ਭਾਈ ਵੀਰ ਸਿੰਘ ਨੇ ਆਧੁਨਿਕ ਯੁੱਗ ਵਿਚ ਕੀਤਾ ਹੈ। ਆਧੁਨਿਕ ਸਾਹਿਤ ਦੇ ਬਹੁਤ ਸਾਰੇ ਲੇਖਕਾਂ ਨੇ ਆਪਣੀਆਂ ਰਚਨਾਵਾਂ ਦਾ ਨਾਂ ਵੀ ਗੁਰਬਾਣੀ ਦੀ ਕਿਸੇ ਤੁਕ ਜਾਂ ਸ਼ਬਦ ਦੇ ਆਧਾਰ 'ਤੇ ਰੱਖਿਆ ਹੈ। ਇਹ ਪ੍ਰਭਾਵ ਇਤਨਾ ਪ੍ਰਬਲ ਹੈ ਕਿ ਪ੍ਰਿੰ. ਸੰਤ ਸਿੰਘ ਸੇਖੋਂ ਵਰਗੇ ਲੇਖਕ ਵੀ ਇਸ ਤੋਂ ਨਾ ਬਚ ਸਕੇ। ਉਨ੍ਹਾਂ ਨੇ 'ਮੋਇਆ ਸਾਰ ਨਾ ਕਾਈ' ਉਕਤੀ ਨੂੰ ਆਪਣੇ ਇਕ ਨਾਟਕ ਦੇ ਨਾਂ ਵਜੋਂ ਵਰਤ ਕੇ ਸਾਡੀ ਸਥਾਪਨਾ ਨੂੰ ਪ੍ਰਮਾਣਿਤ ਕਰ ਦਿੱਤਾ। ਇਸ ਤਰ੍ਹਾਂ ਇਹ ਗ੍ਰੰਥ ਕਿਸੇ ਨਾ ਕਿਸੇ ਰੂਪ ਵਿਚ ਪਰਵਰਤੀ ਪੰਜਾਬੀ ਸਾਹਿਤ ਉੱਤੇ ਛਾਇਆ ਰਿਹਾ ਹੈ। ਇੱਥੋਂ ਤੱਕ ਕਿ ਇਸ ਉੱਤੇ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਵਿਚ ਕਈ ਖੋਜ ਨਿਬੰਧ। ਪ੍ਰਬੰਧ ਲਿਖੇ ਜਾ ਚੁੱਕੇ ਹਨ।

## ਗੁਰੂ ਗ੍ਰੰਥ ਸਾਹਿਬ ਦੀ ਸਮਾਜਕ ਤੇ ਸਭਿਆਚਾਰਕ ਮਹਾਨਤਾ

*ਸ੍ਰੀ ਗੁਰੂ ਗ੍ਰੰਥ ਸਾਹਿਬ* ਦਾ ਸੰਪਾਦਨ ਗੁਰੂ ਅਰਜਨ ਦੇਵ ਜੀ ਨੇ 1604 ਈ. ਵਿੱਚ ਕੀਤਾ। ਇਸ ਸਰਵ ਸਾਂਝੇ ਗ੍ਰੰਥ ਵਿੱਚ ਪੂਰਵ ਨਾਨਕ ਕਾਲ ਤੇ ਗੁਰੂ ਸਾਹਿਬਾਨ ਦੇ ਸਮਕਾਲੀ ਚੋਣਵੇਂ ਸੰਤ ਤੇ ਸੂਫ਼ੀ ਕਵੀਆਂ ਦੀਆਂ ਰਚਨਾਵਾਂ ਦਰਜ ਕੀਤੀਆਂ। ਇਸ ਅਮੀਰ ਪਰੰਪਰਾ ਸਦਕਾ ਹੀ ਭਾਈ ਗੁਰਦਾਸ, ਭਾਈ ਮਨੀ ਸਿੰਘ ਤੇ ਭਾਈ ਵੀਰ ਸਿੰਘ ਜਿਹੇ ਗੁਰਮਤਿ ਦੇ ਧਨੀ ਸਾਹਿਤਕਾਰਾਂ ਦਾ ਜਨਮ ਹੋਇਆ। ਇਨ੍ਹਾਂ ਮਹਾਂਪੁਰਖਾਂ ਨੇ ਕਵਿਤਾ ਨੂੰ ਆਪਣੇ ਅਧਿਆਤਮਿਕ ਅਨੁਭਵ ਨੂੰ ਪ੍ਰਗਟ ਕਰਨ ਲਈ ਸਾਧਨ ਵਜੋਂ ਵਰਤਿਆ। *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿੱਚ ਲਗਭਗ ਸਾਰੀ ਕਵਿਤਾ ਅਧਿਆਤਮਿਕ ਦ੍ਰਿਸ਼ਟੀ ਨੂੰ ਪ੍ਰਗਟਾਉਂਦੀ ਪ੍ਰਤੀਤ ਹੁੰਦੀ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕੀਤੇ ਗਏ ਸਾਰੇ ਕਵੀ ਪ੍ਰਥਮੇ ਸੰਤ ਸਨ। *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਸਮਾਜਕ ਤੇ ਸਭਿਆਚਾਰਕ ਮਹਾਨਤਾ ਦਾ ਅਧਿਐਨ ਕਰਨ ਸਮੇਂ ਉਪਰੋਕਤ ਨੁਕਤਾ ਧਿਆਨ ਵਿਚ ਰੱਖਣਾ ਚਾਹੀਦਾ ਹੈ।

ਜਿਵੇਂ ਕਿ ਅਸੀਂ ਉਪਰ ਸੰਕੇਤ ਕਰ ਆਏ ਹਾਂ ਕਿ ਮੂਲ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਾਰੀ ਕਵਿਤਾ

ਅਧਿਆਤਮਿਕ ਅਨੁਭਵ ਨੂੰ ਪ੍ਰਗਟਾਉਂਦੀ ਹੈ ਇਸ ਲਈ ਸਾਨੂੰ ਇਸ ਪ੍ਰਸੰਗ ਵਿੱਚ ਸਮਾਜਕ ਸਭਿਆਚਾਰਕ ਮਹਾਨਤ ਦਾ ਅਧਿਐਨ ਕਰਨਾ ਚਾਹੀਦਾ ਹੈ। ਅਧਿਆਤਮਿਕ ਦ੍ਰਿਸ਼ਟੀਕੋਣ ਅਨੁਸਾਰ ਯਾਤਰਾ ਕੇਵਲ ਆਤਮਾ ਦੀ ਨਹੀਂ ਸਗੋਂ ਸਰੀਰ ਦੀ ਵੀ ਹੈ। ਸ਼ਰੀਰ ਦਾ ਬਰਾਬਰ ਦਾ ਪਾਤਰ ਹੋਣਾ ਵੀ ਮਨੁੱਖ ਦੇ ਸਮਾਜਕ ਤੇ ਸਭਿਆਚਾਰਕ ਰਿਸ਼ਤੇ ਨੂੰ ਨਿਰਧਾਰਿਤ ਕਰਦਾ ਹੈ। ਸਮਾਜ ਮਨੁੱਖੀ ਜੀਵਨ ਦੇ ਵਿਕਾਸ ਲਈ ਸਿਰਜਿਆ ਗਿਆ ਸੀ। ਮਨੁੱਖ ਨੂੰ ਕੁਦਰਤ ਵਿੱਚ ਨਿਰੰਤਰ ਹੋ ਰਹੇ ਵਿਕਾਸ ਦੀ ਇੱਥੋਂ ਸੋਝੀ ਪ੍ਰਾਪਤ ਹੋਈ, ਵਿਕਾਸ ਦੀ ਸੇਧ ਨਿਸ਼ਚਿਤ ਕਰਨੀ ਹਰ ਮਨੁੱਖ ਦਾ ਆਪਣਾ ਉਦੇਸ਼ ਹੈ। ਸੰਤਾਂ ਤੇ ਸਾਧੂਆਂ ਨੇ ਵਿਕਾਸ ਨੂੰ ਅਧਿਆਤਮਿਕ ਸੇਧ ਦਿੱਤੀ। ਅਧਿਆਤਮਿਕ ਮਾਰਗ ਉੱਤੇ ਚਲਦਿਆਂ ਜਿਹੜੀਆਂ ਵਸਤਾਂ ਦਾ ਇਸ ਰਾਹ ਵਿੱਚ ਵਿਘਨ ਪ੍ਰਾਪਤ ਹੋਇਆ ਗੁਰੂਆਂ ਤੇ ਸੰਤਾਂ ਨੇ ਇਨ੍ਹਾਂ ਵਸਤਾਂ ਦੀ ਕਰੜੀ ਆਲੋਚਨਾ ਕੀਤੀ। ਇਸ ਆਲੋਚਨਾ ਵਿੱਚ ਇਕ ਸੇਧ ਸੀ ਤੇ ਉਹ ਸੀ ਅਧਿਆਤਮਿਕ ਅਨੁਭਵ ਦੀ ਪ੍ਰਾਪਤੀ। ਸੋ ਸਾਨੂੰ ਸਮਾਜਕ ਬਣਤਰ ਜਾਂ ਸਭਿਆਚਾਰਕ ਕੀਮਤਾਂ ਨੂੰ ਪਰਖਣ ਲੱਗਿਆਂ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਸਮਾਜਕ ਸਭਿਆਚਾਰਕ ਕੀਮਤਾਂ ਕੇਵਲ ਸਹਾਇਕ ਜਾਂ ਵਿਰੋਧੀ ਤਾਕਤਾਂ ਹਨ ਜਿਨ੍ਹਾਂ ਨਾਲ ਸੰਤਾਂ ਨੇ ਇਕ-ਸੁਰ ਹੋਣਾ ਜਾਂ ਜੂਝਣਾ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਬਹੁਤਾ ਹਿੱਸਾ ਗੁਰੂ ਸਾਹਿਬਾਨ ਦੀ ਬਾਣੀ ਦਾ ਹੈ ਜਾਂ ਫਿਰ ਗੁਰੂ ਸਾਹਿਬਾਨ ਤੋਂ ਬਾਅਦ ਸੰਤ ਕਬੀਰ ਦਾ ਹੈ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਅਰਜਨ ਸਾਹਿਬ ਅਤੇ ਫਿਰ ਗੁਰੂ ਤੇਗ ਬਹਾਦਰ ਜੀ ਤੱਕ ਭਾਰਤੀ ਸਮਾਜ ਦੀ ਬਣਤਰ ਵਿੱਚ ਕੋਈ ਅੰਤਰ ਨਜ਼ਰ ਨਹੀਂ ਆਉਂਦਾ। ਲਗਭਗ 15ਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਦੇ ਅੰਤਲੇ ਸਾਲਾਂ ਤੀਕ ਭਾਰਤੀ ਸਮਾਜ ਦੀ ਬਣਤਰ ਇਕੋ ਖਾਨਦਾਨ ਦਾ ਇਕ ਪੁਰਖੀ ਰਾਜ ਤੁਰਦੇ ਰਹਿਣ ਕਰਕੇ ਇਕਸਾਰ ਹੀ ਰਹੀ ਹੈ।

ਗੁਰੂ ਸਾਹਿਬਾਨ ਦਾ ਸਮਾਂ ਇਕ-ਪੁਰਖੀ ਰਾਜ ਦਾ ਸਮਾਂ ਸੀ। ਸੁਲਤਾਨ ਜਾਂ ਪਾਤਸ਼ਾਹ ਰੱਬ ਕੋਲੋਂ ਥਾਪਿਆ ਹੋਇਆ ਮੰਨਿਆ ਜਾਂਦਾ ਸੀ। ਦੂਜੇ ਸ਼ਬਦਾਂ ਵਿੱਚ ਸੁਲਤਾਨ ਜਾਂ ਪਾਤਸ਼ਾਹ ਨੂੰ ਦੈਵੀ ਅਧਿਕਾਰ ਪ੍ਰਾਪਤ ਸਨ। ਸੁਲਤਾਨ ਜਾਂ ਪਾਤਸ਼ਾਹ ਮਰਜ਼ੀ ਦਾ ਮਾਲਕ ਸੀ। ਇਸ ਕਰਕੇ ਉਸ ਦੀ ਮਰਜ਼ੀ ਜਾਂ ਆਗਿਆ ਨੂੰ ਹੀ ਵਕਤ ਦਾ ਕਾਨੂੰਨ ਸਮਝਿਆ ਜਾਂਦਾ ਸੀ। ਗੁਰੂ ਸਾਹਿਬ ਅਨੁਸਾਰ ਜੇ ਸੁਲਤਾਨ ਜਾਂ ਪਾਤਸ਼ਾਹ ਰੱਬ ਅੱਗੇ ਆਪਣੇ ਆਪ ਨੂੰ ਜਵਾਬਦੇਹ ਨਹੀਂ ਮੰਨਦਾ ਅਰਥਾਤ ਉਹ ਰਾਜਾ ਪਰਜਾ ਦਾ ਪਾਲਣਹਾਰ ਹੈ। ਗੁਰੂ ਸਾਹਿਬਾਨ ਦੇ ਸਮੇਂ ਵਿੱਚ ਸੁਲਤਾਨ ਜਾਂ ਪਾਤਸ਼ਾਹ ਇਸ ਆਦਰਸ਼ ਤੋਂ ਸੱਖਣਾ ਸੀ। ਇਸ ਲਈ ਸਾਰਾ ਢਾਂਚਾ ਹੀ ਉਖੜਿਆ ਹੋਇਆ ਸੀ। ਸਮਾਜ ਦੇ ਕੁਹਜ ਵੱਲ ਗੁਰੂ ਨਾਨਕ ਸਾਹਿਬ ਨੇ ਵਿਸ਼ੇਸ਼ ਧਿਆਨ ਦਿੱਤਾ ਅਤੇ ਸਮਾਜ ਵਿੱਚ ਪਸਰ ਚੁੱਕੀਆਂ ਕੁਰੀਤੀਆਂ ਦੀ ਕਾਫ਼ੀ ਕਰੜੀ ਆਲੋਚਨਾ ਕੀਤੀ। ਅਜਿਹੀ ਆਲੋਚਨਾ ਦਾ ਪਹਿਲਾ ਨਿਸ਼ਾਨਾ ਗੁਰੂ ਸਾਹਿਬ ਨੇ ਰਾਜ-ਵਰਗ ਨੂੰ ਬਣਾਇਆ ਹੈ। ਰਾਜ-ਵਰਗ ਨਾਲ ਸੰਬੰਧਤ ਵਿਅਕਤੀਆਂ ਦਾ ਚਰਿੱਤਰ ਵੀ ਸਮੁੱਚੇ ਸਮਾਜ ਦਾ ਉਸਾਰੂ ਜਾਂ ਉਸਦੇ ਖੰਡਿਤ ਹੋਣ ਦਾ ਜ਼ਿੰਮੇਵਾਰ ਹੋ ਸਕਦਾ ਹੈ।

ਲੋਧੀਆਂ ਦੇ ਕਿਰਦਾਰ ਸੰਬੰਧੀ ਟੀਕਾ-ਟਿੱਪਣੀ ਕਰਦੇ ਹੋਏ ਗੁਰੂ ਨਾਨਕ ਸਾਹਿਬ ਉਨ੍ਹਾਂ ਨੂੰ ਕੁੱਤੇ ਕਹਿੰਦੇ ਹਨ ਕਿਉਂ ਜੋ ਉਹ ਹਿੰਦੁਸਤਾਨ ਵਰਗੇ ਰਤਨ ਦੀ ਸੰਭਾਲ ਨਹੀਂ ਕਰ ਸਕੇ :

ਰਤਨ ਵਿਗਾੜਿ ਵਿਗੋਇ ਕੁਤੀ ਮੋਇਆ ਸਾਰ ਨਾ ਕਾਈ।।

ਉਕਤ ਵਿਚਾਰ ਨੂੰ ਹੋਰ ਵਧੇਰੇ ਸਪੱਸ਼ਟ ਕਰਦੇ ਹੋਏ ਆਪ ਨੇ ਮੁਗਲ ਬਾਦਸ਼ਾਹ ਬਾਬਰ ਦੇ ਭਾਰਤ ਉੱਤੇ ਹਮਲੇ ਨੂੰ ਇਸ ਤਰ੍ਹਾਂ ਪੇਸ਼ ਕੀਤਾ :

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।।

ਆਪੈ ਦੋਸੁ ਨ ਦੇਈ ਕਰਤਾ ਜਮਕਰਿ ਮੁਗਲ ਚੜਾਇਆ।।

ਗੁਰੂ ਸਾਹਿਬ ਆਪਣੀ ਦਿਵਯ-ਦ੍ਰਿਸ਼ਟੀ ਤੋਂ ਕੰਮ ਲੈਂਦਿਆਂ ਹੋਇਆ ਇਹ ਕਹਿਣਾ ਚਾਹੁੰਦੇ ਹਨ ਕਿ ਲੋਧੀਆਂ ਨਾਲ ਜੋ ਬੀਤੀ ਹੈ ਇਸ ਦਾ ਜ਼ਿੰਮੇਵਾਰ ਬਾਬਰ ਜਾਂ ਕੋਈ ਹੋਰ ਨਹੀਂ ਸਗੋਂ ਲੋਧੀਆਂ ਨੂੰ ਕੁਕਰਮਾਂ ਦੀ ਸਜ਼ਾ ਦੇਣ ਵਾਸਤੇ ਈਸ਼ਵਰ ਨੇ ਮੁਗਲ ਬਾਦਸ਼ਾਹ ਬਾਬਰ ਨੂੰ ਜਮ ਬਣਾ ਕੇ ਭੇਜਿਆ ਹੈ। ਇਥੇ ਧਿਆਨ ਯੋਗ ਗੱਲ ਇਹ ਹੈ ਕਿ ਬਾਬਰ ਦੇ ਹਮਲੇ

ਨੂੰ ਗੁਰੂ ਨਾਨਕ ਸਾਹਿਬ ਕਿਸੇ ਰਾਜਨੀਤਕ ਦ੍ਰਿਸ਼ਟੀ ਤੋਂ ਨਹੀਂ ਵੇਖ ਰਹੇ (ਜਿਵੇਂ ਕਿ ਅਜੋਕੇ ਵਿਦਵਾਨਾਂ ਦਾ ਮੱਤ ਹੈ) ਸਗੋਂ ਉਨ੍ਹਾਂ ਦੀ ਦ੍ਰਿਸ਼ਟੀ ਅਧਿਆਤਮਿਕ ਹੀ ਰਹੀ ਹੈ। ਅਧਿਆਤਮਿਕ ਦ੍ਰਿਸ਼ਟੀ ਤੋਂ ਵੇਖਿਆਂ ਹਰ ਮਨੁੱਖ ਨੂੰ ਆਪਣੇ ਕਰਮਾਂ ਦੀ ਸਜ਼ਾ ਭੁਗਤਣੀ ਪੈਂਦੀ ਹੈ। ਇਥੇ ਕਰਮ ਸਿਧਾਂਤ ਦੀ ਹੀ ਇਕ ਇਤਿਹਾਸਕ ਘਟਨਾ ਦੇ ਪ੍ਰਸੰਗ ਵਿੱਚ ਵਿਆਖਿਆ ਕੀਤੀ ਗਈ ਹੈ।

ਬਾਬਰ ਦੇ ਹਮਲੇ ਨਾਲ ਸੰਬੰਧਤ ਇਕ ਹੋਰ ਥਾਂ 'ਤੇ ਗੁਰੂ ਨਾਨਕ ਸਾਹਿਬ ਉਸ ਸਮੇਂ ਦੇ ਧਾਰਮਿਕ ਪਤਨ ਦਾ ਚਿੱਤਰ ਪੇਸ਼ ਕਰਦੇ ਹੋਏ ਲਿਖਦੇ ਹਨ :

ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ।।
ਸਰਮ ਧਰਮ ਦੁਇ ਛਪਿ ਖਲੋਇ
ਕੂੜ ਫਿਰੈ ਪ੍ਰਧਾਨ ਵੇ ਲਾਲੋ।।
ਕਾਦੀਆਂ ਬਾਮ੍ਹਣਾਂ ਕੀ ਗਲ ਥਕੀ
ਅਗਦੁ ਪੜੇ ਸੰਤਾਨ ਵੇ ਲਾਲੋ।।

ਇੱਥੇ ਵੀ ਆਪ ਕੇਵਲ ਸਮਾਜ ਦਾ ਚਿੱਤਰ ਪੇਸ਼ ਨਹੀਂ ਕਰ ਰਹੇ ਸਗੋਂ ਸਮਾਜ ਦੇ ਧਾਰਮਿਕ ਪਤਨ ਵੱਲ ਸੰਕੇਤ ਕਰ ਰਹੇ ਹਨ। ਧਾਰਮਿਕ ਕੀਮਤਾਂ ਦੀ ਅਧੋਗਤੀ ਦੇ ਕਾਰਨ ਸਮਾਜ ਵਿੱਚ ਵਿਚਰ ਰਿਹਾ ਮਨੁੱਖ ਸੱਚੇ ਤੇ ਠੀਕ ਮਾਰਗ ਉਤੇ ਚੱਲਣੋਂ ਅਸਮਰੱਥ ਹੋ ਜਾਂਦਾ ਹੈ। ਇੱਥੇ ਵੀ ਧਰਮ ਤੋਂ ਬੇਮੁੱਖ ਹੋਏ ਸਮਾਜ ਨੂੰ ਅਧਿਆਤਮਿਕ ਮਾਰਗ ਵਿੱਚ ਵਿਘਨ ਦੇ ਰੂਪ ਵਿੱਚ ਹੀ ਵਿਖਾਇਆ ਹੈ।

ਅਧਿਆਤਮਿਕ ਸਿਧਾਂਤਾਂ ਦੀ ਵਿਆਖਿਆ ਸਮਾਜਕ ਯਥਾਰਥ ਦੇ ਪ੍ਰਸੰਗ ਵਿੱਚ ਹੋਈ ਹੈ। ਗੁਰੂ ਸਾਹਿਬ ਦੇ ਸਮੇਂ ਦੀ ਸਭ ਤੋਂ ਮਹੱਤਵਪੂਰਨ ਸ਼ਖ਼ਸੀਅਤ ਸੁਲਤਾਨ ਜਾਂ ਪਾਤਸ਼ਾਹ ਦੀ ਸੀ। ਸੁਲਤਾਨ ਆਪਣੀ ਸ਼ਕਤੀ ਕਰਕੇ ਸਤਿਕਾਰਿਆ ਜਾਂਦਾ ਸੀ। ਉਸ ਦੇ ਹੁਕਮ ਦੀ ਉਲੰਘਣਾ ਮਨੁੱਖ ਲਈ ਮੌਤ ਦੇ ਬਰਾਬਰ ਸੀ ਪਰੰਤੂ ਸੁਲਤਾਨੀ ਹੁਕਮ ਰੱਬੀ ਰਜ਼ਾ ਦੇ ਅਨੁਕੂਲ ਨਹੀਂ ਸੀ। ਪਰ ਸੁਲਤਾਨ ਦੇ ਹੁਕਮ ਦੀ ਉਲੰਘਣਾ ਵੀ ਕੋਈ ਆਸਾਨ ਕੰਮ ਨਹੀਂ ਸੀ। ਸਮੇਂ ਦਾ ਮੂਲ ਦੁਖਾਂਤ ਇਹ ਸੀ ਕਿ ਸੁਲਤਾਨ ਦੇ ਹੁਕਮ ਦੀ ਪਾਲਣਾ ਤੇ ਉਲੰਘਣਾ ਦੋਨੋਂ ਹੀ ਮਨੁੱਖ ਦੀ ਸ਼ਖਸ਼ੀਅਤ ਲਈ ਘਾਤਕ ਸਨ। ਅਜਿਹੇ ਰਾਜਸੀ ਸੰਕਟ ਵਿੱਚ ਹੀ ਗੁਰੂ ਸਾਹਿਬਾਨ ਨੇ ਅਧਿਆਤਮਿਕ ਹੁਕਮ ਦੀ ਪਾਲਣਾ ਉੱਤੇ ਬਲ ਦਿੱਤਾ। ਗੁਰਬਾਣੀ ਵਿੱਚ ਇਕ ਗੱਲ ਬਹੁਤ ਵਾਰੀ ਦੁਹਰਾਈ ਗਈ ਹੈ ਕਿ ਰੱਬ ਸੁਲਤਾਨ ਜਾਂ ਪਾਤਸ਼ਾਹ ਹੈ ਤੇ ਉਸ ਦਾ ਵੀ ਇਕ ਦਰਬਾਰ ਹੈ। ਗੁਰੂ ਸਾਹਿਬਾਨ ਨੇ ਦੁਨਿਆਵੀ ਸੁਲਤਾਨ ਅਤੇ ਉਸ ਦੇ ਦਰਬਾਰ ਤੋਂ ਲੋਕਾਂ ਦੀ ਨਜ਼ਰ ਨੂੰ ਹਟਾ ਕੇ, ਸੱਚੇ ਪਾਤਸ਼ਾਹ (ਰੱਬ) ਅਤੇ ਉਸ ਦੇ ਦਰਬਾਰ ਉੱਤੇ ਲਾਉਣ ਲਈ ਬਲ ਦਿੱਤਾ। ਇਸ ਦਾ ਬੜਾ ਗੰਭੀਰ ਸਿੱਟਾ ਨਿਕਲਿਆ। ਰੱਬੀ ਹੁਕਮ ਨਾਲ ਜੁੜੇ ਮਨੁੱਖੀ ਮਨ ਵਿੱਚ ਇਕ ਅਥਾਹ ਸ਼ਕਤੀ ਆ ਜਾਂਦੀ ਹੈ, ਉਸ ਨੂੰ ਚਾਨਣ ਹੋ ਜਾਂਦਾ ਹੈ। ਉਹ ਹਰ ਉਸ ਕੀਮਤ ਦਾ ਮੂੰਹ ਤੋੜ ਜਵਾਬ ਦੇ ਸਕਣ ਦੇ ਸਮਰੱਥ ਹੋ ਜਾਂਦਾ ਹੈ ਜੋ ਉਸ ਨੂੰ ਇਸ ਖੁਦਾਈ ਹੁਕਮ ਨਾਲ ਜੋੜਨ ਤੋਂ ਰੋਕਦੀ ਹੋਵੇ। ਇਸ ਦਾ ਅਸਰ ਇਹ ਹੁੰਦਾ ਹੈ ਕਿ ਅਜਿਹਾ ਮਨੁੱਖ ਇਕ ਨਿਸ਼ਚਿਤ ਅਧਿਆਤਮਿਕ ਮਾਰਗ ਦਾ ਪਾਂਧੀ ਹੋ ਜਾਂਦਾ ਹੈ। ਇਸ ਰਾਹ ਉੱਤੇ ਚਲ ਕੇ ਮਨੁੱਖ ਅਨਿਆਂ ਨਾਲ ਟੱਕਰ ਲੈ ਸਕਦਾ ਹੈ। ਇਸ ਇਲਾਹੀ ਹੁਕਮ ਦੀ ਪਾਲਣਾ ਅਤੇ ਉਲੰਘਣਾ ਅਧਿਆਤਮਿਕ ਪਿੜ ਵਿੱਚ ਉੱਤਰੇ ਹੋਏ ਸੂਰਮਿਆਂ ਲਈ ਇਕ ਕਸਵੱਟੀ ਬਣ ਗਈ। ਹੁਕਮ ਅਤੇ ਹਉਮੈ ਇਕ ਮਾਪ ਸਨ ਜਿਸ ਉੱਤੇ ਹਰ ਮਨੁੱਖ ਦੀ ਪਰਖ ਕੀਤੀ ਜਾ ਸਕਦੀ ਸੀ। ਸੁਲਤਾਨ ਜਾਂ ਪਾਤਸ਼ਾਹ ਵੀ ਇਸੇ ਕਸਵੱਟੀ ਉੱਤੇ ਪਰਖੇ ਜਾਣ ਲੱਗੇ। ਜਗਤ ਵਿੱਚ ਹੁਕਮ ਦੀ ਪਾਲਣਾ ਕਰਨ ਵਾਲੇ ਨੂੰ ਗੁਰਮੁਖ ਦਾ ਨਾਮ ਦਿੱਤਾ ਗਿਆ। ਹੁਕਮ ਦੀ ਉਲੰਘਣਾ ਅਰਥਾਤ ਹਉਮੈ ਦੀ ਪਾਲਣਾ ਕਰਨ ਵਾਲੇ ਨੂੰ ਮਨਮੁਖ ਕਹਿ ਕੇ ਨਿੰਦਿਆ ਗਿਆ ਹੈ।

ਵਿਆਹੁਤਾ ਇਸਤਰੀ ਜੇ ਪਤੀ ਦੇ ਹੁਕਮ ਵਿੱਚ ਰਹੇ ਤਾਂ ਉਹ ਸੁਹਾਗਣ ਹੈ ਨਹੀਂ ਤਾਂ ਉਹ ਪਤੀ ਦੇ ਪਿਆਰ ਤੋਂ ਵਾਂਝੀ ਹੋਣ ਕਰਕੇ ਦੁਹਾਗਣ ਕਹਿ ਕੇ ਦੁਰਕਾਰੀ ਜਾਂਦੀ ਹੈ, ਜਿਵੇਂ ਸੁਲਤਾਨ ਸਤਿਕਾਰ ਯੋਗ ਤਾਂ ਹੀ ਹੋ ਸਕਦਾ ਸੀ ਜੇ ਉਹ ਰੱਬ ਦੇ ਹੁਕਮ ਅਨੁਕੂਲ ਕੰਮ ਕਰਦਾ ਹੈ। ਇਸੇ ਤਰ੍ਹਾਂ ਪਤੀ ਲਈ ਵੀ ਰੱਬ ਦੇ ਹੁਕਮ ਵਿੱਚ ਵਿਚਰਨਾ ਜ਼ਰੂਰੀ ਸੀ। ਰੱਬ ਦੇ ਹੁਕਮ ਵਿੱਚ ਵਿਚਰਨਾ ਉਸ ਦੇ ਲਈ ਸਿਰਜਣ ਸ਼ਕਤੀ ਦਾ ਸਵਾਮੀ ਹੋਣਾ ਸੀ। ਇਸ ਪ੍ਰਕਾਰ ਗੁਰੂ ਸਾਹਿਬ ਵੱਲੋਂ ਮਨ ਨੂੰ ਕਿਰਸਾਨ ਕਹਿ ਕੇ ਇਸ ਮੂਲ ਕਰਤੱਵ ਨੂੰ ਜਤਾਇਆ ਗਿਆ ਹੈ।

ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਸਾਹਿਬਾਨ ਦੀ ਨਜ਼ਰ ਕੇਵਲ ਆਪਣੇ ਸਮੇਂ ਦੇ ਸਮਾਜ ਉੱਤੇ ਹੀ ਨਹੀਂ ਸੀ ਸਗੋਂ ਆਪ ਉਸ ਸਮਾਜ ਨੂੰ ਅਧਿਆਤਮਿਕ ਰੰਗ ਵਿੱਚ ਪੇਸ਼ ਕਰਨਾ ਚਾਹੁੰਦੇ ਸਨ ਅਰਥਾਤ ਅਧਿਆਤਮਿਕ ਕੀਮਤਾਂ ਦੇ ਪ੍ਰਸੰਗ ਵਿੱਚ ਉਸ ਦਾ ਨਿਰਮਾਣ ਕਰਨਾ ਉਨ੍ਹਾਂ ਦਾ ਅਸਲ ਨਿਸ਼ਾਨਾ ਸੀ। ਸਮਾਜ ਦੇ ਕਿਸੇ ਇਕ ਇਕੱਲੇ ਵਿਅਕਤੀ ਨੂੰ ਸੰਵਾਰਨਾ ਉਨ੍ਹਾਂ ਦਾ ਮਨੋਰਥ ਨਹੀਂ ਸੀ। *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚਲੀ ਸਮੁੱਚੀ ਬਾਣੀ ਸਮਾਜ ਨੂੰ ਉਕਤ ਰੰਗ ਵਿੱਚ ਰੰਗਣ ਦੀ ਲੋਚਾ ਰੱਖਦੀ ਹੈ ਜਿਸ ਨਾਲ ਸਭਿਆਚਾਰ ਵਿੱਚ ਅਧਿਆਤਮਿਕਤਾ ਦਾ ਹੋਣਾ ਲਾਜ਼ਮੀ ਹੋ ਜਾਂਦਾ ਹੈ।

ਸਾਰਾਂਸ਼ ਵਜੋਂ ਕਿਹਾ ਜਾ ਸਕਦਾ ਹੈ ਕਿ ਇਹ ਅਜਿਹਾ ਪ੍ਰਮਾਣਿਕ ਗ੍ਰੰਥ ਹੈ ਜਿਸ ਦੀ ਬਾਣੀ ਦੀ ਰਚਨਾ ਕਰਨ ਵਾਲਿਆਂ ਗੁਰੂ ਸਾਹਿਬਾਨ ਨੇ ਆਪ ਹੀ ਇਕੱਠੀ ਕਰੀ ਰੱਖਿਆ ਅਤੇ ਇਸ ਨੂੰ ਅੰਤਿਮ ਰੂਪ ਵੀ ਪੰਜਵੇਂ ਅਤੇ ਦਸਵੇਂ ਗੁਰੂ ਨੇ ਦਿੱਤਾ। ਇਸ ਤਰ੍ਹਾਂ ਇਹ ਰਲ਼ਿਆਂ ਅਤੇ ਸ਼ੰਕਾਵਾਂ ਤੋਂ ਮੁਕਤ ਹੈ। ਇਹ ਇਕ ਸਰਬ-ਸਾਂਝਾ ਗ੍ਰੰਥ ਹੈ ਜਿਸ ਵਿਚ ਕਿਸੇ ਇਕ ਫਿਰਕੇ, ਧਰਮ, ਸੰਸਥਾ ਜਾਂ ਸਾਧਨਾ ਸੰਬੰਧੀ ਬਚਨ ਦਰਜ ਨਹੀਂ ਹੋਏ, ਮਨੁੱਖਤਾ ਦੇ ਕਲਿਆਣ ਲਈ ਹਰ ਉਸ ਸਾਧਕ ਦੀ ਬਾਣੀ ਨੂੰ ਬਿਨਾਂ ਕਿਸੇ ਭੇਦ-ਭਾਵ ਤੋਂ ਸਥਾਨ ਦਿੱਤਾ ਗਿਆ ਹੈ, ਜੋ ਸੰਸਾਰਿਕਤਾ ਵਿਚ ਗ੍ਰਸੇ ਮਨੁੱਖ ਨੂੰ ਮੰਗਲਮਈ ਸੰਦੇਸ਼ ਦੇ ਕੇ ਧਰਮ ਆਨੰਦ ਦੀ ਪ੍ਰਾਪਤ ਲਈ ਪ੍ਰੇਰਨਾ ਅਤੇ ਉਤਸ਼ਾਹ ਦੇ ਸਕੇ ਅਤੇ ਇਹ ਹੈ ਵੀ ਸੱਚ, ਸਦੀਆਂ ਤੋਂ ਇਸ ਗ੍ਰੰਥ ਦੇ ਬਚਨ ਲੱਖਾਂ ਪ੍ਰਾਣੀਆਂ ਦੇ ਕੰਨੀ ਪੈ ਕੇ ਅਤੇ ਰਸਨੀ ਚੜ੍ਹ ਕੇ ਉਨ੍ਹਾਂ ਨੂੰ ਭਵਸਾਗਰੋਂ ਪਾਰ ਉਤਾਰਦੇ ਹਨ। ਜਿਸ ਕਰਕੇ ਇਸ ਗ੍ਰੰਥ ਦੀ ਸਾਹਿਤਕ ਸੰਸਾਰ ਨੂੰ ਮਹਾਨ ਦੇਣ ਹੈ।

## ਮਹੱਤਵਪੂਰਨ ਪ੍ਰਸ਼ਨ

1. ਗੁਰੂ ਗ੍ਰੰਥ ਸਾਹਿਬ ਦਾ ਸਭਿਆਚਾਰਕ ਅਧਿਐਨ ਪੇਸ਼ ਕਰੋ। (ਮਈ 2016)
2. 'ਗੁਰੂ ਗ੍ਰੰਥ ਸਾਹਿਬ' ਦੇ ਸਾਹਿਤਕ-ਸਭਿਆਚਾਰਕ ਪਰਿਪੇਖ ਉਤੇ ਵਿਚਾਰ ਕਰੋ। (ਮਈ 2016)
3. ਗੁਰੂ ਗ੍ਰੰਥ ਸਾਹਿਬ ਵਿਚ ਤਤਕਾਲੀ ਇਤਿਹਾਸ ਦੇ ਪ੍ਰਤੱਖ ਅਤੇ ਅਪ੍ਰਤੱਖ ਸੰਕੇਤ ਮਿਲਦੇ ਹਨ। ਉਹ ਸੰਕੇਤ ਕਿਹੜੇ-ਕਿਹੜੇ ਹਨ ਅਤੇ ਉਹ ਉਸ ਵੇਲੇ ਦੇ ਇਤਿਹਾਸ ਉਪਰ ਕਿਸ ਕਿਸਮ ਦੀ ਰੋਸ਼ਨੀ ਪਾਉਂਦੇ ਹਨ? (ਮਈ 2017)

**ਪਾਠ ਨੰ: 2.9** **– ਪ੍ਰੋ. ਬ੍ਰਹਮਜਗਦੀਸ਼ ਸਿੰਘ**

# ਸੰਖੇਪ ਪ੍ਰਸ਼ਨ-ਉੱਤਰ

## 2.9.1 ਭੂਮਿਕਾ :

ਮੱਧਕਾਲੀਨ ਪੰਜਾਬੀ ਸਾਹਿੱਤ ਦੀ ਬੜੀ ਅਮੀਰ ਪਰੰਪਰਾ ਹੈ।ਇਸ ਵਿਚ ਬਹੁਤ ਸਾਰੀਆਂ ਧਾਰਾਵਾਂ ਅਤੇ ਪ੍ਰਵਿਰਤੀਆਂ ਕਰਮਸ਼ੀਲ ਰਹੀਆਂ ਹਨ। ਗੁਰਮਤਿ ਕਾਵਿਧਾਰਾ, ਸੂਫ਼ੀ ਕਾਵਿ ਧਾਰਾ, ਕਿੱਸਾ ਕਾਵਿ, ਵਾਰ ਕਾਵਿ ਅਤੇ ਜੰਗਨਾਮਿਆਂ ਤੋਂ ਬਿਨਾਂ ਪੰਜਾਬੀ ਵਾਰਤਕ ਦੇ ਵੀ ਕਈ ਰੂਪ, ਉਪ-ਰੂਪ ਸਾਹਮਣੇ ਆਏ। ਇਨ੍ਹਾਂ ਰੂਪਾਂ ਅਤੇ ਉਪ-ਰੂਪਾਂ ਦੇ ਨਾਲ-ਨਾਲ ਬਹੁਤ ਸਾਰੇ ਤਕਨੀਕੀ ਅਤੇ ਸੰਕਲਪਗਤ ਵੇਰਵਿਆਂ ਦੀ ਉਤਪਤੀ ਹੋਈ। ਹਰ ਕਵੀ ਨੇ ਵਿਸ਼ੇਸ਼ ਰੂਪਾਕਾਰਾਂ ਦੇ ਮਾਧਿਅਮ ਦੁਆਰਾ ਆਪਣੇ ਅਨੁਭਵ ਨੂੰ ਪ੍ਰਕਾਸ਼ਮਾਨ ਕੀਤਾ। ਮੱਧਕਾਲੀਨ ਪੰਜਾਬੀ ਸਾਹਿੱਤ ਦੇ ਇਤਿਹਾਸ ਨੂੰ ਸਮਝਣ ਲਈ ਇਨ੍ਹਾਂ ਰੂਪਾਕਾਰਾਂ ਦੀ ਪ੍ਰਕ੍ਰਿਤੀ, ਇਤਿਹਾਸ ਅਤੇ ਸੰਰਚਨਾ ਨੂੰ ਸਮਝਣਾ ਬੜਾ ਜ਼ਰੂਰੀ ਹੈ। ਹਥਲੇ ਪਾਠ ਵਿਚ ਇਨ੍ਹਾਂ ਤੱਥਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾ ਰਹੀ ਹੈ।

## 2.9.2 ਪ੍ਰਯੋਜਨ

ਇਸ ਪਾਠ ਦਾ ਪ੍ਰਯੋਜਨ ਮੱਧਕਾਲੀਨ ਪੰਜਾਬੀ ਸਾਹਿੱਤ ਬਾਰੇ ਸਰਬਪੱਖੀ ਜਾਣਕਾਰੀ ਪ੍ਰਦਾਨ ਕਰਨਾ ਹੈ। ਪਿਛਲੇ ਕੁਝ ਵਰ੍ਹਿਆਂ ਵਿਚ ਸਾਹਿੱਤ ਦੇ ਅਧਿਆਪਕਾਂ ਅਤੇ ਲੇਖਕਾਂ ਨੇ ਸਾਂਝੇ ਤੌਰ ਤੇ ਮਹਿਸੂਸ ਕੀਤਾ ਸੀ ਕਿ ਵਿਦਿਆਰਥੀ ਟੈਕਸਟ-ਬੁਕਸ ਨੂੰ ਧਿਆਨ ਨਾਲ ਨਹੀਂ ਪੜ੍ਹਦੇ। ਬਲਕਿ ਹਲਕੇ ਪੱਧਰਦੀਆਂ ਗਾਈਡਾਂ ਆਦਿ ਪੜ ਕੇ ਆਪਣਾ ਕੰਮ ਸੰਪੂਰਨ ਹੋਇਆ ਸਮਝ ਲੈਂਦੇ ਹਨ।ਪ੍ਰੰਤੂ ਵੇਖਣ ਵਿਚ ਆਇਆ ਹੈ ਕਿ ਪੜ੍ਹਾਈ ਦੇ ਕਾਰਜ ਨੂੰ ਗ਼ੈਰ-ਸੰਜੀਦਗੀ ਨਾਲ ਲੈਣ ਵਾਲੇ ਵਿਦਿਆਰਥੀ ਅੱਗੇ ਜਾ ਕੇ ਬਹੁਤ ਲਾਚਾਰ ਅਨੁਭਵ ਕਰਦੇ ਹਨ। ਉਹ ਆਪਣੇ ਵਿਵਸਾਇਕ ਜੀਵਨ ਵਿਚ ਸਫ਼ਲ ਨਹੀਂ ਹੋ ਪਾਉਂਦੇ। ਇਸ ਕਾਰਨ ਵਿਦਿਆਰਥੀਆਂ ਲਈ ਬੜਾ ਜ਼ਰੂਰੀ ਹੈ ਕਿ ਉਹ ਪਾਠ-ਪੁਸਤਕਾਂ ਅਤੇ ਚੰਗੀਆਂ ਆਲੋਚਨਾਤਮਕ ਪੁਸਤਕਾਂ ਨੂੰ ਧਿਆਨ ਨਾਲ ਵਾਚਣ ਅਤੇ ਪਰੀਖਿਆ ਵਾਸਤੇ ਆਪਣੇ ਨੋਟਸ ਖ਼ੁਦ ਤਿਆਰ ਕਰਨ। ਯਾਦ ਰਹੇ ਕਿ ਸਫ਼ਲ ਵਿਅਕਤੀ ਬਣਨ ਵਾਸਤੇ ਕਦੇ ਕੋਈ 'ਸ਼ਾਰਟ-ਕਟ' ਨਹੀਂ ਹੁੰਦਾ ਬਲਕਿ ਬਿਖੜੇ ਅਤੇ ਲੰਬੇ ਰਾਹਾਂ ਉਪਰ ਚੱਲ ਕੇ ਹੀ ਸਫ਼ਲਤਾ ਪ੍ਰਾਪਤ ਹੁੰਦੀ ਹੈ। ਹੱਥਲੇ ਪਾਠ ਵਿਚ ਦਿੱਤੀ ਗਈ ਸਾਮੱਗਰੀ ਵਿਦਿਆਰਥੀਆਂ ਦੀ ਜਾਣਕਾਰੀ ਵਿਚ ਭਰਪੂਰ ਵਾਧਾ ਕਰੇਗੀ ਅਤੇ ਉਨ੍ਹਾਂ ਵਿਚ ਆਤਮ-ਵਿਸ਼ਵਾਸ ਨੂੰ ਵਧਾਏਗੀ।

## 2.9.3

### ਪ੍ਰਸ਼ਨ 1 ਮੱਧਕਾਲੀਨ ਪੰਜਾਬੀ ਸਾਹਿੱਤ ਤੋਂ ਕੀ ਭਾਵ ਹੈ।

**ਉੱਤਰ:** ਮੱਧਕਾਲੀਨ ਪੰਜਾਬੀ ਸਾਹੱਤਿ ਤੋਂ ਭਾਵ ਅਜਿਹਾ ਸਾਹਿਤ ਹੈ ਜੋ ਪ੍ਰਦਰਵੀਂ ਸਦੀ ਤੋਂ ਲੈ ਕੇ 1850 ਈ. ਤਕ ਰਚਿਆ ਗਿਆ। ਇਸ ਸਾਹਿੱਤ ਦੇ ਘੇਰੇ ਅੰਦਰ ਗੁਰਮਤਿ ਕਾਵਿ, ਸੂਫ਼ੀ ਕਾਵਿ, ਕਿੱਸਾ ਕਾਵਿ-ਵਾਰਾਂ, ਜੰਗਨਾਮੇ ਅਤੇ ਪੁਰਾਤਨ ਪੰਜਾਬੀ ਵਾਰਤਕ ਆਦਿਕ ਰੂਪ ਜਾਂ ਧਾਰਾਵਾਂ ਆਉਂਦੀਆਂ ਹਨ। ਇਹ ਸਾਹਿੱਤ ਜਾਗੀਰਦਾਰੀ ਪ੍ਰਬੰਧ ਦੇ ਦਬਾਵਾਂ ਅਤੇ ਲੋੜਾਂ ਵਿਚੋਂ ਪੈਦਾ ਹੋਇਆ। ਇਸ ਸਾਹਿੱਤ ਵਿਚ ਮਨੁੱਖੀ ਸਮਾਨਤਾ, ਸੁਤੰਤਰਤਾ ਅਤੇ ਸਾਂਝੀਵਾਲਤਾ ਦੇ ਸੁਰ ਉੱਭਰੇ। 1850 ਈ. ਦੇ ਆਸ-ਪਾਸ ਪੰਜਾਬ ਉਪਰ ਅੰਗਰੇਜ਼ੀ ਸਾਮਰਾਜ ਦੀ ਸਥਾਪਨਾ ਦੇ ਕਾਰਨ ਵਸਤੂ-ਸਥਿਤੀਆਂ ਬਦਲ ਗਈਆਂ ਅਤੇ ਆਧੁਨਿਕ ਸਾਹਿੱਤ

ਪੈਦਾ ਹੋਣ ਲੱਗਾ।

**ਪ੍ਰਸ਼ਨ 2 ਸਭਿਆਚਾਰਕ ਅਤੇ ਰਾਜਸੀ ਪਰਿਪੇਖ ਕੀ ਹੁੰਦਾ ਹੈ?**

**ਉੱਤਰ:** ਆਧੁਨਿਕ ਚਿੰਤਕਾਂ ਅਤੇ ਆਲੋਚਕਾਂ ਦੀ ਰਾਇ ਹੈ ਕਿ ਕੋਈ ਵੀ ਕਲਾ-ਰੂਪ ਖ਼ਲਾਅ ਵਿਚੋਂ ਪੈਦਾ ਨਹੀਂ ਹੁੰਦਾ ਬਲਕਿ ਇਕ ਵਿਚਾਰਧਾਰਕ ਪਰਿਪੇਖ ਵਿਚੋਂ ਪੈਦਾ ਹੁੰਦਾ ਹੈ। ਹਰ ਸਭਿਆਚਾਰ ਅਤੇ ਰਾਜਸੀ ਪ੍ਰਬੰਧ ਦੀਆਂ ਕੁਝ ਲੋੜਾਂ ਹੁੰਦੀਆਂ ਹਨ। ਆਪਣੀ ਲੋੜਾਂ ਦੀ ਪੂਰਤੀ ਲਈ ਇਹ ਸੰਸਥਾਵਾਂ ਆਪਣੇ-ਆਪਣੇ ਸਮਾਜ ਉਪਰ ਦਬਾਉ ਬਣਾਉਂਦੀਆਂ ਹਨ। ਇਨ੍ਹਾਂ ਸਮਾਜਾਂ ਵਿਚ ਰਹਿਣ ਵਾਲੇ ਸੰਵੇਦਨਸ਼ੀਲ ਲੇਖਕ ਅਤੇ ਕਲਾਕਾਰ, ਮਾਨਵਹਿਤੈਸ਼ੀ ਅਤੇ ਲੋਕਪੱਖੀ ਮੁੱਲਾਂ ਨੂੰ ਸਮਰਥਨ ਦਿੰਦੇ ਹਨ ਅਤੇ ਲੋਕ ਵਿਰੋਧੀ ਜਾਂ ਦਮਨਕਾਰੀ ਮੁੱਲਾਂ ਦੇ ਵਿਰੁੱਧ ਡਟ ਕੇ ਖਲੋ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਅਤੇ ਹੋਰ ਮਹਾਨ ਕਵੀਆਂ ਨੇ ਇਹੀ ਪੈਂਤੜਾ ਅਪਣਾਇਆ ਸੀ। ਅੱਜ ਵੀ ਪ੍ਰਮਾਣਿਕ ਲੇਖਕ ਇਹੀ ਪੈਂਤੜਾ ਅਪਣਾਉਂਦੇ ਹਨ। ਸੋ ਸਭਿਆਚਾਰਕ ਅਤੇ ਰਾਜਸੀ ਪਰਿਪੇਖ ਦੇ ਚਰਿੱਤਰ ਨੂੰ ਸਮਝਣ ਤੋਂ ਬਗ਼ੈਰ ਉੱਤਮ ਸਾਹਿੱਤ ਦੀ ਰਚਨਾ ਨਹੀਂ ਹੋ ਸਕਦੀ।

**ਪ੍ਰਸ਼ਨ 3 ਬੀਰ-ਕਾਵਿ ਤੋਂ ਕੀ ਭਾਵ ਹੈ?**

**ਉੱਤਰ :** ਸਾਹਿੱਤ ਵਿਚ ਬੀਰ-ਰਸ ਦੀ ਪੇਸ਼ਕਾਰੀ ਕਰਨ ਵਾਲੇ ਸਾਹਿੱਤ ਨੂੰ ਬੀਰ-ਕਾਵਿ ਦਾ ਨਾਮ ਦਿੱਤਾ ਗਿਆ ਹੈ। ਭਾਰਤੀ ਆਚਾਰੀਆਂ (ਭਰਤਮੁਨੀ ਅਤੇ ਵਿਸ਼ਵਨਾਥ) ਅਨੁਸਾਰ ਬੀਰ ਰਸ ਦਾ ਸਥਾਈ ਭਾਵ ਉਤਸਾਹ ਹੈ। ਸੋ ਜਿਹੜਾ ਕਾਵਿ, ਪਾਠਕਾਂ ਜਾਂ ਸਰੋਤਿਆਂ ਦੇ ਮਨਾਂ ਅੰਦਰ ਜੀਵਨ ਪ੍ਰਤਿ ਉਤਸਾਹ ਨੂੰ ਜਗਾਉਂਦਾ ਹੈ, ਉਸ ਨੂੰ ਬੀਰ-ਕਾਵਿ ਦੇ ਅੰਤਰਗਤ ਰੱਖਿਆ ਜਾਂਦਾ ਹੈ। ਪੰਜਾਬੀ ਸਾਹਿੱਤ ਵਿਚ ਵਾਰਾਂ (ਅਧਿਆਤਮਕ ਅਤੇ ਲੋਕ-ਵਾਰਾਂ ਸਮੇਤ) ਅਤੇ ਜੰਗਨਾਮਿਆਂ ਨੂੰ ਬੀਰ-ਕਾਵਿ ਦੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ। ਉਂਜ ਬੀਰ-ਰਸ ਦੇ ਨਮੂਨੇ ਪੰਜਾਬੀ ਕਾਵਿ ਦੇ ਹੋਰ ਰੂਪਾਂ ਵਿਚ ਵੀ ਮਿਲ ਜਾਂਦੇ ਹਨ।

**ਪ੍ਰਸ਼ਨ 4 ਮੱਧਕਾਲੀਨ ਪੰਜਾਬੀ ਵਾਰਤਕ ਦੀ ਕੀ ਦੇਣ ਹੈ?**

**ਉੱਤਰ :** ਮੱਧਕਾਲੀਨ ਪੰਜਾਬੀ ਵਾਰਤਕ ਦੇ ਕਈ ਸੋਮੇ ਹਨ ਜਿਵੇਂ ਜਨਮਸਾਖੀਆਂ, ਗੋਸ਼ਟਾਂ, ਟੀਕੇ, ਪਰਚੀਆਂ, ਸੁਖ਼ਨ, ਰਹਿਤਨਾਮੇ ਅਤੇਹੁਕਮਨਾਮੇ ਆਦਿਕ। ਇਨ੍ਹਾਂ ਸੋਮਿਆਂ ਤੋਂ ਹੇਠ ਲਿਖੇ ਅਨੁਸਾਰ ਜਾਣਕਾਰੀ ਉਪਲਬਧ ਹੁੰਦੀ ਹੈ:

(i) ਗੁਰੂਆਂ ਅਤੇ ਮਹਾਪੁਰਖਾਂ ਦੇ ਜੀਵਨ ਅਤੇ ਸਿੱਖਿਆ;

(ii) ਨੈਤਿਕ ਕਦਰਾਂ ਕੀਮਤਾਂ ਦਾ ਗਿਆਨ;

(iii) ਗੁੰਝਲਦਾਰ ਅਤੇ ਕਠਿਨ ਰਚਨਾਵਾਂ ਦੀ ਵਿਆਖਿਆ;

(iv) ਇਤਿਹਾਸ ਅਤੇ ਸਭਿਆਚਾਰ ਬਾਰੇ ਜਾਣਕਾਰੀ

(v) ਮੁਨੱਖੀ ਜੀਵਨ ਪ੍ਰਤਿਸਕਾਰਾਤਮਕ ਪਹੁੰਚ।

(v) ਆਧੁਨਿਕ ਵਾਰਤਕ ਦੇ ਵਿਕਾਸ ਲਈ ਵਿਧੀਆਂ ਅਤੇ ਰੂੜ੍ਹੀਆਂ (motifs) ਨਿਸ਼ਚਿਤ ਕਰਨਾ।

**ਪ੍ਰਸ਼ਨ 5 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੰਨੇ ਭਗਤਾਂ ਦੀ ਬਾਣੀ ਦਰਜ ਹੈ? (ਸਤੰਬਰ 2004)**

**ਉੱਤਰ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 15 ਭਗਤਾਂ ਅਤੇ ਸੰਤਾਂ ਦੀ ਬਾਣੀ ਦਰਜ ਹੈ, ਜਿੰਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ : ਸ਼ੇਖ਼ ਫ਼ਰੀਦ, ਭਗਤ ਨਾਮਦੇਵ, ਭਗਤ ਕਬੀਰ, ਭਗਤ ਰਵਿਦਾਸ, ਭਗਤ ਤ੍ਰਿਲੋਚਨ, ਭਗਤ ਬੇਣੀ, ਭਗਤ ਧੰਨਾ, ਭਗਤ ਜੈਦੇਵ, ਭਗਤ ਭੀਖਣ, ਭਗਤ ਪਰਮਾਨੰਦ, ਭਗਤ ਸੈਣ, ਭਗਤ ਪੀਪਾ,

ਭਗਤ ਸਧਨਾ, ਭਗਤ ਰਾਮਾਨੰਦ ਅਤੇ ਭਗਤ ਸੂਰਦਾਸ।

**ਪ੍ਰਸ਼ਨ 6 ਮੱਧਕਾਲੀਨ ਪੰਜਾਬੀ ਸਾਹਿੱਤ ਦੇ ਨਾਮਕਰਣ ਬਾਰੇ ਦੱਸੋ।**

**ਉੱਤਰ:** ਇਸ ਕਾਲ ਵਿਚ ਰਚੇ ਗਏ ਸਾਹਿੱਤ ਨੂੰ ਕਈ ਨਾਵਾਂ ਨਾਲ ਜੋੜਿਆ ਗਿਆ ਹੈ ਜਿਵੇਂ :ਗੁਰੂ ਨਾਨਕ ਕਾਲ, ਚੜ੍ਹਦਾ ਮੁਗ਼ਲ ਕਾਲ, ਧਾਰਮਿਕ ਅਤੇ ਛਾਇਆਵਾਦੀ ਸਾਹਿੱਤ ਦਾ ਕਾਲ ਆਦਿਕ। ਪਰੰਤੂ ਇਨ੍ਹਾਂ ਵਿਚੋਂ ਕੋਈ ਵੀ ਨਾਮ ਮੱਧਕਾਲ ਵਿਚ ਰਚੇ ਗਏ ਸਾਹਿੱਤ ਨੂੰ ਸਮੁੱਚੇ ਰੂਪ ਵਿਚ ਪਕੜਨ ਦੇ ਸਮਰੱਥ ਨਹੀਂ ਸੀ। ਜਦੋਂ ਅਸੀਂ ਇਸ ਕਾਲ ਵਿਚ ਰਚੀਆਂ ਗਈਆਂ ਪਰੰਪਰਾਵਾਂ ਅਤੇ ਪ੍ਰਵਿਰਤੀਆਂ ਨੂੰ ਇਕ-ਦੂਜੀ ਦੇ ਸਮਵਿੱਥ ਟਿਕਾ ਕੇ ਵੇਖਦੇ ਹਾਂ ਤਾਂ ਮੱਧਕਾਲੀਨ ਪੰਜਾਬੀ ਸਾਹਿੱਤ ਦਾ ਨਾਮ ਸਭ ਤੋਂ ਢੁੱਕਵਾਂ ਅਤੇ ਸਹੀ-ਪ੍ਰਤੀਤ ਹੁੰਦਾ ਹੈ।ਉਂਜ ਵੀ ਆਦਿਕਾਲ ਅਤੇ ਆਧੁਨਿਕ ਕਾਲ ਦੇ ਦਰਮਿਆਨ ਆਉਣ ਵਾਲਾ ਸ਼ਬਦ ਮੱਧਕਾਲ ਹੀ ਹੋ ਸਕਦਾ ਹੈ। ਇਸ ਕਾਰਨ ਹੁਣ ਇਹੀ ਨਾਮ ਪ੍ਰਚਲਿਤ ਅਤੇ ਸਰਵ-ਸਵੀਕ੍ਰਿਤ ਹੋ ਗਿਆ ਹੈ।

**ਪ੍ਰਸ਼ਨ 7 ਪੰਜਾਬੀ ਕਿੱਸਾ ਕਾਵਿ ਦੇ ਪਹਿਲੇ ਕਵੀ ਦਾ ਨਾਮ ਸਮਾਂ ਅਤੇ ਰਚਨਾ ਦੱਸੋ।**

**ਉੱਤਰ:** ਪੰਜਾਬੀ ਕਿੱਸਾ ਕਾਵਿ ਦਾ ਪਹਿਲਾ ਕਵੀ ਦਮੋਦਰ ਨੂੰ ਮੰਨਿਆ ਜਾਂਦਾ ਹੈ। ਉਂਜ ਤਾਂ ਡਾ. ਦੀਵਾਨਾ ਨੇਦਮੋਦਰ ਤੋਂ ਪਹਿਲਾਂ ਪੁਸ਼ਯ ਜਾਂ ਪੁਸ਼ਪ ਕਵੀ ਦੀ ਸੰਭਾਵਨਾ ਵੱਲ ਸੰਕੇਤ ਕੀਤਾ ਸੀ ਪਰ ਅਜੇ ਤਕ ਉਸ ਦੀ ਕੋਈ ਰਚਨਾ ਉਪਲਬਧ ਨਹੀਂ ਹੋਈ। ਇਸ ਲਈ ਹੁਣ ਦਮੋਦਰ ਦੇ ਪ੍ਰਥਮ ਕਿੱਸਾ ਕਵੀ ਹੋਣ ਬਾਰੇ ਆਮ ਸਹਿਮਤੀ ਬਣ ਗਈ ਹੈ। ਡਾ. ਮੋਹਨ ਸਿੰਘ ਦੀਵਾਨਾ ਨੇ ਦਮੋਦਰ ਦਾ ਕਾਲ 1486 ਤੋਂ 1568 ਤੱਕ ਦਾ ਮੰਨਿਆ ਹੈ। ਉਸ ਨੇ ਇੱਕੋ ਇੱਕ ਕਿੱਸੇ 'ਹੀਰ ਦਮੋਦਰ' ਦੀ ਰਚਨਾ ਕੀਤੀ। ਇਸ ਕਿੱਸੇ ਬਾਰੇ ਸੰਮਤ ਦਾ ਵੇਰਵਾ ਦਿੰਦਾ ਹੋਇਆ ਉਹ ਲਿਖਦਾ ਹੈ:

> ਪੰਦਰਾਂ ਸੌ ਅਤੇ ਉਨਤ੍ਰੀ, ਸੰਮਤ ਬਿਕਰਮ ਰਾਏ।
> ਹੀਰ ਤੇ ਰਾਂਝਾ ਹੋਏ ਇਕੱਠੇ, ਝੇੜੇ ਰੱਬ ਚੁਕਾਏ।

**ਪ੍ਰਸ਼ਨ 8 ਗੁਰੂ ਨਾਨਕ ਦੇਵ ਜੀ ਦੀਆਂ ਪ੍ਰਮੁੱਖ ਰਚਨਾਵਾਂ ਦੇ ਨਾਮ ਦੱਸੋ:**

**ਉੱਤਰ:** ਗੁਰੂ ਨਾਨਕ ਦੇਵ ਜੀ ਦੀਆਂ ਪ੍ਰਮੁੱਖ ਰਚਨਾਵਾਂ ਇਹ ਹਨ : 1. ਜਪੁ 2. ਸਿਧ ਗੋਸਟਿ 3. ਓਅੰਕਾਰ 4. ਪਟੀ 5. ਬਾਰਹਮਾਹਾ ਤੁਖਾਰੀ 6. ਮਾਝ ਦੀ ਵਾਰ 7. ਆਸਾ ਦੀ ਵਾਰ ਅਤੇ 8. ਮਲਾਰ ਦੀ ਵਾਰ। ਇਨ੍ਹਾਂ ਤੋਂ ਬਿਨਾਂ ਆਪਦੇ 209 ਸ਼ਬਦ, 123 ਅਸ਼ਟਪਦੀਆਂ ਅਤੇ 25 ਛੰਤ (ਕੁਲ ਜੋੜ 357) ਰਚਨਾਵਾਂ ਹੋਰ ਵੀ ਹਨ।

**ਪ੍ਰਸ਼ਨ 9 ਸ਼ਾਹ ਹੁਸੈਨ ਨੇ ਕਿਸ ਕਾਵਿ-ਰੂਪ ਵਿਚ ਵਧੇਰੇ ਰਚਨਾ ਕੀਤੀ?**

**ਉੱਤਰ** ਸ਼ਾਹ ਹੁਸੈਨ ਦੀ ਵਧੇਰੇ ਰਚਨਾ ਕਾਫ਼ੀਆਂ ਦੇ ਰੂਪ ਵਿਚ ਮਿਲਦੀ ਹੈ। ਡਾ. ਮੋਹਨ ਸਿੰਘ ਦੀਵਾਨਾ ਨੇ ਉਸਦੀਆਂ 162 ਕਾਫ਼ੀਆਂ ਸੰਕਲਿਤ ਕੀਤੀਆਂ ਹਨ। ਉਸ ਦੀਆਂ ਇਹ ਕਾਫ਼ੀਆਂ 35 ਵੱਖ-ਵੱਖ ਰਾਗਾਂ ਵਿਚ ਆਈਆਂ ਹਨ।

**ਪ੍ਰਸ਼ਨ 10 ਪੰਜਾਬੀ ਕਿੱਸਾ ਕਾਵਿ ਦੇ ਚਾਰ ਪ੍ਰਮੁੱਖ ਕਿੱਸਾਕਾਰਾਂ ਦੇ ਨਾਮ ਲਿਖੋ।**

**ਉੱਤਰ** ਪੰਜਾਬੀ ਦੇ ਚਾਰ ਪ੍ਰਮੁਖ ਕਿੱਸਾਕਾਰ ਇਹ ਹਨ:

(i) ਦਮੋਦਰ

(ii) ਪੀਲੂ

(iii) ਮੁਕਬਲ

(iv) ਵਾਰਿਸ ਸ਼ਾਹ

(v) ਹਾਸ਼ਮ।

**ਪ੍ਰਸ਼ਨ 11 ਵਾਰ ਤੇ ਜੰਗਨਾਮੇ ਵਿਚੋਂ ਭਾਰਤੀ ਰੂਪ ਕਿਹੜਾ ਹੈ?**

**ਉੱਤਰ** ਇਨ੍ਹਾਂ ਦੋਹਾਂ ਰੂਪਾਂ ਵਿਚੋਂ 'ਵਾਰ' ਭਾਰਤੀ ਰੂਪ ਹੈ। ਪੰਜਾਬੀ ਸਾਹਿਤ ਵਿਚ ਮੁਸਲਮਾਨਾਂ ਦੇ ਆਉਣ ਤੋਂ ਕਾਫ਼ੀ ਸਮਾਂ ਪਹਿਲਾਂ ਦੀਆਂ ਵਾਰਾਂ ਵੀ ਮਿਲ ਜਾਂਦੀਆਂ ਹਨ। ਜਦੋਂ ਕਿ ਜੰਗਨਾਮਾ ਕਾਵਿ ਇਮਾਮ ਹੁਸੈਨ ਦੀ ਸ਼ਹਾਦਤ ਜਾਂ ਹਜ਼ਰਤ ਮੁਹੰਮਦ ਸਾਹਿਬ ਦੇ ਜੰਗਾਂ-ਯੁੱਧਾਂ ਦੁਆਲੇ ਹੀ ਘੁੰਮਦਾ ਹੈ। ਪੰਜਾਬੀ ਵਿਚ ਲਿਖੇ ਗਏ ਵਧੇਰੇ ਜੰਗਨਾਮੇ ਫ਼ਾਰਸੀ ਦੀ ਰਜ਼ਮੀਆ ਸ਼ਾਇਰੀ ਤੋਂ ਪ੍ਰਭਾਵਿਤ ਹਨ। ਇਸ ਪ੍ਰਕਾਰ ਦੀ ਸ਼ਾਇਰੀ ਈਰਾਨ ਵਿਚ ਕੀਤੀ ਜਾਂਦੀ ਸੀ।

**ਪ੍ਰਸ਼ਨ12 ਗੁਰੂ ਗ੍ਰੰਥ ਸਾਹਿਬ ਵਿਚ ਕਿੰਨੇ ਗੁਰੂ ਸਾਹਿਬਾਨ ਦੀ ਬਾਣੀ ਕਿੰਨੇ ਰਾਗਾਂ ਵਿਚ ਦਰਜ ਹੈ ?**

**ਉੱਤਰ** ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਸਾਹਿਬਾਨ (ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਅਤੇ ਗੁਰੂ ਤੇਗ਼ ਬਹਾਦਰ ਸਾਹਿਬਾਨ) ਦੀ ਬਾਣੀ 31 ਰਾਗਾਂ ਵਿਚ ਦਰਜ ਹੋਈ ਹੈ। ਵੱਖ-ਵੱਖ ਗੁਰੂ ਸਾਹਿਬਾਨ ਅਨੁਸਾਰ ਵੇਰਵਾ ਇਸ ਪ੍ਰਕਾਰ ਹੈ:

(i) ਗੁਰੂ ਨਾਨਕ : 20 ਰਾਗ

(ii) ਗੁਰੂ ਅੰਗਦ : ਕੇਵਲ ਸਲੋਕ

(iii) ਗੁਰੂ ਅਮਰਦਾਸ : 18 ਰਾਗ

(iv) ਗੁਰੂ ਰਾਮਦਾਸ : 29 ਰਾਗ

(v) ਗੁਰੂ ਅਰਜਨ : 30 ਰਾਗ

(vi) ਗੁਰੂ ਤੇਗ ਬਹਾਦਰ: 15 ਰਾਗ

**ਪ੍ਰਸ਼ਨ 13 ਮੱਧਕਾਲੀਨ ਪੰਜਾਬੀ ਕਵਿਤਾ ਦੀਆਂ ਮੁਖ ਵੰਨਗੀਆਂ ਦੇ ਨਾਮ ਲਿਖੋ। (ਅਪਰੈਲ 2005)**

**ਉੱਤਰ** ਮੱਧਕਾਲੀਨ ਪੰਜਾਬੀ ਕਵਿਤਾ ਦੀਆਂ ਪ੍ਰਮੁੱਖ ਵੰਨਗੀਆਂ ਇਹ ਹਨ : ਵਾਰਾਂ, ਕਾਫ਼ੀਆਂ, ਸਤਵਾਰਾ, ਪੱਟੀ, ਬਾਰਹਮਾਹਾ, ਬਾਵਨ ਅੱਖਰੀ, ਕਿੱਸਾ ਕਾਵਿ, ਜੰਗਨਾਮੇ ਅਤੇ ਲੋਕ ਗੀਤ ਇਤਿਆਦਿ। ਇਨ੍ਹਾਂ ਵੰਨਗੀਆਂ ਦੀ ਇਕ ਹੋਰ ਤਰਤੀਬ ਇਹ ਵੀ ਹੋ ਸਕਦੀ ਹੈ : ਗੁਰਮਤਿ ਕਾਵਿ, ਸੂਫ਼ੀ ਕਾਵਿ-ਕਿੱਸਾ ਕਾਵਿ, ਵਾਰਾਂ ਅਤੇਜੰਗਨਾਮੇ ਆਦਿਕ।

**ਪ੍ਰਸ਼ਨ 14 ਚਾਰ ਪ੍ਰਮੁੱਖ ਭਗਤ ਕਵੀਆਂ ਦੇ ਨਾਮ ਲਿਖੋ।**

**ਉੱਤਰ** ਚਾਰ ਪ੍ਰਮੁੱਖ ਭਗਤ ਕਵੀਆਂ ਦੇ ਨਾਮ ਇਸ ਪ੍ਰਕਾਰ ਹਨ :

(i) ਸ਼ੇਖ਼ ਫ਼ਰੀਦ

(ii) ਭਗਤ ਨਾਮਦੇਵ

(iii) ਭਗਤ ਕਬੀਰ

(iv) ਭਗਤ ਰਵਿਦਾਸ

(v) ਭਗਤ ਤ੍ਰਿਲੋਚਨ।

**ਪ੍ਰਸ਼ਨ 15 ਗੁਰੂ ਗ੍ਰੰਥ ਸਾਹਿਬ ਵਿਚ ਕੁੱਲ ਕਿੰਨੀਆਂ ਵਾਰਾਂ ਦਰਜ ਹਨ?**

**ਉੱਤਰ** ਗੁਰੂ ਗ੍ਰੰਥ ਸਾਹਿਬ ਵਿਚ 22 ਵਾਰਾਂ ਦਰਜ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

| | | | |
|---|---|---|---|
| (i) | ਗੁਰੂ ਨਾਨਕ ਦੇਵ | : | 3 ਵਾਰਾਂ |
| (ii) | ਗੁਰੂ ਅਮਰਦਾਸ | : | 4 ਵਾਰਾਂ |
| (iii) | ਗੁਰੂ ਰਾਮਦਾਸ | : | 8 ਵਾਰਾਂ |
| (iv) | ਗੁਰੂ ਅਰਜਨ ਦੇਵ | : | 6 ਵਾਰਾਂ |
| (v) | ਸੱਤਾ-ਬਲਵੰਡ ਰਬਾਬੀ | : | 1 ਵਾਰ |
| | ਕੁਲ ਗਿਣਤੀ | : | 22 ਵਾਰਾਂ |

**ਪ੍ਰਸ਼ਨ 16 ਗੁਰੂ ਗ੍ਰੰਥ ਸਾਹਿਬ ਵਿਚ ਕਿੰਨੇ ਭੱਟਾਂ ਦੀ ਬਾਣੀ ਦਰਜ ਹੈ? (ਅਪਰੈਲ 2003)**

**ਉੱਤਰ :**ਗੁਰੂ ਗ੍ਰੰਥ ਸਾਹਿਬ ਵਿਚ 11 ਭੱਟਾਂ ਦੀ ਬਾਣੀ ਦਰਜ ਹੈ, ਜਿੰਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ: ਕਲਸਹਾਰ, ਜਾਲਪ, ਕੀਰਤ, ਭੀਖਾ, ਸਲ੍ਹ, ਭਲ੍ਹ, ਨਲ, ਗਯੰਦ,ਮਥੁਰਾ, ਬਲ ਅਤੇ ਹਰਿਬੰਸ। ਇਨ੍ਹਾਂ ਭੱਟਾਂ ਦੇ ਕੁਲ 123 ਸਵਈਏ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

**ਪ੍ਰਸ਼ਨ 17 ਸੂਫ਼ੀ ਕਵਿਤਾ ਵਿਚ ਸੂਫ਼ੀ ਬ੍ਰਿਹਾ ਵਿਚ ਕਿਉਂ ਤਪਦਾ ਹੈ? (ਅਪਰੈਲ 2003)**

**ਉੱਤਰ** ਸੂਫ਼ੀ ਕਵਿਤਾ ਵਿਚ ਇਕ ਸੂਫ਼ੀ ਦਰਵੇਸ਼ ਪ੍ਰਭੂ ਦੇ ਵਿਛੋੜੇ ਦੇ ਕਾਰਨ ਬ੍ਰਿਹਾ ਵਿਚ ਤਪਦਾ ਹੈ। ਇਸ ਪ੍ਰਸੰਗ ਵਿਚ ਸ਼ੇਖ਼ ਫ਼ਰੀਦ ਜੀ ਦਾ ਇਕ ਸਲੋਕ ਦੇਖੋ :

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ।।
ਫਰੀਦਾ ਜਿਤੁ ਤਨਿ ਬਿਰਹਾ ਨ ਊਪਜੈ ਸੋ ਤਨਿ ਜਾਣ ਮਸਾਣੁ।।

ਸੂਫ਼ੀਆਂ ਦੇ ਅਨੁਸਾਰ ਬ੍ਰਿਹਾ ਵਿਚ ਤਪਣ ਤੋਂ ਬ਼ਗੈਰ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ।

**ਪ੍ਰਸ਼ਨ 18 ਗੁਰਮਤਿ ਅਨੁਸਾਰ ਨਵਾਂ ਮਨੁੱਖ ਕਿਹੋ ਜਿਹਾ ਹੈ? (ਅਪਰੈਲ 2003)**

**ਉੱਤਰ** ਗੁਰਮਤਿ ਅਨੁਸਾਰ ਨਵਾਂ ਮਨੁੱਖ ਪਦਾਰਥਵਾਦੀ, ਮਨਮੁਖ ਅਤੇ ਵਿਕਾਰਾਂ ਵਿਚ ਗ੍ਰਸਤ ਹੈ। ਉਹ ਆਪਣੇ ਮਾਨਵ ਧਰਮ ਨੂੰ ਭੁਲਾਈ ਬੈਠਾ ਹੈ। ਪ੍ਰਭੂ ਦੀ ਬੰਦਗੀ ਅਤੇ ਭਗਤੀ ਕਰਨ ਦੀ ਬਜਾਇ ਉਹ ਮਾਇਆ ਇਕੱਤਰ ਕਰਨ ਹਿੱਤ ਨੱਠਾ-ਭੱਜਾ ਫਿਰਦਾ ਹੈ। ਦੇਖੋ:

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ।।
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤ ਹੈ।।

(ਭਗਤ ਰਵਿਦਾਸ)

ਸਰਮ ਧਰਮ ਦਾ ਡੇਰਾ ਦੂਜ਼ਰਿ।। ਨਾਨਕ ਕੂੜ ਰਹਿਆ ਭਰਪੂਰ।।
ਮਥੈ ਟਿਕਾ ਤੇੜਿ ਧੋਤੀ ਕਖਾਈ।। ਹਥਿ ਛੁਰੀ ਜੁਗਤ ਕਸਾਈ।।

(ਗੁਰੂ ਨਾਨਕ)

**ਪ੍ਰਸ਼ਨ 19 ਕਿੱਸਾ ਕਾਵਿ ਕਿਵੇਂ ਲੌਕਿਕ ਕਾਵਿ ਹੈ? (ਅਪਰੈਲ 2003)**

**ਉੱਤਰ** ਕਿੱਸਾ ਕਾਵਿ ਵਿਚ ਦੁਨਿਆਵੀ ਪ੍ਰੇਮ ਦਾ ਵਰਣਨ ਹੈ। ਇਸ ਦੇ ਕੇਂਦਰੀ ਪਾਤਰ ਦੁਨਿਆਵੀ ਗਰਜ਼ਾਂ ਅਤੇ ਹਿੱਤਾਂ ਨਾਲ ਬੱਝੇ ਹੋਏ ਹਨ। ਹੀਰ-ਰਾਂਝਾ, ਮਿਰਜ਼ਾ-ਸਾਹਿਬਾਂ, ਸੱਸੀ-ਪੁਨੂੰ ਆਦਿਕ ਸਾਰੇ ਪਾਤਰ

ਦੁਨੀਆਂਦਾਰ ਹਨ। ਇਸ ਕਾਰਨ ਅਸੀਂ ਇਸ ਕਾਵਿ ਨੂੰ ਲੌਕਿਕ ਕਾਵਿ ਦੀ ਸ਼੍ਰੇਣੀ ਵਿਚ ਰੱਖ ਸਕਦੇ ਹਾਂ।

**ਪ੍ਰਸ਼ਨ 20 ਬੁਲ੍ਹੇ ਸ਼ਾਹ ਦੇ ਮੁਰਸ਼ਿਦ ਦਾ ਕੀ ਨਾਂ ਸੀ? (ਅਪਰੈਲ 2004)**

**ਉੱਤਰ** ਬੁਲ੍ਹੇ ਸ਼ਾਹ ਦੇ ਮੁਰਸ਼ਿਦ ਦਾ ਨਾਮ ਸ਼ਾਹ ਇਨਾਇਤ ਸੀ ਅਤੇ ਉਹ ਸੂਫ਼ੀਆਂ ਦੇ ਕਾਦਰੀ ਸਿਲਸਿਲੇ ਨਾਲ ਸੰਬੰਧ ਰੱਖਦਾ ਸੀ। ਦੇਖੋ:

ਤੈਂ ਬਾਝੋਂ ਮੇਰਾ ਕੌਣ ਹੈ ਦਿਲ ਢਾਹ ਨਾ ਮੇਰਾ।
ਆਓ ਇਨਾਇਤ ਕਾਦਰੀ, ਜੀ ਚਾਹੇ ਮੇਰਾ।।

ਅਤੇ

ਬੁਲ੍ਹੇ ਸ਼ਾਹ ਦੀ ਸੁਣੋ ਹਕਾਇਤ।
ਮੇਰਾ ਮੁਰਸ਼ਿਦ ਸ਼ਾਹ ਇਨਾਇਤ
ਉਹੀ ਲੰਘਾਵੇ ਪਾਰ ਇਸ਼ਕ ਦੀ ਨਵੀਓਂ ਨਵੀਂ ਬਹਾਰ (1)

**ਪ੍ਰਸ਼ਨ 21 ਹੀਰ ਵਾਰਿਸ ਸਾਹਿੱਤ ਇਤਿਹਾਸ ਦੇ ਕਿਸ ਕਾਲ-ਖੰਡ ਵਿਚ ਰਚੀ ਗਈ? (ਅਪਰੈਲ 2004)**

**ਉੱਤਰ** ਹੀਰ ਵਾਰਿਸ ਅਠਾਰਵ੍ਹੀਂ ਸਦੀ ਦੀ ਰਚਨਾ ਹੈ। ਸਾਹਿੱਤ ਦੇ ਇਤਿਹਾਸ ਵਿਚ ਇਸ ਕਾਲ ਨੂੰ ਮੱਧਕਾਲ ਕਰਕੇ ਜਾਇਆ ਜਾਂਦਾ ਹੈ। ਸਿਬਤੁਲ ਹਸਨ ਜ਼ੈਗਮ ਦਾ ਮਤਿ ਹੈ ਕਿ ਵਾਰਿਸ ਨੇ ਇਸ ਕਿੱਸੇ ਦੀ ਰਚਨਾ 1766-67 ਈ. ਵਿਚ ਕੀਤੀ।

**ਪ੍ਰਸ਼ਨ 22 ਹੀਰ ਦਮੋਦਰ ਦਾ ਛੰਦ ਕਿਹੜਾ ਹੈ? (ਅਪਰੈਲ 2004)**

**ਉੱਤਰ** ਦਮੋਦਰ ਨੇ ਆਪਣੇ ਕਿੱਸੇ 'ਹੀਰ' ਦੀ ਰਚਨਾ ਦਵਈਆ ਛੰਦ ਵਿਚ ਕੀਤੀ। ਇਹ ਇਕ ਮਾਤ੍ਰਿਕ ਛੰਦ ਹੈ ਅਤੇ ਇਸ ਵਿਚ 18, 12-30 ਉੱਤੇ ਬਿਸਰਾਮ ਆਉਂਦਾ ਹੈ। ਦੇਖੋ:

ਤਾਂ ਚੋਰੀ ਦੇਖੇ ਹੀਰ ਸਿਆਲੀ,ਮੂੰਹੋਂ ਨ ਕੁਝ ਅਲਾਏ। (18+12=30)
ਧਰਤੀ ਉਤੇ ਲੀਕਾਂ ਖੱਟੇ, ਆਖ ਨਾ ਮੂੰਹੋਂ ਸੁਣਾਏ। (15+14=29)

**ਪ੍ਰਸ਼ਨ 23 'ਨਾਜ਼ੁਕ ਪੈਰ ਮਲੂਕ ਸੱਸੀ' ਦੇ ਕਿਸ ਕਵੀ ਦੀ ਪੰਕਤੀ ਹੈ? (ਅਪਰੈਲ 2004)**

**ਉੱਤਰ** ਇਹ ਪੰਕਤੀ ਹਾਸ਼ਮ ਦੀ ਰਚਨਾ ਹੈ ਅਤੇ ਉਸ ਦੇ ਕਿੱਸੇ 'ਸੱਸੀ ਹਾਸ਼ਮ' ਵਿਚੋਂ ਲਈ ਗਈ ਹੈ। ਇਸ ਵਿਚ ਕਵੀ ਨੇ ਸੱਸੀ ਦੁਆਰਾ ਰੇਤਥਲ ਵਿਚੋਂ ਪੈਦਲ ਗੁਜ਼ਰ ਕੇ ਪੁਨੂੰ ਤੱਕ ਪਹੁੰਚਣ ਦਾ ਬ੍ਰਿਤਾਂਤ ਪੇਸ਼ ਕੀਤਾ ਹੈ। ਪੂਰੀ ਪੰਕਤੀ ਇਸ ਤਰ੍ਹਾਂ ਹੈ:

ਨਾਜ਼ੁਕ ਪੈਰ ਮਲੂਕ ਸੱਸੀ ਦੇ, ਮਹਿੰਦੀ ਨਾਲ ਸ਼ਿੰਗਾਰੇ।
ਬਾਲੂ ਰੇਤ ਤਪੇ ਵਿਚ ਥਲ ਦੇ ਜਿਉਂ ਜੌਂ ਭੁੰਨਣ ਭਠਿਆਰੇ।

**ਪ੍ਰਸ਼ਨ 24 ਭਗਤ ਕਬੀਰ ਅਤੇ ਗੁਰੂ ਨਾਨਕ ਵਿਚੋਂ ਪਹਿਲਾਂ ਕਿਸ ਕਵੀ ਦਾ ਜਨਮ ਹੋਇਆ ਸੀ? (ਅਪਰੈਲ 2004)**

**ਉੱਤਰ** ਇਨ੍ਹਾਂ ਕਵੀਆਂ ਵਿਚੋਂ ਕਬੀਰ ਜੀ ਦਾ ਜਨਮ ਪਹਿਲਾਂ ਹੋਇਆ ਸੀ। ਗੁਰੂ ਨਾਨਕ ਸਾਹਿਬ ਦਾ ਜਨਮ 1469 ਈ. ਵਿਚ ਹੋਇਆ ਸੀ ਜਦੋਂ ਕਿ ਕਬੀਰ ਜੀ 1398 ਈ. ਵਿਚ ਜਨਮੇ ਸਨ। ਗੁਰੂ ਨਾਨਕ ਦੇ ਜਨਮ ਲੈਣ ਤੋਂ ਪਹਿਲਾਂ ਕਬੀਰ ਜੀ ਚਲਾਣਾ ਕਰ ਗਏ ਸਨ ਅਤੇ ਦੋਵੇਂ ਮਹਪੁਰਖ ਆਪੋ ਵਿਚ ਕਦੇ ਨਹੀਂ ਮਿਲੇ।

**ਪ੍ਰਸ਼ਨ 25 'ਚੰਡੀ ਦੀ ਵਾਰ' ਕਿਸ ਗੁਰੂ ਸਾਹਿਬ ਨੇ ਰਚੀ। (ਅਪਰੈਲ 2004)**

**ਉੱਤਰ** 'ਚੰਡੀ ਦੀ ਵਾਰ' ਗੁਰੂ ਗੋਬਿੰਦ ਸਿੰਘ ਦੀ ਰਚਨਾ ਹੈ। ਇਸ ਦੀ ਕਥਾ ਪੌਰਾਣਿਕ ਹੈ ਅਤੇ ਇਹ ਮਾਰਕੰਡੇਯ ਪੁਰਾਣ ਵਿਚੋਂ ਲਈ ਗਈ ਹੈ।

**ਪ੍ਰਸ਼ਨ 26 'ਗਿਆਨ ਰਤਨਾਵਲੀ' ਜਾਂ 'ਭਗਤ ਰਤਨਾਵਲੀ' ਦੇ ਰਚਣਹਾਰੇ ਦਾ ਨਾਮ ਦੱਸੋ। (ਅਪਰੈਲ 2004)**

**ਉੱਤਰ** ਇਹ ਵਾਰਤਕ ਰਚਨਾਵਾਂ ਬਾਣੀ ਮਨੀ ਸਿੰਘ ਦੀ ਰਚਨਾ ਹਨ ਅਤੇ ਭਾਈ ਗੁਰਦਾਸ ਦੀ ਪਹਿਲੀ ਅਤੇ ਗਿਆਰ੍ਹਵੀਂ ਵਾਰ ਉਪਰ ਆਧਾਰਿਤ ਹਨ।

**ਪ੍ਰਸ਼ਨ 27 ਆਦਿ ਗ੍ਰੰਥ ਦਾ ਸੰਪਾਦਨ ਕਿਸ ਸਾਲ ਵਿਚ ਮੁਕੰਮਲ ਹੋਇਆ? (ਅਪਰੈਲ 2004)**

**ਉੱਤਰ** 'ਆਦਿ ਗ੍ਰੰਥ' ਦਾ ਸੰਪਾਦਨ 1604 ਈ. ਵਿਚ ਮੁਕੰਮਲ ਹੋਇਆ। ਇਸਦਾ ਲੇਖਣ ਕਾਰਜ ਭਾਈ ਗੁਰਦਾਸ ਨੇ ਕੀਤਾ ਸੀ।

**ਪ੍ਰਸ਼ਨ 28 'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ।।' ਕਿਸ ਕਵੀ ਦੀ ਰਚਨਾ ਹੈ? (ਅਪਰੈਲ 2004)**

**ਉੱਤਰ** ਇਹ ਕਾਵਿ ਪੰਕਤੀ ਭਾਈ ਗੁਰਦਾਸ ਜੀ ਪਹਿਲੀ ਵਾਰ ਵਿਚੋਂ ਲਈ ਗਈ ਹੈ ਅਤੇ ਇਸ ਵਿਚ ਗੁਰੂ ਨਾਨਕ ਸਾਹਿਬ ਦੀ ਮਹਿਮਾ ਦਾ ਵਰਨਣ ਹੈ।

**ਪ੍ਰਸ਼ਨ 29 ਆਦਿ ਗ੍ਰੰਥ ਦੀ 'ਰਾਗਮਾਲਾ' ਵਿਚ ਕਿੰਨੇ ਰਾਗਾਂ ਦਾ ਵਰਣਨ ਹੈ? (ਅਪਰੈਲ 2004)**

**ਉੱਤਰ** ਰਾਗਮਾਲਾ ਵਿਚ 6 ਰਾਗਾਂ, 30 ਰਾਗਣੀਆਂ ਅਤੇ 48 ਰਾਗ-ਪੁਤਰਾਂ ਦਾ ਵਰਣਨ ਹੋਇਆ ਹੈ। ਦੇਖੋ:

ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ।।
ਸਭੈ ਪੁਤਰ ਰਾਗੰਨ ਕੇ ਅਠਾਰਹ ਦਸ ਬੀਸ।।੧।।੧।।

(ਪੰਨਾ ੧੪੩੦)

**ਪ੍ਰਸ਼ਨ 30 ਪੀਲੂ ਦਾ ਨਾਂ ਕਿਸ ਕਾਵਿ-ਰਚਨਾ ਨਾਲ ਜੁੜਿਆ ਹੋਇਆ ਹੈ। (ਸਤੰਬਰ 2009)**

**ਉੱਤਰ** ਪੀਲੂ ਨੇ 'ਕਿੱਸਾ ਮਿਰਜ਼ਾ ਸਾਹਿਬਾਂ' ਦੀ ਰਚਨਾ ਕੀਤੀ ਸੀ। ਇਸ ਕਾਰਨ ਉਸਦਾ ਨਾਮ ਇਸ ਰਚਨਾ ਨਾਲ ਜੁੜਿਆ ਹੋਇਆ ਹੈ।

**ਪ੍ਰਸ਼ਨ 31 ਮੱਧਕਾਲ ਦੇ ਕਿਸ ਕਵੀ ਦੀ ਰਚਨਾ ਨੂੰ 'ਗੁਰਬਾਣੀ ਦੀ ਕੁੰਜੀ' ਕਹਿ ਕੇ ਸਨਮਾਨਿਆ ਗਿਆ ਹੈ? (ਸਤੰਬਰ 2004)**

**ਉੱਤਰ** ਇਹ ਸਨਮਾਨ ਭਾਈ ਗੁਰਦਾਸ ਦੀ ਰਚਨਾ ਨੂੰ ਮਿਲਿਆ ਹੈ। ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਸੀ:

ਗੁਰਬਾਣੀ ਦੀ ਕੁੰਜੀ ਬਾਣੀ।।
ਜੋ ਭਾਈ ਗੁਰਦਾਸ ਵਖਾਣੀ।।

**ਪ੍ਰਸ਼ਨ 32 ਚੰਡੀ ਦੀ ਵਾਰ ਇਤਿਹਾਸਕ ਹੈ ਜਾਂ ਮਿਥਿਹਾਸਕ? (ਸਤੰਬਰ 2004)**

**ਉੱਤਰ** ਚੰਡੀ ਦੀ ਵਾਰ ਦੀ ਵਸਤੂ ਸਾਮਗਰੀ 'ਮਾਰਕੰਡੇਯ ਪੁਰਾਣ' ਨਾਮ ਦੇ ਇਕ ਮਿਥਿਹਾਸਕ ਗ੍ਰੰਥ ਵਿਚੋਂ ਲਈ ਗਈ ਹੈ। ਇਸ ਕਾਰਨ ਇਹ ਇਕ ਮਿਥਿਹਾਸਕ ਰਚਨਾ ਹੈ।

**ਪ੍ਰਸ਼ਨ 33 ਭਾਈ ਮਨੀ ਸਿੰਘ ਰਚਿਤ ਦੋ ਵਾਰਤਕ-ਗ੍ਰੰਥਾਂ ਦੇ ਨਾਮ ਲਿਖੋ। (ਸਤੰਬਰ 2004)**

**ਉੱਤਰ** ਭਾਈ ਮਨੀ ਸਿੰਘ ਦੁਆਰਾ ਰਚਿਤ ਦੋ ਵਾਰਤਕ-ਗ੍ਰੰਥਾਂ ਦੇ ਨਾਮ ਇਹ ਹਨ:

(i) ਗਿਆਨ ਰਤਨਾਵਲੀ

(ii) ਭਗਤ ਰਤਨਾਵਲੀ

**ਪ੍ਰਸ਼ਨ 34 'ਢਾਈ ਅੱਖਰ ਪ੍ਰੇਮ ਕੇ ਪੜੈ ਸੋ ਪੰਡਿਤ ਹੋਏ' ਕਿਸ ਕਵੀ ਦੀ ਪੰਕਤੀ ਹੈ:(ਸਤੰਬਰ 2004)**

**ਉੱਤਰ** ਇਹ ਕਾਵਿ-ਪੰਕਤੀ ਭਗਤ ਕਬੀਰ ਜੀ ਦੀ ਹੈ। ਦੇਖੋ:

ਪੋਥੀ ਪੜ੍ਹ ਪੜ੍ਹ ਜਗ ਮੂਆ ਪੰਡਿਤ ਭਯੋ ਨ ਕੋਇ।।
ਢਾਈ ਅੱਖਰ ਪ੍ਰੇਮ ਕੇ ਪੜੈ ਸੋ ਪੰਡਿਤ ਹੋਇ।।

**ਪ੍ਰਸ਼ਨ 35 ਗੁਰਮਤਿ ਕਾਵਿ ਪੰਜਾਬੀ ਸਾਹਿਤ ਦੇ ਕਿਸ ਕਾਲ-ਖੰਡ ਦੀ ਰਚਨਾ ਹੈ? (ਸਤੰਬਰ 2004)**

**ਉੱਤਰ** ਗੁਰਮਤਿ ਕਾਵਿ ਪੰਜਾਬੀ ਸਾਹਿੱਤ ਦੇ ਮੱਧਕਾਲ ਦੀ ਰਚਨਾ ਹੈ।

**ਪ੍ਰਸ਼ਨ 36 ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਤੋਂ ਸਿਵਾ ਕਿੰਨੇ ਭਗਤਾਂ ਭੱਟਾਂ ਅਤੇ ਕਵੀਆਂ ਦੀ ਬਾਣੀ ਦਰਜ ਹੈ?**

**ਉੱਤਰ** ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂ ਸਾਹਿਬਾਨ ਤੋਂ ਬਿਨਾਂ ਹੇਠ ਲਿਖੇ ਕਵੀਆਂ ਦੀ ਬਾਣੀ ਦਰਜ ਹੈ:

| | | |
|---|---|---|
| ਭਗਤ ਕਵੀ | : | 15 |
| ਭੱਟ ਕਵੀ | : | 11 |
| ਗੁਰੂ ਘਰ ਦੇ ਨਿਕਟਵਰਤੀ | : | 4 |

**ਪ੍ਰਸ਼ਨ 37 ਚੰਡੀ ਦੀ ਵਾਰ ਦਾ ਮੁੱਖ ਪਾਤਰ ਕੌਣ ਹੈ, ਜਿਸਦੀ ਬਹਾਦਰੀ ਦਾ ਜੱਸ ਗਾਇਆ ਗਿਆ ਹੈ? (ਅਪਰੈਲ 2005)**

**ਉੱਤਰ** 'ਚੰਡੀ ਦੀ ਵਾਰ' ਵਿਚ 'ਦੁਰਗਾ' ਦੀ ਬਹਾਦਰੀ ਦਾ ਜੱਸ ਗਾਇਆ ਹੈ। ਉਸਨੇ ਮਹਿਖਾਸੁਰ, ਸੁੰਭ, ਨਿਸੁੰਭ ਅਤੇ ਸ੍ਰਣਵਤਬੀਜ ਆਦਿਕ ਰਾਕਸ਼ਾਂ ਦਾ ਸੰਘਾਰ ਕੀਤਾ।

**ਪ੍ਰਸ਼ਨ 38 ਭਾਈ ਗੁਰਦਾਸ ਨੇ ਵਾਰਾਂ ਤੋਂ ਬਿਨਾਂ ਹੋਰ ਕਿਸ ਕਾਵਿ-ਰੂਪ ਵਿਚ ਰਚਨਾ ਕੀਤੀ ਹੈ? (ਅਪਰੈਲ 2005)**

**ਉੱਤਰ** 40 ਵਾਰਾਂ ਤੋਂ ਬਿਨਾਂ ਭਾਈ ਗੁਰਦਾਸ ਦੀਆਂ ਹੇਠ ਲਿਖੀਆਂ ਕਾਵਿ ਰਚਨਾਵਾਂ ਪ੍ਰਸਿੱਧ ਹਨ :

1. ਕਬਿੱਤ ਸਵੱਈਏ : 675
2. ਸੰਸਕ੍ਰਿਤ ਸਲੋਕ : 6

**ਪ੍ਰਸ਼ਨ 39 ਮਹਾਰਾਜਾ ਰਣਜੀਤ ਸਿੰਘ ਕਾਲ ਦੀ ਕਿਸੇ ਪ੍ਰਸਿੱਧ ਰਚਨਾ ਦਾ ਨਾਮ ਦੱਸੋ। (ਅਪਰੈਲ 2005)**

**ਉੱਤਰ** ਮਹਾਰਾਜਾ ਰਣਜੀਤ ਸਿੰਘ ਕਾਲ ਦਾ ਪ੍ਰਸਿੱਧ ਕਵੀ ਹਾਸ਼ਮ ਹੈ। 'ਕਿੱਸਾ ਸੱਸੀ ਪੁਨੂੰ' ਉਸ ਦੀ

ਸਰਵੋਤਮ ਰਚਨਾ ਮੰਨੀ ਜਾਂਦੀ ਹੈ। ਅਹਿਮਦ ਯਾਰ ਅਤੇ ਇਮਾਮ ਬਖ਼ਸ਼ ਇਸ ਕਾਲ ਦੇ ਦੋ ਹੋਰ ਪ੍ਰਸਿੱਧ ਕਵੀ ਹਨ।

**ਪ੍ਰਸ਼ਨ 40 ਪੰਜਾਬੀ ਦਾ ਪਹਿਲਾ ਪ੍ਰਮਾਣਿਕ ਕਿੱਸਾ ਕਵੀ ਤੁਸੀ ਕਿਸ ਨੂੰ ਮੰਨਦੇ ਹੋ? ਉਸ ਦੀ ਰਚਨਾ ਦਾ ਨਾਂ ਲਿਖੋ। (ਅਪਰੈਲ 2005)**

**ਉੱਤਰ** ਪੰਜਾਬੀ ਦਾ ਪਹਿਲਾ ਪ੍ਰਮਾਣਿਕ ਕਿੱਸਾ ਕਵੀ ਦਮੋਦਰ ਹੈ। ਉਸ ਨੇ 'ਹੀਰ ਦਮੋਦਰ' ਨਾਮ ਦੀ ਰਚਨਾ ਲਿਖੀ।

**ਪ੍ਰਸ਼ਨ 41 ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਦਾ ਰਚਨਾ ਕਾਲ ਕਿਹੜਾ ਹੈ? ਇਸਦੇ ਕਵੀ ਦਾ ਨਾਂ ਲਿਖੋ। (ਅਪਰੈਲ 2005)**

**ਉੱਤਰ** 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਦੀ ਰਚਨਾ ਪਰਿਵਰਤਨ ਕਾਲ (1850-1900 ਈ.) ਵਿਚ ਹੋਈ। ਇਸ ਵਿਚ 1846 ਈ. ਵਿਚ ਹੋਏ ਯੁਧ ਦਾ ਵਰਣਨ ਕੀਤਾ ਗਿਆ ਹੈ। ਇਸ ਰਚਨਾ ਦੇ ਲੇ ਖਕ ਦਾ ਨਾਮ ਸ਼ਾਹ ਮੁਹੰਮਦ ਹੈ।

**ਪ੍ਰਸ਼ਨ 42 ਗੁਰੂ ਨਾਨਕ ਕਾਲ ਨੂੰ ਕਿਹੜੀਆਂ ਵਿਸ਼ੇਸ਼ਤਾਵਾਂ ਦੇ ਕਾਰਨ ਸੁਨਹਿਰੀ ਕਾਲ ਕਿਹਾ ਜਾਂਦਾ ਹੈ? ਕੇਵਲ ਉਨ੍ਹਾਂ ਵਿਸ਼ੇਸ਼ਤਾਵਾਂ ਦਾ ਵਿਵਰਣ ਦਿਉ।(ਅਪਰੈਲ 2005)**

**ਉੱਤਰ** 1. ਗੁਰੂ ਨਾਨਕ ਕਾਲ ਵਿਚ ਗੁਰਮਤਿ ਕਾਵਿ, ਸੂਫ਼ੀ ਕਾਵਿ, ਕਿੱਸਾ ਕਾਵਿ, ਬੀਰ ਕਾਵਿ, ਜੰਗਨਾਮਾ ਅਤੇ ਵਾਰਤਕ ਵਰਗੇ ਪ੍ਰਮਾਣਿਕ ਕਾਵਿ ਰੂਪਾਂ ਦੀ ਰਚਨਾ ਹੋਈ।

2. ਇਨ੍ਹਾਂ ਰੂਪਾਂ ਨੇ ਆਪਣੀਆਂ-ਆਪਣੀਆਂ ਸਿਖਰਾਂ ਛੋਹੀਆਂ।

3. ਗੁਰੂ ਕਾਲ ਉਪਰੰਤ ਇਹ ਸਾਰੇ ਉਤਕ੍ਰਿਸ਼ਟ ਕਾਵਿ ਰੂਪ ਲੋਪ ਹੋ ਗਏ।

ਉਕਤ ਵਿਸ਼ੇਸ਼ਤਾਵਾਂ ਦੇ ਕਾਰਨ ਗੁਰੂ ਨਾਨਕ ਕਾਲ ਨੂੰ ਸੁਨਹਿਰੀ ਕਾਲ ਕਿਹਾ ਜਾਂਦਾ ਹੈ।

**ਪ੍ਰਸ਼ਨ 43 ਮੱਧਕਾਲ ਦੇ ਰੁਮਾਂਟਿਕ ਸਾਹਿੱਤ ਦਾ ਵੇਰਵਾ ਦਿਉ। (ਅਪਰੈਲ 2005)**

**ਉੱਤਰ** ਮੱਧਕਾਲ ਦੇ ਰੋਮਾਂਟਿਕ ਸਾਹਿੱਤ ਵਿਚ ਕਿੱਸਾ ਕਾਵਿ ਪ੍ਰਮੁੱਖ ਹੈ। ਇਸ ਕਾਵਿ ਰੂਪ ਵਿਚ ਇਸ਼ਕ, ਅਦਭੁਤ ਘਟਨਾਵਾਂ ਅਤੇ ਪ੍ਰਕ੍ਰਿਤੀ ਦੇ ਨਜ਼ਾਰਿਆਂ ਦਾ ਖ਼ੂਬਸੂਰਤ ਵਰਣਨ ਹੋਇਆ ਹੈ।

**ਪ੍ਰਸ਼ਨ 44 ਪੰਜਾਬੀ ਦੇ ਜਨਮਸਾਖੀ ਸਾਹਿੱਤ ਦੀ ਵਾਰਤਕ ਦੀ ਦ੍ਰਿਸ਼ਟੀ ਤੋਂ ਕੀ ਮਹੱਤਤਾ ਹੈ? (ਅਪਰੈਲ 2006)**

**ਉੱਤਰ** 1. ਜਨਮ ਸਾਖੀ ਸਾਹਿੱਤ ਦੁਆਰਾ ਇਤਿਹਾਸ-ਲੇਖਣ ਦੀ ਸਮਝ ਪੈਦਾ ਹੋਈ।

2. ਜੀਵਨੀ ਸਾਹਿੱਤ ਦੀਆਂ ਰੂੜ੍ਹੀਆਂ ਦਾ ਮੁੱਢ ਬੱਝਾ।

3. ਪਲਾਟ ਅਤੇ ਪਾਤਰ ਚਿਤ੍ਰਣ ਆਦਿਕ ਤੱਤ ਪੈਦਾ ਹੋਏ।

4. ਪੰਜਾਬੀ ਦੀ ਸ਼ੈਲੀ ਅਤੇ ਸ਼ਬਦਾਵਲੀ ਦਾ ਬਹੁਤ ਵਿਕਾਸ ਹੋਇਆ।

**ਪ੍ਰਸ਼ਨ 45 ਗੁਰੂ ਨਾਨਕ ਕਾਲ ਦੀ ਭਾਸ਼ਾ ਨੂੰ ਕਈ ਵਿਦਵਾਨਾਂ ਨੇ ਸਧੁਕੜੀ ਕਿਹਾ ਹੈ? ਇਸ ਬਾਰੇ ਤੁਹਾਡਾ ਕੀ ਵਿਚਾਰ ਹੈ।(ਅਪਰੈਲ 2006)**

**ਉੱਤਰ** ਗੁਰਮਤਿ ਕਾਵਿ ਵਿਚ ਕਈ ਥਾਵਾਂ ਤੇ ਸਧੁਕੜੀ ਭਾਸ਼ਾ ਦਾ ਪ੍ਰਯੋਗ ਹੋਇਆ ਹੈ। ਇਹ ਭਾਸ਼ਾ ਉਸ ਕਾਲ ਦੀ ਪੂਰੇ ਦੇਸ਼ ਵਿਚ ਸਮਝੀ ਜਾਣ ਵਾਲੀ ਭਾਸ਼ਾ (lingua franca) ਸੀ। ਪਰੰਤੂ ਸੂਫ਼ੀਆਂ ਅਤੇ ਕਿੱਸਾ ਕਵੀਆਂ ਦੀਆਂ ਰਚਨਾਵਾਂ ਵਿਚ ਸਧੁਕੜੀ ਦਾ ਪ੍ਰਯੋਗ ਬਹੁਤ ਹੀ ਘੱਟ ਹੋਇਆ ਹੈ। ਇਨ੍ਹਾਂ

ਕਵੀਆਂ ਨੇ ਸਰਲ, ਠੇਠ ਅਤੇ ਲਹਿੰਦੀ ਦੀ ਮਿੱਸ ਵਾਲੀ ਪੰਜਾਬੀ ਭਾਸ਼ਾ ਦਾ ਪ੍ਰਯੋਗ ਕੀਤਾ ਹੈ।

**ਪ੍ਰਸ਼ਨ 46 ਮੱਧਕਾਲ ਦੇ ਪੰਜ ਸੂਫ਼ੀ ਕਵੀਆਂ ਦਾ ਵਰਣਨ ਕਰੋ। (ਅਪਰੈਲ 2006-07)**

**ਉੱਤਰ** ਮੱਧਕਾਲ ਦੇ ਪੰਜ ਪ੍ਰਮੁਖ ਸੂਫ਼ੀ ਕਵੀ ਇਹ ਹਨ:

(i) ਸ਼ਾਹ ਹੁਸੈਨ

(ii) ਸੁਲਤਾਨ ਬਾਹੂ

(iii) ਬੁਲ੍ਹੇ ਸ਼ਾਹ

(iv) ਅਲੀ ਹੈਦਰ

(v) ਖ਼ੁਆਜਾ ਫ਼ਰਦ-ਫ਼ਕੀਰ

(vi) ਹਾਸ਼ਮ।

**ਪ੍ਰਸ਼ਨ 47 ਮੱਧਕਾਲੀਨ ਸਾਹਿਤ ਦੇ ਚਾਰ ਲੱਛਣ ਗਿਣਵਾਓ। (ਅਪਰੈਲ 2009)**

**ਉੱਤਰ** 1. ਪਾਰਲੌਕਿਕ ਦ੍ਰਿਸ਼ਟੀ 2. ਪ੍ਰਭੂ ਦੀ ਸਰਵੁੱਚਤਾ

3. ਪ੍ਰੇਮਾਭਗਤੀ 4. ਸੰਪਰਦਾਇਕ ਸਦਭਾਵਨਾ

5. ਮਨੁੱਖੀ ਸੁਤੰਤਰਤਾ ਅਤੇ ਸਮਾਨਤਾ

**ਪ੍ਰਸ਼ਨ 48 1800 ਈ. ਤੱਕ ਚਾਰ ਕਿੱਸਾ ਕਾਰਾਂ ਦੇ ਨਾਂ ਇਤਿਹਾਸਕ ਤਰਤੀਬ ਵਿਚ ਲਿਖੋ। (ਅਪਰੈਲ 2009)**

**ਉੱਤਰ** ਮੱਧਕਾਲ ਦੇ ਚਾਰ ਕਿੱਸਕਾਰਾਂ ਦੀ ਤਰਤੀਬ ਇਸ ਪ੍ਰਕਾਰ ਹੈ:

(i) ਦਮੋਦਰ

(ii) ਪੀਲੂ

(iii) ਸ਼ਾਹ ਜਹਾਨ ਮੁਕਬਲ

(iv) ਵਾਰਿਸ ਸ਼ਾਹ

(v) ਹਾਸ਼ਮ

**ਪ੍ਰਸ਼ਨ 49 ਮੱਧਕਾਲ ਦੀ ਵਾਰਤਕ ਦੇ ਚਾਰ ਗੱਦ ਰੂਪਾਕਾਰਾਂ ਦੇ ਨਾਂ ਗਿਣਵਾਉ। (ਅਪਰੈਲ 2009)**

**ਉੱਤਰ** (i) ਜਨਮਸਾਖੀਆਂ

(ii) ਪਰਚੀਆਂ

(iii) ਸੁਖ਼ਨ

(iv) ਰਹਿਤਨਾਮੇ

(v) ਹੁਕਮਨਾਮੇ

**ਪ੍ਰਸ਼ਨ 50 ਸਭ ਤੋਂ ਪਹਿਲਾਂ ਕਿਸ ਸੂਫ਼ੀ ਕਵੀ ਨੇ ਸੀਹਰਫ਼ੀ ਵਿਚ ਰਚਨਾ ਕੀਤੀ? (ਅਪਰੈਲ 2009)**

**ਉੱਤਰ** 'ਸੀਹਰਫ਼ੀ' ਦੀ ਰਚਨਾ ਕਰਨ ਵਾਲਾ ਸਭ ਤੋਂ ਪਹਿਲਾ ਸੂਫ਼ੀ ਕਵੀ 'ਸੁਲਤਾਨ ਬਾਹੂ' ਹੈ। ਉਸ

ਤੋਂ ਪਿੱਛੋਂ ਅਲੀ ਹੈਦਰ ਨੇ ਵੀ ਸੀਹਰਫ਼ੀ ਦੀ ਰਚਨਾ ਕੀਤੀ।

**ਪ੍ਰਸ਼ਨ 51 ਈਸਾਈ ਮਿਸ਼ਨਰੀ ਦੀ ਪੰਜਾਬੀ ਭਾਸ਼ਾ ਨੂੰ ਦੇਣ ਕਿਹੜੇ-ਕਿਹੜੇ ਪੱਖਾਂ ਵਿਚ ਹੈ? (ਅਪਰੈਲ 2009)**

**ਉੱਤਰ** ਈਸਾਈ ਮਿਸ਼ਨਰੀ ਦੀ ਪੰਜਾਬੀ ਭਾਸ਼ਾ ਨੂੰ ਦੇਣ ਬਹੁਪੱਖੀ ਹੈ, ਜਿਨ੍ਹਾਂ ਵਿਚੋਂ ਕੁਝ ਪ੍ਰਮੁਖ ਦੇਣਾਂ ਇਹ ਹਨ:

(i) ਪੰਜਾਬੀ ਭਾਸ਼ਾ ਦੇ ਵਿਆਕਰਣ ਅਤੇ ਕੋਸ਼ ਤਿਆਰ ਕਰਵਾਏ।

(ii) ਸ਼ਰਧਾ ਰਾਮ ਫਲੌਰੀ ਵਰਗੇ ਲੇਖਕਾਂ ਨੂੰ ਪ੍ਰੇਰ ਕੇ ਪਾਠ-ਪੁਸਤਕਾਂ ਲਿਖਵਾਈਆਂ।

(iii) ਪੰਜਾਬੀ ਵਿਚ ਛਾਪੇਖਾਨੇ ਸ਼ੁਰੂ ਕੀਤੇ।

(iv) ਪੰਜਾਬੀ ਦੇ ਪ੍ਰਮੁੱਖ ਸਾਹਿੱਤ-ਸੋਮਿਆਂ ਨੂੰ ਸੰਭਾਲਿਆ।

(v) ਪੰਜਾਬੀ ਭਾਸ਼ਾ ਅਤੇ ਸਾਹਿੱਤ ਦੀ ਖੋਜ ਦਾ ਕੰਮ ਸ਼ੁਰੂ ਕੀਤਾ।

**ਪ੍ਰਸ਼ਨ 52 ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਗੁਰਤਾ ਗੱਦੀ ਦੇ ਸਾਲ ਕਿਹੜੇ -ਕਿਹੜੇ ਹਨ? (ਅਪਰੈਲ 2009)**

**ਉੱਤਰ** (i) ਸੰਪਾਦਨਾ ਦਾ ਸਾਲ : 1604 ਈ.

(ii) ਗੁਰਤਾ ਗੱਦੀ ਦਾ ਸਾਲ : 1708 ਈ.

**ਪ੍ਰਸ਼ਨ 53 ਉਨ੍ਹੀਵੀਂ ਸਦੀ ਦੀਆਂ ਪ੍ਰਮੁੱਖ ਕਾਵਿ-ਧਾਰਾਵਾਂ ਗਿਣਾਓ? (ਅਪਰੈਲ 2009)**

**ਉੱਤਰ** ਉਨ੍ਹੀਵੀਂ ਸਦੀ ਦੀ ਪ੍ਰਮੁੱਖ ਕਾਵਿ ਧਾਰਾਵਾਂ ਇਹ ਸਨ :

(i) ਕਿੱਸਾ ਕਾਵਿ ਧਾਰਾ

(ii) ਸੂਫ਼ੀ ਕਾਵਿ ਧਾਰਾ

(iii) ਬੀਰ ਕਾਵਿ ਧਾਰਾ (ਵਾਰਾਂ ਅਤੇ ਜੰਗਨਾਮੇ ਆਦਿਕ)

## 2.9.4 ਸਿੱਟਾ

ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਕਤ ਪਾਠ ਵਿਚ ਦਿੱਤੀ ਗਈ ਸਮੱਗਰੀ ਨੂੰ ਕਈ ਵਾਰ ਪੜ੍ਹ ਕੇ ਚੰਗੀ ਤਰ੍ਹਾਂ ਨਾਲ ਆਪਣੇ ਮਨ ਵਿਚ ਵਸਾ ਲੈਣ। ਇਹ ਸਮੱਗਰੀ ਨਾ ਕੇਵਲ ਛੋਟੇ ਪ੍ਰਸ਼ਨਾਂ ਨਾਲ ਸੰਬੰਧਿਤ ਭਾਗ ਲਈ ਉਪਯੋਗੀ ਹੈ ਬਲਕਿ ਵੱਡੇ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਵੀ ਵਿਦਿਆਰਥੀ ਨੂੰ ਨਿਪੁੰਨ ਬਣਾਉਂਦੀ ਹੈ। ਇਸ ਤੋਂ ਬਿਨਾਂ ਐਮ.ਏ. ਕਰਨ ਉਪਰੰਤ ਐਮ.. ਫ਼ਿਲ ਜਾਂ ਪੀ-ਐਚ.ਡੀ. ਦੇ ਵਿਸ਼ੇ ਦੀ ਚੋਣ ਅਤੇ ਨਿਭਾਉ ਸਮੇਂ ਇਹ ਤੱਥ ਬੜੇ ਸਹਾਈ ਸਿੱਧ ਹੁੰਦੇ ਹਨ। ਵੱਖ-ਵੱਖ ਖੇਤਰਾਂ ਵਿਚ ਨੌਕਰੀ ਲਈ ਇੰਟਰਵਿਊ ਸਮੇਂ ਵੀ ਅਕਸਰ ਇਹੋ ਜਿਹੇ ਪ੍ਰਸ਼ਨ ਹੀ ਪੁੱਛੇ ਜਾਂਦੇ ਹਨ। ਇਸ ਲਈ ਇਸ ਸਮੱਗਰੀ ਦਾ ਮਹੱਤਵ ਬਹੁਪੱਖੀ ਹੈ।

### ਅਭਿਆਸ ਲਈ ਕੁੱਝ ਹੋਰ ਪ੍ਰਸ਼ਨ

1. ਮੱਧਕਾਲ ਦੇ ਪੰਜਾਬੀ ਕਿੱਸਕਾਰਾਂ ਦਾ ਬਿਓਰਾ ਤੇ ਉਹਨਾਂ ਦੀਆਂ ਰਚਨਾਵਾਂ ਦੇ ਸਿਰਲੇਖ ਦੱਸੋ। (ਅਪਰੈਲ 2010)
2. ਗੁਰਮਤਿ ਸਾਹਿਤ ਵਿਚ ਕਿਹੜੇ-ਕਿਹੜੇ ਯੋਗਦਾਨੀਆਂ ਦੀ ਪ੍ਰਮੁੱਖ ਭੂਮਿਕਾ ਹੈ ?(ਅਪਰੈਲ 2010)
3. ਮੱਧਕਾਲੀ ਪੰਜਾਬੀ ਸਾਹਿਤ ਦੇ ਸਭਿਆਚਾਰਕ ਪੱਖ ਕਿਹੜੇ ਕਿਹੜੇ ਹਨ ?(ਅਪਰੈਲ 2010)

4. ਮੱਧਕਾਲ ਦੇ ਪ੍ਰਮੁੱਖ ਬੀਰ ਰਸੀ ਗ੍ਰੰਥਾਂ ਦਾ ਨਾਮ ਤੇ ਉਹਨਾਂ ਦੇ ਕਰਤਾ ਬਾਰੇ ਦੱਸੋ। (ਅਪਰੈਲ 2010)
5. ਹੀਰ ਦਾ ਕਿੱਸਾ ਛੰਦ ਬੈਂਤ ਵਿਚ ਲਿਖਣ ਵਾਲੇ ਤਿੰਨ ਕਵੀਆਂ ਦੇ ਨਾਂ ਲਿਖੋ। (ਅਪਰੈਲ 2010)
6. ਸੋਲ੍ਹਵੀਂ ਸਦੀ ਦੇ ਚਾਰ ਪ੍ਰਮੁੱਖ ਕਵੀਆਂ ਦੇ ਨਾਂ ਲਿਖੋ। (ਅਪਰੈਲ 2011)
7. ਅਠਾਰ੍ਹਵੀਂ ਸਦੀ ਨੂੰ ਸੁਨਹਿਰੀ ਕਾਲ ਕਹੇ ਜਾਣ ਦੇ ਚਾਰ ਕਾਰਨ ਲਿਖੋ। (ਅਪਰੈਲ 2011)
8. ਕਿੱਸਾ ਕਾਵਿ ਦੀ ਸਭਿਆਚਾਰਕ ਮਹੱਤਤਾ ਬਾਰੇ ਪੰਜ ਸਤਰਾਂ ਲਿਖੋ। (ਅਪਰੈਲ 2011)
9. ਸਭ ਤੋਂ ਪਹਿਲਾਂ 'ਸੀਹਰਫ਼ੀ' ਅਤੇ 'ਕਾਫ਼ੀ' ਵਿਚ ਰਚਨਾ ਕਰਨ ਵਾਲੇ ਦੋ ਕਵੀਆਂ ਦੇ ਨਾਂ ਲਿਖੋ। (ਅਪਰੈਲ 2011)
10. ਰਣਜੀਤ ਸਿੰਘ ਕਾਲ ਦੇ ਦੋ ਪ੍ਰਮੁੱਖ ਕਿੱਸਾਕਾਰਾਂ ਦੇ ਨਾਂ ਲਿਖੋ। (ਅਪਰੈਲ 2011)
11. ਸ਼ਰ੍ਹਾ ਪ੍ਰਤੀ ਵਤੀਰੇ ਵਿਚ ਸ਼ਾਹ ਹੁਸੈਨ ਅਤੇ ਬੁਲ੍ਹੇ ਸ਼ਾਹ ਵਿਚ ਕੀ ਅੰਤਰ ਹੈ? (ਅਪਰੈਲ 2011)
12. ਮੱਧਕਾਲੀ ਚੇਤਨਾ ਕੀ ਹੈ? (ਅਪਰੈਲ 2012)
13. ਸਤਾਰ੍ਹਵੀਂ ਸਦੀ ਨੂੰ ਪੰਜਾਬੀ ਸਾਹਿਤ ਦਾ ਸੁਨਹਿਰੀ ਕਾਲ ਕਹੇ ਜਾਣ ਦੇ ਦੋ ਕਾਰਨ ਦੱਸੋ। (ਅਪਰੈਲ 2012)
14. ਅਠਾਰ੍ਹਵੀਂ ਸਦੀ ਦੇ ਚਾਰ ਮੋਢੀ ਕਵੀਆਂ ਦੇ ਨਾਂ ਲਿਖੋ। (ਅਪਰੈਲ 2012)
15. ਹੀਰ ਦਾ ਕਿੱਸਾ ਬੈਂਤ ਵਿਚ ਸਭ ਤੋਂ ਪਹਿਲਾਂ ਕਿਸ ਨੇ ਲਿਖਿਆ ਅਤੇ ਇਸ ਕਥਾ ਨੂੰ ਦੁਖਾਂਤਕ ਰੂਪ, ਸਭ ਤੋਂ ਪਹਿਲਾਂ ਕਿਹੜੇ ਕਵੀ ਨੇ ਦਿੱਤਾ। (ਅਪਰੈਲ 2012)
16. ਬੁਲ੍ਹੇ ਸ਼ਾਹ ਨੇ ਕਿਹੜੇ-ਕਿਹੜੇ ਕਾਵਿ-ਰੂਪਾਂ ਵਿਚ ਰਚਨਾ ਕੀਤੀ ਹੈ? (ਅਪਰੈਲ 2012)
17. ਜਪੁਜੀ ਅਤੇ ਆਸਾ ਦੀ ਵਾਰ ਤੋਂ ਬਿਨਾਂ ਗੁਰੂ ਨਾਨਕ ਦੇਵ ਦੀਆਂ ਤਿੰਨ ਬਾਣੀਆਂ ਕਿਹੜੀਆਂ ਹਨ? (ਅਪਰੈਲ 2012)
18. ਗੁਰੂ ਗ੍ਰੰਥ ਸਾਹਿਬ ਦੀ ਦਾਰਸ਼ਨਿਕ ਮਹੱਤਤਾ ਬਾਰੇ ਪੰਜ ਸਤਰਾਂ ਲਿਖੋ। (ਅਪਰੈਲ 2012)

19. ਸਤਾਰਵੀਂ ਸਦੀ ਦੇ ਚਾਰ ਕਿੱਸਾਕਾਰਾਂ ਦੇ ਨਾਂ ਲਿਖੋ। (ਅਪਰੈਲ 2013)
20. ਅਠਾਰਵੀਂ ਦੀ ਦੇ ਦੋ ਵਾਰ-ਕਾਰਾਂ ਦੇ ਨਾਂ ਲਿਖੋ। (ਅਪਰੈਲ 2013)
21. ਕਿੱਸਾ ਕੀ ਹੁੰਦਾ ਹੈ? (ਅਪਰੈਲ 2013)
22. ਨਾਨਕ ਕਾਲ ਦੇ ਚਾਰ ਵਾਰਤਕਕਾਰਾਂ ਦੇ ਨਾਂ ਲਿਖੋ। (ਅਪਰੈਲ 2013)
23. 'ਆਦਿ ਗ੍ਰੰਥ' ਵਿਚ ਸ਼ਾਮਲ ਪੰਜਾਬ ਤੋਂ ਬਾਹਰਲੇ ਭਗਤਾਂ ਦੀ ਸੰਖੇਪ ਪਛਾਣ ਕਰਵਾਓ। (ਅਪਰੈਲ 2014)
24. ਪੰਜਾਬੀ ਵਿਚ 'ਹੀਰ-ਰਾਂਝਾ ਦਾ ਕਿੱਸਾ ਲਿਖਣ ਵਾਲੇ ਪੰਜ ਕਵੀਆਂ ਦਾ ਨਾਂ ਦੱਸੋ। (ਅਪਰੈਲ 2014)
25. ਪੁਰਾਤਨ ਪੰਜਾਬੀ ਵਾਰਤਕ ਦੇ ਪ੍ਰਮੁੱਖ ਰੂਪਾਂ ਨਾਲ ਜਾਣ-ਪਛਾਣ ਕਰਵਾਓ। (ਅਪਰੈਲ 2014)
26. 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਕਿੰਨੀਆਂ ਅਧਿਆਤਮਕ ਵਾਰਾਂ ਦਰਜ ਹਨ ਅਤੇ ਇਹ ਕਿਹੜੇ -ਕਿਹੜੇ ਮਹਾਪੁਰਸ਼ਾਂ ਦੀ ਰਚਨਾ ਹਨ? (ਅਪਰੈਲ 2014)
27. ਮੱਧਕਾਲੀ ਪੰਜਾਬੀ ਸਾਹਿਤ ਦੇ ਪ੍ਰਮੁੱਖ ਸਾਂਝੇ ਲੱਛਣ ਬਿਆਨ ਕਰੋ। (ਅਪਰੈਲ 2014)
28. ਮੱਧਕਾਲੀ ਸਾਹਿਤ ਤੇ ਆਧੁਨਿਕ ਸਾਹਿਤ ਦੇ ਕਿਸੇ ਦੋ ਪੱਖਾਂ ਦੀ ਤੁਲਨਾ ਦੇ ਅਧਾਰ ਦੀ

ਨਿਸ਼ਾਨਦੇਹੀ ਕਰੋ। (ਅਪਰੈਲ 2010)

29. ਮੱਧ-ਕਾਲ ਦੇ ਮਿਰਜ਼ਾ ਸਾਹਿਬਾਂ ਦੇ ਕਿੱਸਿਆਂ/ਕਿੱਸਾਕਾਰਾਂ ਉੱਤੇ ਸੰਖੇਪ ਨੋਟ ਲਿਖੋ। (ਅਪਰੈਲ 2015)
30. ਮੱਧਕਾਲੀ ਜਨਮਸਾਖੀ ਪਰੰਪਰਾ ਦੀਆਂ ਪ੍ਰਮੁੱਖ ਜਨਮਸਾਖੀਆਂ ਦੇ ਨਾਂ ਦੱਸੋ। (ਅਪਰੈਲ 2015)
31. ਗੁਰੂ ਗ੍ਰੰਥ ਸਾਹਿਬ ਵਿਚ ਕਿਹੜੇ-ਕਿਹੜੇ ਗੁਰੂ ਸਾਹਿਬ ਦੀ ਬਾਣੀ ਦਰਜ ਹੈ? ਇਤਿਹਾਸਕ ਕ੍ਰਮ ਵਿਚ ਲਿਖੋ। (ਅਪਰੈਲ 2015)
32. ਮੱਧ-ਕਾਲੀ ਪੰਜਾਬੀ ਸਾਹਿਤ ਦੇ ਸਾਂਝੇ ਲੱਛਣਾਂ ਉਤੇ ਸੰਖੇਪ ਨੋਟ ਲਿਖੋ। (ਅਪਰੈਲ 2015)
33. ਬਾਰਾਂਮਾਹ ਕਿਸ ਸੰਸਕ੍ਰਿਤ ਕਾਵਿ ਰੂਪ ਦਾ ਵਿਕਸਿਤ ਰੂਪ ਹੈ? (ਮਈ 2016)
34. ਸਾਖੀ ਅਤੇ ਪਰਚੀ ਵਿਚ ਅੰਤਰ ਕਰੋ। (ਮਈ 2016)
35. ਵਰਣਮਾਲਾ ਨੂੰ ਆਧਾਰ ਬਣਾ ਕੇ ਰਚੀਆਂ ਜਾਂਦੀਆਂ ਕਾਵਿ-ਰਚਨਾਵਾਂ ਵਿਚੋਂ ਕੋਈ ਦੋ ਦੇ ਨਾਂ ਲਿਖੋ। (ਮਈ 2016)
36. ਸਹਿਤੀ ਤੇ ਮੁਰਾਦ ਕਿਸ ਕਾਵਿ ਧਾਰਾ ਦੇ ਹਨ ਅਤੇ ਉਸ ਧਾਰਾ ਦੇ ਮੁੱਖ ਪਾਤਰਾਂ ਨਾਲ ਇਨ੍ਹਾਂ ਦਾ ਕੀ ਰਿਸ਼ਤਾ ਹੈ? (ਮਈ 2016)
37. 'ਹੀਰ ਦਮੋਦਰ' ਕਿਸ ਛੰਦ ਵਿਚ ਲਿਖੀ ਗਈ ਹੈ ਅਤੇ ਇਸ ਵਿਚ ਪੰਜਾਬੀ ਦੀ ਕਿਹੜੀ ਉਪ-ਭਾਸ਼ਾ ਵਰਤੀ ਗਈ ਹੈ? (ਮਈ 2016)
38. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਯੋਜਨਾ ਬਾਰੇ ਲਿਖੋ। (ਮਈ 2016)
39. ਮੱਧਕਾਲੀ ਪੰਜਾਬੀ ਸਾਹਿਤ ਤੋਂ ਉਜਾਗਰ ਹੁੰਦੀ ਤਤਕਾਲੀਨ ਪੰਜਾਬ ਦੀ ਰਾਜਸੀ ਸਥਿਤੀ ਉੱਤੇ ਸੰਖੇਪ ਟਿੱਪਣੀ ਕਰੋ। (ਮਈ 2016)
40. ਮੱਧਕਾਲੀ ਪੰਜਾਬੀ ਸਾਹਿਤ ਦੇ ਪ੍ਰਮੁੱਖ ਝੁਕਾਵਾਂ ਉੱਤੇ ਸੰਖੇਪ ਨੋਟ ਲਿਖੋ। (ਮਈ 2016)
41. ਮੱਧਕਾਲੀ ਪੰਜਾਬੀ ਸਾਹਿਤ ਦੇ ਸਮੁੱਚੇ ਯੋਗਦਾਨ ਦਾ ਸਾਰ-ਅੰਸ਼ ਦਿਓ। (ਮਈ 2016)
42. ਮੱਧਕਾਲੀ ਪੰਜਾਬੀ ਵਾਰਤਕ ਦੀ ਭਾਸ਼ਾ ਦੇ ਪ੍ਰਮੁੱਖ ਲੱਛਣ ਸੰਖੇਪ ਵਿਚ ਦੱਸੋ। (ਮਈ 2016)
43. ਪੰਜਾਬੀ ਸੂਫ਼ੀ ਕਾਵਿ ਦੀਆਂ ਮੂਲ ਰੂੜੀਆਂ ਉੱਤੇ ਸੰਖੇਪ ਟਿੱਪਣੀ ਕਰੋ। (ਮਈ 2016)
44. ਰੁਮਾਂਸ ਅਤੇ ਇਸ਼ਕ ਦੇ ਕਿੱਸਿਆਂ ਵਿਚ ਅੰਤਰ ਸਪਸ਼ਟ ਕਰੋ। (ਮਈ 2016)
45. 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਗੁਰੂ ਸਾਹਿਬਾਨ ਤੋਂ ਇਲਾਵਾ ਕਿੰਨੇ ਭਗਤਾਂ ਤੇ ਭੱਟਾਂ ਦੀ ਬਾਣੀ ਦਰਜ ਹੈ ਅਤੇ ਇਸ ਗ੍ਰੰਥ ਦੀ ਬਾਣੀ ਕੁੱਲ ਕਿੰਨੇ ਰਾਗਾਂ ਵਿਚ ਉਚਾਰੀ ਗਈ ਹੈ? (ਮਈ 2016)
46. 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਇਤਿਹਾਸਕ ਮਹੱਤਵ ਉਤੇ ਸੰਖੇਪ ਟਿੱਪਣੀ ਕਰੋ। (ਮਈ 2016)
47. ਚਾਰ ਪ੍ਰਸਿੱਧ ਜਨਮਸਾਖੀਆਂ ਦੇ ਨਾਂ ਲਿਖੋ। (ਦਸੰਬਰ 2017)
48. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਲ ਕਿੰਨੇ ਰਾਗ ਹਨ ਅਤੇ ਕਿਸ ਰਾਗ ਵਿਚਲੀ ਵਾਰ ਨਾਲ ਸਲੋਕ ਨਹੀਂ ਹਨ? (ਦਸੰਬਰ 2017)
49. ਸੋਹਣੀ ਮਹੀਂਵਾਲ ਦਾ ਕਿੱਸਾ ਲਿਖਣ ਵਾਲੇ ਦੋ ਕਿੱਸਾਕਾਰਾਂ ਦੇ ਨਾਂ ਲਿਖੋ। (ਦਸੰਬਰ 2017)
50. 'ਚੰਡੀ ਦੀ ਵਾਰ' ਦੀ ਮੂਲ ਕਥਾ ਕਿਸ ਪੁਰਾਣੇ ਗ੍ਰੰਥ ਵਿਚੋਂ ਲਈ ਗਈ ਹੈ?(ਦਸੰਬਰ 2017)
51. ਪਰਚੀ ਸਾਹਿਤ 'ਤੇ ਸੰਖੇਪ ਨੋਟ ਲਿਖੋ। (ਦਸੰਬਰ 2017)

52. ਸ਼ਾਹ ਹੁਸੈਨ ਨੂੰ ਪੰਜਾਬ ਦਾ ਕਬੀਰ ਵੀ ਕਹਿ ਲਿਆ ਜਾਂਦਾ ਹੈ। ਕਿਉਂ? (ਦਸੰਬਰ 2017)
53. ਚਾਰ ਪੰਜਾਬੀ ਜੰਗਨਾਮਿਆਂ ਦੇ ਨਾਂ ਕਾਲ-ਕ੍ਰਮ ਵਿਚ ਲਿਖੋ। (ਦਸੰਬਰ 2017)
54. ਵਾਰ ਅਤੇ ਜੰਗਨਾਮੇ ਵਿਚਕਾਰ ਦੋ ਵੱਡੇ ਅੰਤਰ ਦੱਸੋ। (ਦਸੰਬਰ 2017)
55. ਮੱਧਕਾਲ ਦੇ ਦੋ ਕਿੱਸਾਕਾਰਾਂ ਦੇ ਨਾਂ ਲਿਖੋ। ਅਤੇ ਨਾਲ ਹੀ ਉਨ੍ਹਾਂ ਕਿੱਸਿਆਂ ਦੇ ਨਾਂ ਲਿਖੋ ਜਿਨ੍ਹਾਂ ਕਰਕੇ ਉਹ ਪ੍ਰਸਿੱਧ ਹੋਏ। (ਦਸੰਬਰ 2017)
56. ਅੰਗਰੇਜ਼ਾਂ ਅਤੇ ਸਿੱਖਾਂ ਦਰਮਿਆਨ ਲੜੀਆਂ ਗਈਆਂ ਜੰਗਾਂ ਬਾਰੇ ਲਿਖੇ ਦੋ ਜੰਗਨਾਮਿਆਂ ਅਤੇ ਉਨ੍ਹਾਂ ਦੇ ਲੇਖਕਾਂ ਦੇ ਨਾਂ ਲਿਖੋ। (ਦਸੰਬਰ 2017)
57. ਪੰਜਾਬੀ ਕਿੱਸਾ ਕਾਵਿ ਵਿਚ ਦੁਖਾਂਤ ਦਾ ਪ੍ਰਵੇਸ਼ ਕਿਸ ਪ੍ਰਭਾਵ ਦਾ ਸਿੱਧ ਹੈ ਅਤੇ ਦੁਖਾਂਤ ਉਪਜਣ ਦੇ ਦੋ ਵੱਡੇ ਕਾਰਨ ਦੱਸੋ। (ਦਸੰਬਰ 2017)
58. ਹਮਦ ਅਤੇ ਨਾਅਤ ਵਿਚ ਫ਼ਰਕ ਦੱਸੋ। (ਦਸੰਬਰ 2017)

## ਚੋਣਵੀਂ ਪੁਸਤਕਾਵਲੀ


1. ਡਾ. ਰਤਨ ਸਿੰਘ ਜੱਗੀ, *ਪੰਜਾਬੀ ਸਾਹਿੱਤ ਦਾ ਸਰੋਤਮੂਲਕ ਇਤਿਹਾਸ,* ਭਾਗ ਪਹਿਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.
2. ਡਾ. ਜਗਬੀਰ ਸਿੰਘ, *ਪੰਜਾਬੀ ਸਾਹਿੱਤ ਦਾ ਇਤਿਹਾਸ* : ਆਦਿ ਕਾਲ-ਭਗਤੀ ਕਾਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1993
3. ਡਾ. ਜੀਤ ਸਿੰਘ ਸੀਤਲ, *ਪੰਜਾਬ ਸਾਹਿੱਤ ਦਾ ਆਲੋਚਨਾਤਮਕ ਇਤਿਹਾਸ,* ਪੈਪਸੂ ਬੁੱਕ ਡਿਪੋ, ਪਟਿਆਲਾ, 1973.
4. ਪ੍ਰੋ. ਕਿਰਪਾਲ ਸਿੰਘ ਕਸੇਲ ਤੇ ਹੋਰ, *ਪੰਜਾਬ ਸਾਹਿੱਤ ਦੀ ਉਤਪਤੀ ਤੇ ਵਿਕਾਸ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2000.
5. ਪ੍ਰੋ. ਬ੍ਰਹਮਜਗਦੀਸ਼ ਸਿੰਘ, ਪ੍ਰੋ. ਰਾਜਬੀਰ ਕੌਰ, *ਪੰਜਾਬੀ ਸਾਹਿੱਤ ਦਾ ਇਤਿਹਾਸ,* ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2007.


---


Type Setting :
Department of Distance Education, Punjabi University, Patiala.